# ਵਾਰੀ ਆਪੋ ਆਪਣੀ





## ਭਾਈ ਪਿੰਦਰਪਾਲ ਸਿੰਘ ਜੀ

### ਦੇ ਚੋਣਵੇਂ ਲੈਕਚਰ

Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

# ਵਾਰੀ ਆਪੋ ਆਪਣੀ

ਭਾਈ ਪਿੰਦਰਪਾਲ ਸਿੰਘ ਜੀ

ਦੇ

ਚੋਣਵੇਂ ਲੈਕਚਰ

*ਸੰਪਾਦਕ-*

*ਭਾਈ ਪਰਮਜੀਤ ਸਿੰਘ ਖਾਲਸਾ*

*ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ (ਮਹਿਤਾ)*

ਪ੍ਰਕਾਸ਼ਕ :-

An ISO 9001:2008 Certified Publishing House
No. 101809-A01

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

© ਪ੍ਰਕਾਸ਼ਕ

ISBN : 978-93-82289-33-3

*ਨਵੀਂ ਐਡੀਸ਼ਨ- ਅਗਸਤ 2012*

*ਭੇਟਾ : 100-00*

www.archive.org/details/namdhari

*ਪ੍ਰਕਾਸ਼ਕ:-*

**ਭਾ: ਚਤਰ ਸਿੰਘ ਜੀਵਨ ਸਿੰਘ**

*ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)*

*ਫੋਨ : 91-183-2542346, 2547974, 5011003*

*ਫੈਕਸ : 91-183-5017488*

E.Mail : csjssales@hotmail.com
csjspurchase@yahoo.com
csjsexport@gmail.com

Web site : www.csjs.com

(Printed and bounded in India)

*ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 0183-2705003, 5095774*

www.archive.org/details/namdhari

# ਤਤਕਰਾ


| | |
|---|---|
| ਵਾਰੀ ਆਪੋ ਆਪਣੀ | 5 |
| ਤੂ ਲੋੜਹਿ ਅੰਗਿਆਰੁ | 14 |
| ਇਕਿ ਦਾਤੇ ਇਕਿ ਭੇਖਾਰੀ ਜੀ | 23 |
| ਜਾਇ ਸੁਤੇ ਜੀਰਾਣੁ | 32 |
| ਕੂੜਾ ਸਉਦਾ ਕਰਿ ਗਏ | 41 |
| ਮੰਦੇ ਅਮਲ ਕਰੇਦਿਆ | 51 |
| ਬਾਹਰਿ ਦਿਸੈ ਚਾਨਣਾ | 61 |
| ਇਹੁ ਤਨੁ ਸਭੋ ਰਤੁ ਹੈ | 70 |
| ਅਜੈ ਸੁ ਰਬੁ ਨ ਬਾਹੁੜਿਓ | 79 |
| ਆਖੀਂ ਸੇਖਾ ਬੰਦਗੀ | 88 |


☆☆☆

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਵਾਰੀ ਆਪੋ ਆਪਣੀ

ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ॥
ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ॥
ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ॥
ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ॥

(ਅੰਗ ੧੩੮੦)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਸਾਹਿਬ ਕਹਿੰਦੇ ਹਨ, ਜਦੋਂ ਵੀ ਕੋਈ ਤਨ ਉੱਤੇ ਪਾਉਣ ਲਈ ਵਸਤਰ ਖ਼ਰੀਦਣ ਜਾਂਦਾ ਹੈ ਤਾਂ ਦੁਕਾਨ 'ਤੇ ਜਾ ਕੇ ਜਦੋਂ ਉਹ ਕੱਪੜਾ ਖ਼ਰੀਦਦਾ ਹੈ ਤਾਂ ਭਾਵੇਂ ਕੱਪੜੇ ਬਾਰੇ ਕੋਈ ਉਸ ਨੂੰ ਜਾਣਕਾਰੀ ਨਹੀਂ ਹੁੰਦੀ, ਪਰ ਕੱਪੜਿਆਂ ਨੂੰ ਹੱਥ ਵਿਚ ਫੜਨ ਸਾਰ ਉਹ ਕੱਪੜੇ ਵੇਚਣ ਵਾਲੇ ਨੂੰ ਪ੍ਰਸ਼ਨ ਕਰਦਾ ਹੈ ਕਿ ਕੀ ਇਸ ਕੱਪੜੇ ਦੀ ਕੋਈ ਮਿਆਦ ਹੈ ? ਇਹ ਕਿੰਨੀ ਕੁ ਦੇਰ ਕੱਪੜਾ ਹੰਢ ਸਕਦਾ ਹੈ ? ਫਿਰ ਨਾਲ ਇਹ ਵੀ ਪੁੱਛਦਾ ਹੈ ਕਿ ਇਸ ਕੱਪੜੇ ਦੀਆਂ ਤੰਦਾਂ ਤਾਂ ਨਹੀਂ ਬਾਹਰ ਨਿਕਲ ਜਾਣਗੀਆਂ ? ਹਾਲਾਂਕਿ ਉਸ ਨੂੰ ਕੱਪੜੇ ਬਾਰੇ ਕੁਝ ਨਹੀਂ ਪਤਾ, ਪਰ ਉਸ ਦੇ ਦਿਮਾਗ਼ ਵਿਚ ਇਕ ਗੱਲ ਬੈਠੀ ਹੁੰਦੀ ਹੈ ਕਿ ਜਿਹੜਾ ਮੈਂ ਆਪਣੇ ਤਨ ਉੱਪਰ ਕੱਪੜਾ ਹੰਢਾਣਾ ਹੈ, ਘੱਟੋ-ਘੱਟ ਉਸ ਨੂੰ ਖ਼ਰੀਦਣ ਤੋਂ ਪਹਿਲਾਂ ਉਸ ਦੀ ਗਰੰਟੀ ਜਾਂ ਉਸ ਦੀ ਮਿਆਦ ਤਾਂ ਪੁੱਛ ਲਵਾਂ। ਵੇਚਣ ਵਾਲਾ ਵੀ ਕਹਿੰਦਾ ਹੈ ਕਿ ਇੰਨੇ ਸਮੇਂ ਤੱਕ ਕੱਪੜੇ ਦੀ ਮਿਆਦ ਹੈ। ਜੇਕਰ ਕੱਪੜਾ ਖ਼ਰਾਬ ਹੋ ਗਿਆ ਤਾਂ ਇਸ ਨੂੰ ਮੈਂ ਵਾਪਿਸ ਲੈ ਲਵਾਂਗਾ। ਜਦੋਂ ਦਰਜ਼ੀ ਦੇ ਕੋਲ ਗਿਆ ਤਾਂ ਉਸ ਨੂੰ ਮਾਪ ਦੇਣ ਲੱਗੇ ਪੁੱਛਦਾ ਹੈ ਕਿ ਜਿਸ ਧਾਗੇ ਨਾਲ ਤੂੰ ਸੀਣ ਲੱਗਾ ਹੈਂ, ਉਸ ਧਾਗੇ ਦੀ ਕੀ ਮਿਆਦ ਹੈ ? ਕੱਪੜੇ ਸੀਣ ਵਾਲਾ ਆਪਣੇ ਕੋਲੋਂ ਧਾਗੇ ਦੀ ਵੀ ਮਿਆਦ ਦੇ ਦਿੰਦਾ ਹੈ।

ਇਨਸਾਨ ਨੇ ਕੱਪੜੇ ਵਾਲੇ ਕੋਲੋਂ ਉਸ ਦੀ ਮਿਆਦ ਪੁੱਛ ਲਈ। ਸੀਣ ਵਾਲੇ ਕੋਲੋਂ



Sri Satguru Jagjit Singh Ji eLibrary NamdhariElibrary@gmail.com

ਉਸ ਦੇ ਧਾਗੇ ਦੀ ਗਰੰਟੀ ਪੁੱਛ ਲਈ, ਪਰ ਬਾਬਾ ਫ਼ਰੀਦ ਜੀ ਕਹਿੰਦੇ ਹਨ ਕਿ ਕੱਪੜੇ ਤੇ ਧਾਗੇ ਦੀ ਮਿਆਦ ਪੁੱਛਣ ਵਾਲਿਆ ! ਕਦੀ ਤੂੰ ਦੁਕਾਨ ਤੋਂ ਥੱਲੇ ਉਤਰ ਕੇ ਆਪਣੀ ਜ਼ਮੀਨ ਕੋਲੋਂ ਪੁੱਛ ਕਿ ਜਿੰਨੀ ਦੇਰ ਤੱਕ ਕੱਪੜਾ ਸੀਂਅ ਕੇ ਤੇਰੇ ਘਰ ਆਉਣਾ ਹੈ, ਕੀ ਤੇਰੀ ਮਿਆਦ ਹੈ ਕਿ ਇਸ ਕੱਪੜੇ ਨੂੰ ਪਾਉਣ ਤੱਕ ਤੇਰੇ ਸਰੀਰ ਦੇ ਕੱਪੜੇ ਨੇ ਰਹਿਣਾ ਹੈ ਕਿ ਨਹੀਂ ? ਜਿਸ ਤਨ ਨੇ ਕੱਪੜੇ ਨਾਲ ਢੱਕਣਾ ਹੈ, ਉਸ ਦੀ ਮਿਆਦ ਕਿੰਨੀ ਹੈ ? ਸਾਹਿਬ ਕਹਿੰਦੇ ਹਨ, ਉਹ ਇਨਸਾਨ ਸਰੀਰ 'ਤੇ ਕੱਪੜੇ ਪਾਏ ਹੋਏ ਪਾਟ ਜਾਣ, ਉਨ੍ਹਾਂ ਨੂੰ ਘਰ ਵਿਚ ਪਿਆ ਹੋਇਆ ਧਾਗਾ ਪਾਟਿਆਂ ਨੂੰ ਟਾਂਕੇ ਲਗਾ ਕੇ ਸੀਅ ਦਿੰਦਾ ਹੈ, ਪਰ ਜਿਸ ਸਰੀਰ ਵਿਚੋਂ ਇਕ ਵਾਰੀ ਜਿੰਦ ਨਿਕਲ ਜਾਵੇ, ਕੋਈ ਦੁਨੀਆਂ ਦਾ ਧਾਗਾ ਨਹੀਂ ਕਿ ਇਸ ਨਿਕਲੀ ਹੋਈ ਜਿੰਦ ਨੂੰ ਸਰੀਰ ਵਿਚ ਪਰੋ ਸਕੇ। ਸਾਹਿਬ ਕਹਿੰਦੇ ਹਨ ਕਿ ਆਪਣੀ-ਆਪਣੀ ਵਾਰੀ 'ਤੇ ਸਾਰੇ ਕੂਚ ਕਰੀ ਜਾ ਰਹੇ ਹਨ। ਸਾਹਿਬ ਕਹਿੰਦੇ ਹਨ :

**ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ॥**
**ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ॥**

ਵਾਰੀ ਦਾ ਅਰਥ ਹੈ ਉਮਰ ਦਾ ਤਕਾਜ਼ਾ ਨਹੀਂ। ਇਸ ਭੁਲੇਖੇ ਵਿਚ ਨਾ ਰਹਿਣਾ ਕਿ ਪਹਿਲਾਂ ਘਰ ਦਾ ਬਜ਼ੁਰਗ ਬਾਬਾ ਜਾਵੇਗਾ, ਉਸ ਤੋਂ ਬਾਅਦ ਦੂਜਾ ਬਜ਼ੁਰਗ ਹੋਵੇਗਾ, ਉਹ ਜਾਵੇਗਾ। ਫਿਰ ਤੀਜਾ ਬਜ਼ੁਰਗ ਹੋਵੇਗਾ, ਉਹ ਜਾਵੇਗਾ। ਵਾਰੀ ਦਾ ਅਰਥ ਹੈ ਉਮਰ ਕਰਕੇ ਸਭ ਤੋਂ ਵੱਡੇ ਨੇ ਪਹਿਲਾਂ ਨਹੀਂ ਜਾਣਾ। ਵਾਰੀ ਦਾ ਅਰਥ ਹੈ, ਜਿਸ ਦਾ ਸਮਾਂ ਮੁਕੱਰਰ ਹੋ ਗਿਆ। ਭਾਵੇਂ ਦਾਦਾ ਜਿਉਂਦਾ ਹੋਵੇ, ਹੋ ਸਕਦਾ ਹੈ ਪੋਤਾ ਪਹਿਲਾਂ ਹੀ ਕੂਚ ਕਰ ਜਾਵੇ। ਵਾਰੀ ਦਾ ਅਰਥ ਹੈ ਜਦੋਂ ਸੱਦਾ ਆ ਗਿਆ ਤੇ ਜਿਸ ਬੰਦੇ ਨੂੰ ਸੱਦਾ ਆ ਗਿਆ, ਉਸ ਦੀ ਥਾਂ 'ਤੇ ਹੋਰ ਕੋਈ ਨਹੀਂ ਗਿਆ, ਆਪਣੀ ਥਾਂ 'ਤੇ ਕੇਵਲ ਆਪ ਮਰਨਾ ਪੈਂਦਾ ਹੈ। ਸਾਹਿਬ ਕਹਿੰਦੇ ਹਨ :

**ਜੋ ਆਇਆ ਸੋ ਚਲਸੀ ਸਭੁ ਕੋ ਆਈ ਵਾਰੀਐ॥**

(ਆਸਾ ਦੀ ਵਾਰ)

ਇਕੱਲੇ ਇਕ ਦੀ ਵਾਰੀ ਨਹੀਂ, ਸਾਡੀ ਸਾਰਿਆਂ ਦੀ ਵਾਰੀ ਆਉਣੀ ਹੈ। ਹਰ ਇਕ ਦੀ ਵਾਰੀ ਆਉਣੀ ਹੈ :

**ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ॥**

ਸਾਹਿਬ ਕਹਿੰਦੇ ਹਨ, ਜਿਸ ਰੱਬ ਨੇ ਤੈਨੂੰ ਦੁਨੀਆਂ ਵਿਚ ਜਿਊਣ ਲਈ ਪ੍ਰਾਣ ਦਿੱਤੇ ਹਨ, ਉਸ ਨੂੰ ਕਿਉਂ ਭੁਲਾਈ ਬੈਠਾ ਹੈਂ। ਮਰਨ ਤੋਂ ਬਾਅਦ ਨਾ ਕਹੀਂ ਕਿ ਮੈਂ ਮਰ ਗਿਆ ਤੇ ਫਲਾਣੇ ਤੋਂ ਕੀਰਤਨ ਕਰਾਇਓ।

**ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥**

(ਆਸਾ ਦੀ ਵਾਰ)



Sri Satguru Jagjit Singh Ji eLibrary NamdhariElibrary@gmail.com

ਕਿਉਂ ਨਹੀਂ ਆਪਣੇ ਜਿਉਂਦੇ ਜੀਅ ਆਪਣੀ ਜ਼ਿੰਦਗੀ ਦੀ ਇਸ ਬਾਜ਼ੀ ਨੂੰ ਜਿੱਤਣ ਦਾ ਯਤਨ ਕਰਦਾ ਹੈ ?

ਸਾਹਿਬ ਕਹਿੰਦੇ ਹਨ, ਕਈ ਸੱਜਣ ਕਹਿੰਦੇ ਹਨ ਕਿ ਮੌਤ ਤਾਂ ਆਉਣ ਵਾਲੇ ਭਵਿੱਖ ਦਾ ਨਾਂ ਹੈ। ਇਸ ਭੁਲੇਖੇ ਵਿਚ ਨਾ ਰਹਿਣਾ, ਮੌਤ ਭਵਿੱਖ ਦਾ ਨਾਂ ਨਹੀਂ, ਮੌਤ ਵਰਤਮਾਨ ਦਾ ਨਾਮ ਹੈ। ਸਾਹਿਬ ਕਹਿੰਦੇ ਹਨ, ਜਨਮ ਮੌਤ ਦਾ ਪਹਿਲਾ ਸਿਰਾ ਹੈ ਤੇ ਮੌਤ ਅਖ਼ੀਰਲਾ ਸਿਰਾ ਹੈ।

ਸਾਹਿਬ ਕਹਿੰਦੇ ਹਨ, ਮੌਤ 70 ਸਾਲ ਬਾਅਦ ਦਾ ਨਾਮ ਨਹੀਂ, ਮੌਤ ਤਾਂ ਉਸ ਦਿਨ ਦਾ ਨਾਮ ਸੀ, ਜਿਸ ਦਿਨ ਤੂੰ ਮਾਂ ਦੀ ਕੁੱਖ 'ਚੋਂ ਨਿਕਲ ਕੇ ਪਹਿਲਾ ਸੁਆਸ ਲਿਆ ਸੀ, ਉਸ ਦਿਨ ਤੇਰੀ ਪਹਿਲੀ ਮੌਤ ਸ਼ੁਰੂ ਹੋਈ। ਅਸੀਂ ਕਹਿੰਦੇ ਹਾਂ ਕਿ ਇਕ ਸੁਆਸ ਬਾਹਰ ਗਿਆ ਤਾਂ ਪਰਤ ਕੇ ਸੁਆਸ ਅੰਦਰ ਆਉਂਦਾ ਹੈ, ਪਰ ਗੁਰਮੁਖੋ ! ਬਾਹਰ ਗਏ ਹੋਏ ਸੁਆਸ ਕਦੀ ਵਾਪਸ ਨਹੀਂ ਆਏ। ਦੂਬਾਰਾ ਦੂਸਰੇ ਸੁਆਸ ਆ ਸਕਦੇ ਹਨ, ਪਰ ਜਿਹੜਾ ਸੁਆਸ ਇਕ ਵਾਰੀ ਬਾਹਰ ਗਿਆ, ਉਸ ਦੀ ਮੌਤ ਹੋ ਚੁੱਕੀ ਹੈ। ਗਿਆ ਹੋਇਆ ਸੁਆਸ ਤੇ ਨਿਕਲਿਆ ਹੋਇਆ ਸਮਾਂ ਕਦੀ ਵਾਪਿਸ ਨਹੀਂ ਆਉਂਦਾ, ਕਿਉਂਕਿ ਹਰ ਸੁਆਸ ਦੀ ਮੌਤ ਹੁੰਦੀ ਹੈ ਤੇ ਹਰ ਨਿਮਖ-ਨਿਮਖ ਸਾਡੇ ਸਮੇਂ ਦੀ ਮੌਤ ਹੁੰਦੀ ਹੈ। ਜਦੋਂ ਸੁਆਸ ਸਾਡਾ ਬਾਹਰ ਨਿਕਲਦਾ ਹੈ ਤਾਂ ਅਸਲ ਵਿਚ ਇਹ ਮੌਤ ਦੀ ਚਿਤਾਵਨੀ ਹੈ ਕਿ ਇਹ ਮਰਦਾ ਪਿਆ ਹੈ ਤੇ ਜਦੋਂ ਸੁਆਸ ਅੰਦਰ ਜਾਂਦਾ ਹੈ ਤਾਂ ਇਹ ਸਾਨੂੰ ਦਿਸ਼ਾ ਦਿੰਦਾ ਹੈ ਕਿ ਚੱਲ ਤੈਨੂੰ ਇਕ ਸਾਹ ਮੈਂ ਹੋਰ ਦੇ ਦਿੱਤਾ।

ਸਾਹਿਬ ਕਹਿੰਦੇ ਹਨ, ਮੰਨ ਲਉ, ਕੋਈ ਪੈਦਲ ਕਿਸੇ ਥਾਂ 'ਤੇ ਜਾਣਾ ਚਾਹੁੰਦਾ ਹੈ। ਉਹ ਅੰਮ੍ਰਿਤਸਰ ਦੀ ਧਰਤੀ 'ਤੇ ਪੈਦਲ ਜਾਣਾ ਚਾਹੁੰਦਾ ਹੈ। ਉਹ ਤੁਰਿਆ ਆਪਣੇ ਘਰ ਤੋਂ। ਉਸ ਦੇ ਘਰ ਤੋਂ ਅੰਮ੍ਰਿਤਸਰ ਦੀ ਧਰਤੀ ਸੌ ਮੀਲ ਹੋਵੇ। ਅਜੇ ਅੰਮ੍ਰਿਤਸਰ ਪਹੁੰਚਿਆ ਨਹੀਂ, ਪਰ ਜਿਹੜਾ ਪਹਿਲਾ ਕਦਮ ਉਸ ਨੇ ਪੁੱਟ ਲਿਆ, ਯਾਦ ਰੱਖੋ, ਸੌ ਮੀਲ ਦਾ ਪਹਿਲਾ ਕਦਮ ਹੀ ਅੰਤਲਾ ਕਦਮ ਹੁੰਦਾ ਹੈ। ਪਹਿਲਾ ਕਦਮ ਪੁੱਟਿਆ ਤਾਂ ਹੀ ਅੰਤਲਾ ਕਦਮ ਆਇਆ। ਜੇ ਪਹਿਲਾ ਕਦਮ ਨਾ ਪੁੱਟਿਆ ਹੁੰਦਾ ਤਾਂ ਅੰਤਲਾ ਕਦਮ ਕਦੀ ਨਹੀਂ ਆਉਣਾ ਸੀ। ਜੇ ਪਹਿਲਾ ਸੁਆਸ ਲਿਆ ਹੈ ਤਾਂ ਹੀ ਜ਼ਿੰਦਗੀ ਦਾ ਅਖ਼ੀਰਲਾ ਸੁਆਸ ਬਣਿਆ। ਇਕ ਕਦਮ ਪੁੱਟਿਆ ਤੇ ਤਾਂ ਹੀ ਉਹ ਉਸ ਨੂੰ ਸੌ ਕਦਮ ਤੱਕ ਪਹੁੰਚਾ ਜਾਂਦਾ ਹੈ, ਪਰ ਜੇ ਬੰਦਾ ਪਹਿਲੇ ਜਿਹੜੇ 99 ਕਦਮ ਹਨ, ਉਨ੍ਹਾਂ ਨੂੰ ਸਵੀਕਾਰ ਹੀ ਨਾ ਕਰੇ ਕਿ ਨਹੀਂ, ਇਹ ਕਦਮ ਤਾਂ ਮੌਤ ਹੈ, ਨਹੀਂ, ਪਿਆਰਿਆ ! ਜਿਹੜੇ 99 ਕਦਮ ਤੂੰ ਪੁੱਟ ਕੇ ਆਇਆ ਹੈਂ, ਸੱਚ ਜਾਣੀਂ, ਸੌਵੇਂ ਕਦਮ 'ਤੇ ਤੇਰੀ ਮੰਜ਼ਿਲ ਸੀ। ਮੌਤ ਤਾਂ ਉਸ ਦਿਨ ਸ਼ੁਰੂ ਹੋ ਗਈ ਜਦੋਂ ਤੂੰ ਪਹਿਲਾ ਕਦਮ ਪੁੱਟਿਆ ਸੀ।



Sri Satguru Jagjit Singh Ji eLibrary NamdhariElibrary@gmail.com

ਸਾਹਿਬ ਕਹਿੰਦੇ ਹਨ, ਤੇਰੀ ਜ਼ਿੰਦਗੀ ਦੇ ਵਰਤਮਾਨ ਵਿਚ ਹਰ ਵੇਲੇ ਮੌਤ ਵਾਪਰਦੀ ਹੈ, ਪਰੰਤੂ ਸਮਝਦਾ ਨਹੀਂ ਕਿ ਤੇਰਾ ਹਰ ਸੁਆਸ ਮੌਤ ਦਾ ਪ੍ਰਤੀਕ ਹੈ। ਸਾਹਿਬ ਕਹਿੰਦੇ ਹਨ ਕਿ ਵਾਰੀ ਸਭ ਦੀ ਆਉਂਦੀ ਪਈ ਹੈ। ਇਕ ਇਕ ਸੁਆਸ ਨਾਲ ਆਦਮੀ ਜਿਹੜਾ ਉਹ ਮੌਤ ਦੇ ਪਾਸੇ ਜਾਂ ਮੌਤ ਉਸ ਦੇ ਨੇੜੇ ਆ ਰਹੀ ਹੈ। ਸਾਹਿਬ ਕਹਿੰਦੇ ਹਨ, ਮੈਂ ਜਿਸ ਤਾਰੂ ਦੀ ਵਿਆਖਿਆ ਕਰਨ ਲੱਗਾ ਹਾਂ, ਉਹ ਭਾਈ ਤਾਰੂ ਸਿੰਘ ਜੀ ਨਹੀਂ, ਇਹ ਉਹ ਭਾਰੀ ਤਾਰੂ ਹਨ, ਜਿਸ ਨੇ ਕਰਤਾਰਪੁਰ ਦੀ ਧਰਤੀ 'ਤੇ ਬਾਬੇ ਨਾਨਕ ਦੇ ਚਰਨਾਂ ਵਿਚੋਂ ਗੁਰਮਤਿ ਦਾ ਉਪਦੇਸ਼ ਲਿਆ।

ਕਰਤਾਰਪੁਰ ਦੀ ਧਰਤੀ 'ਤੇ ਬਾਬੇ ਨਾਨਕ ਜੀ ਨੇ 18 ਸਾਲ ਆਪਣੇ ਹੱਥੀਂ ਹੱਲ ਵਾਹਿਆ। ਕਿੰਨੇ ਉਹ ਬ੍ਰਹਮ ਗਿਆਨੀ ਭਾਗਾਂ ਵਾਲੇ ਸਨ ਜਿਹੜੇ ਕਰਤਾਰਪੁਰ ਖੇਤਾਂ ਵਿਚ ਬਾਬੇ ਨਾਨਕ ਦੇ ਨਾਲ ਕੰਮ ਕਰਦੇ ਸਨ। ਜਦੋਂ ਸ਼ਾਮ ਨੂੰ ਘਰ ਆਉਣਾ ਤਾਂ ਹਜ਼ੂਰ ਮੰਜੀ 'ਤੇ ਬੈਠਦੇ ਸਨ ਅਤੇ ਸਾਰੇ ਸਿੱਖ ਥੱਲੇ ਜ਼ਮੀਨ 'ਤੇ ਬਾਬਾ ਜੀ ਦੇ ਦਰਸ਼ਨ ਕਰਨ ਲਈ ਬੈਠਦੇ ਸਨ। ਧਰਮਸ਼ਾਲਾ ਵਿਚ ਸਾਰਿਆਂ ਨੇ ਸਵੇਰੇ ਜਲਦੀ ਹੀ ਪਹੁੰਚ ਜਾਣਾ ਤੇ ਇਸ ਭਾਈ ਤਾਰੂ ਪੋਪਟ ਨੇ ਆਉਣਾ। ਜਦੋਂ ਕੀਰਤਨ ਹੋਣਾ ਤਾਂ ਇਸ ਨੇ ਗੁਰੂ ਨਾਨਕ ਸਾਹਿਬ ਦੇ ਕੋਲ ਖੜੇ ਰਹਿਣਾ, ਬੈਠਣਾ ਨਾ। ਹੱਥ ਜੁੜੇ ਰਹਿਣੇ ਤੇ ਨੇਤਰ ਬੰਦ ਕਰਕੇ ਇਸ ਬੱਚੇ ਨੇ ਖਲੋਤੇ ਰਹਿਣਾ। ਗੁਰਦੇਵ ਜੀ ਨੇ ਕਿਹਾ ਕਿ ਇਸ ਨੂੰ ਪੁੱਛੋ, ਇਹ ਰੋਜ਼ ਆਉਂਦਾ ਹੈ। ਚਾਹੇ ਸਰਦੀ ਹੋਵੇ, ਹਨੇਰੀ ਹੋਵੇ ਜਾਂ ਮੀਂਹ ਹੋਵੇ, ਇਸ ਨੇ ਨੇਮ ਨਾਲ ਆਉਣਾ ਤੇ ਆ ਕੇ ਸੰਗਤ ਵਿਚ ਖੜਾ ਰਹਿੰਦਾ ਹੈ ਜਾਂ ਸੇਵਾ ਕਰਦਾ ਹੈ। ਇਸ ਨੂੰ ਪੁੱਛੋ ਇਹ ਕੌਣ ਹੈ ? ਕਿਉਂ ਇਸ ਦੇ ਅੰਦਰ ਬਿਰਹਾ ਹੈ ? ਜਦੋਂ ਉਸ ਬੱਚੇ ਨੂੰ ਹਜ਼ੂਰ ਦੇ ਕੋਲ ਬੁਲਾਇਆ ਤਾਂ ਕਹਿਣ ਲੱਗੇ ਕਿ ਤੂੰ ਸਵੇਰੇ ਅੰਮ੍ਰਿਤ ਵੇਲੇ ਹੱਥ ਜੋੜ ਕੇ ਖਲੋ ਜਾਂਦਾ ਹੈਂ। ਨੇਤਰ ਤੇਰੇ ਬੰਦ ਰਹਿੰਦੇ ਹਨ। ਕੀ ਗੱਲ, ਤੈਨੂੰ ਨੀਂਦ ਨਹੀਂ ਆਉਂਦੀ ? ਤੂੰ ਬੇਚੈਨ ਕਿਉਂ ਹੈਂ ? ਕਹਿਣ ਲੱਗਾ, ਬਾਬਾ ਜੀ ! ਜਿਸ ਨੂੰ ਮੌਤ ਸਾਹਮਣੇ ਦਿੱਸਣ ਲੱਗ ਪਵੇ, ਉਸ ਨੂੰ ਨੀਂਦ ਕਿੱਥੇ ਆਉਣੀ ਹੈ ? ਹੱਸ ਕੇ ਬਾਬਾ ਜੀ ਕਹਿਣ ਲੱਗੇ, ਬੇਟਾ ! ਤੇਰੀ ਉਮਰ ਕਿੰਨੀ ਹੈ ? ਕਹਿਣ ਲੱਗਾ, ਮਹਾਰਾਜ ! ਦਸ ਕੁ ਵਰ੍ਹੇ ਦਾ ਹਾਂ। ਬਾਬਾ ਨਾਨਕ ਕਹਿਣ ਲੱਗੇ, ਦਸ ਕੁ ਵਰ੍ਹੇ ਵਿਚ ਤੈਨੂੰ ਮੌਤ ਦਿੱਸਣ ਲੱਗ ਪਈ ? ਕਹਿਣ ਲੱਗਾ, ਬਾਬਾ ਜੀ ! ਬਸ, ਮਾਂ ਨੇ ਚੁਲ੍ਹੇ ਵਿਚ ਅੱਗ ਬਾਲਣ ਲਈ ਕਿਹਾ ਤਾਂ ਉਸ ਚੁਲ੍ਹੇ ਵਿਚ ਅੱਗ ਬਾਲਦੇ ਹੀ ਪਤਾ ਲੱਗ ਗਿਆ ਕਿ ਮੌਤ ਕਦੀ ਵੀ ਆ ਸਕਦੀ ਹੈ। ਵਾਰੀ ਕਦੀ ਵੀ ਆ ਸਕਦੀ ਹੈ। ਪੁੱਛਿਆ ਬੇਟਾ ! ਚੁਲ੍ਹੇ ਵਿਚ ਅੱਗ ਬਾਲਦਾ ਕਿਉਂ ਹੈਂ ? ਕਹਿੰਦਾ ਹੈ, ਮਾਂ ਨੇ ਰੋਟੀ ਪਕਾਉਣੀ ਸੀ ਤੇ ਮੈਨੂੰ ਆਵਾਜ਼ ਦੇ ਕੇ ਕਿਹਾ ਸੀ ਕਿ ਤਾਰੂ, ਮੈਂ ਅੰਦਰ ਆਟਾ ਗੁੰਨ੍ਹਣ ਲੱਗੀ ਹਾਂ, ਤੂੰ ਇੰਨੀ ਦੇਰ ਤੱਕ ਚੁਲ੍ਹੇ ਵਿਚ ਲੱਕੜਾਂ ਪਾ ਕੇ ਅੱਗ ਬਾਲ ਦੇ। ਬਾਬਾ ਜੀ ! ਮੈਂ ਟਾਹਣੇ ਲਿਆਂਦੇ, ਚੁਲ੍ਹੇ ਵਿਚ ਰੱਖ ਕੇ ਜਦੋਂ ਅੱਗ ਬਾਲਣ ਦਾ ਯਤਨ ਕਰਾਂ,

ਪਰ ਅੱਗ ਬਲੇ ਨਾ। ਟਾਹਣਿਆਂ ਨੂੰ ਅੱਗ ਨਾ ਲੱਗੇ ਤੇ ਮਾਈ ਆਟਾ ਗੁੰਨ੍ਹ ਕੇ ਬਾਹਰ ਆਈ। ਹੱਥ ਧੋ ਕੇ ਕਹਿਣ ਲੱਗੀ ਕਿ ਇੰਨੀ ਦੇਰ ਹੋ ਗਈ ਹੈ ਅਜੇ ਤੱਕ ਅੱਗ ਲੱਗੀ ਨਹੀਂ। ਮੈਂ ਕਿਹਾ, ਮਾਈ ! ਮੈਂ ਟਾਹਣੇ ਰੱਖ ਕੇ ਫੂਕਾਂ ਮਾਰ ਕੇ ਅੱਗ ਬਾਲਦਾ ਹਾਂ, ਪਰ ਅੱਗ ਬਲਦੀ ਨਹੀਂ ਪਈ। ਅੱਗੋਂ ਮਾਈ ਕਹਿਣ ਲੱਗੀ, ਪੁੱਤਰ ! ਵੱਡਿਆਂ ਟਾਹਣਿਆਂ ਨੂੰ ਅੱਗ ਪਹਿਲਾਂ ਨਹੀਂ ਲੱਗਦੀ। ਪਹਿਲਾਂ ਉੱਪਰ ਵਾਲੀਆਂ ਟਾਹਣੀਆਂ, ਸ਼ਾਖ਼ਾਵਾਂ ਤੇ ਪੱਤੇ ਤੋੜ ਕੇ ਲਿਆ। ਉਨ੍ਹਾਂ ਨੂੰ ਚੁਲ੍ਹੇ ਵਿਚ ਰੱਖ ਕੇ ਅੱਗ ਬਾਲ ਤੇ ਬਾਅਦ ਵਿਚ ਟਾਹਣੇ ਨੂੰ ਅੱਗ ਲੱਗੇਗੀ। ਕਹਿੰਦਾ ਹੈ, ਬਸ ਚੁਲ੍ਹੇ ਦੀ ਅੱਗ ਕੀ ਬਾਲਣੀ ਸੀ ਕਿ ਬਾਬਾ ਜੀ ! ਉਸ ਦਿਨ ਮਨ ਨੂੰ ਇਕ ਸੋਝੀ ਆ ਗਈ ਕਿ ਸ਼ਾਖ਼ਾਵਾਂ ਤਾਂ ਟਾਹਣੇ ਤੋਂ ਬਾਅਦ ਆਈਆਂ ਨੇ, ਫੁੱਲ ਤਾਂ ਬਾਅਦ ਵਿਚ ਆਏ ਨੇ, ਪੱਤੇ ਤਾਂ ਰੁੱਖ ਉੱਤੇ ਬਾਅਦ ਵਿਚ ਆਏ ਨੇ ਤੇ ਜੇ ਪਹਿਲਾਂ ਪੈਦਾ ਹੋਏ ਟਾਹਣ ਨੂੰ ਅੱਗ ਨਹੀਂ ਲੱਗਦੀ, ਨਿੱਕੀਆਂ-ਨਿੱਕੀਆਂ ਕਰੂੰਬਲਾਂ ਨੂੰ, ਟਾਹਣੀਆਂ ਨੂੰ ਪਹਿਲਾਂ ਅੱਗ ਲੱਗਦੀ ਹੈ ਤਾਂ ਮਨ ਵਿੱਚੋਂ ਆਵਾਜ਼ ਆ ਗਈ ਕਿ ਮਨਾਂ ! ਜੇ ਨਿੱਕੀਆਂ ਟਾਹਣੀਆਂ, ਨਿੱਕੇ ਤੀਲੇ ਪਹਿਲਾਂ ਫੂਕੇ ਜਾਂਦੇ ਹਨ, ਵੱਡਿਆਂ ਨੂੰ ਬਾਅਦ ਵਿਚ ਫੂਕਿਆ ਜਾਂਦਾ ਹੈ ਤਾਂ ਕਿਸ ਦਾ ਮਾਣ ਕਰਦਾ ਹੈਂ। ਹੋ ਸਕਦਾ ਹੈ ਜਨਮ ਦੇਣ ਵਾਲੇ ਦੁਨੀਆਂ ਵਿੱਚੋਂ ਬਾਅਦ ਵਿਚ ਕੂਚ ਕਰਨ ਤੇ ਤੈਨੂੰ ਪਹਿਲਾਂ ਕੂਚ ਕਰਨਾ ਪੈ ਜਾਵੇ। ਬਸ, ਇਕ ਗੱਲ ਦੀ ਸਮਝ ਪੈ ਗਈ ਕਿ ਵਾਰੀ ਦਾ ਕੁਝ ਪਤਾ ਨਹੀਂ ਕਿ ਟਾਹਣ ਬਣਨ ਤੋਂ ਪਹਿਲਾਂ-ਪਹਿਲਾਂ ਤੀਲੇ ਦੇ ਰੂਪ ਵਿਚ ਪਹਿਲਾਂ ਅੱਗ ਮੈਨੂੰ ਲੱਗ ਜਾਏ। ਬਸ, ਬਾਬਾ ਜੀ ! ਉਸ ਦਿਨ ਤੋਂ ਬਾਅਦ ਤੇਰੀ ਸੰਗਤ ਵਿਚ ਬੈਠਦਾ ਹਾਂ, ਕੀਰਤਨ ਸੁਣਦਾ ਹਾਂ ਤੇ ਅੰਦਰ ਦਾ ਰਸ ਹੀ ਕੁਝ ਹੋਰ ਹੈ। ਕੋਈ ਪਤਾ ਨਹੀਂ ਕਿ ਕਿਸ ਵੇਲੇ ਉਹ ਵਾਰੀ ਆ ਜਾਣੀ ਹੈ।

ਸਾਹਿਬ ਕਹਿੰਦੇ ਹਨ, ਦੋ ਸਿੱਖ ਹੋਰ ਹਨ। ਨਾਂ ਤਾਂ ਬੇਅੰਤ ਹਨ, ਪਰ ਭਾਈ ਬੂੜੇ ਨੂੰ ਬਾਬਾ ਨਾਨਕ ਨੇ ਬਾਬਾ ਬੁੱਢਾ ਬਣਾ ਦਿੱਤਾ, ਜਿਹੜਾ ਇਕ ਮਨ ਨਾਲ ਵਾਹਿਗੁਰੂ ਜੀ ਦੀ ਬੰਦਗੀ ਕਰਦਾ ਹੈ। ਕਹਿੰਦੇ ਹਨ, ਭਾਈ ਤਾਰੂ ਦੀ ਉਮਰ 10 ਸਾਲ ਤੇ ਭਾਈ ਬੁੱਢੇ ਦੀ ਉਮਰ 12 ਸਾਲ। ਉਸ ਨੇ 12 ਸਾਲ ਦੀ ਉਮਰ ਵਿਚ ਬਾਬੇ ਨਾਨਕ ਦੇ ਦਰਸ਼ਨ ਕਰਕੇ ਇੱਕੋ ਗੱਲ ਕਹੀ ਸੀ, ਬਾਬਾ ! ਮੈਨੂੰ ਦੱਸ ਕਿ ਮੌਤ ਦਾ ਭੈਅ ਕਿਵੇਂ ਮੁੱਕੇ ਤੇ ਜਨਮ ਦਰ ਕਿਵੇਂ ਕੱਟਿਆ ਜਾਏ ? ਹਜ਼ੂਰ ਨੇ ਪੁੱਛਿਆ, ਤੈਨੂੰ ਸਮਝ ਕਿੱਥੋਂ ਪੈ ਗਈ ? ਤਾਂ ਉਸ ਨੇ ਉੱਤਰ ਦਿੱਤਾ, ਬਾਬਾ ਜੀ ! ਪਿਉ ਜ਼ਿਮੀਦਾਰਾ ਕਰਦਾ ਹੈ। ਹਾਕਮਾਂ ਦੇ ਘੋੜੇ ਆਏ ਤੇ ਕੱਚੀ-ਪੱਕੀ ਸਾਰੀ ਫ਼ਸਲ ਉਜਾੜ ਗਏ। ਬਸ, ਇੱਕੋ ਗੱਲ ਮਨ ਨੇ ਸਮਝੀ ਕਿ ਜੇ ਤਾਕਤ ਵਾਲਿਆਂ ਨੂੰ ਕੋਈ ਕੱਚੀ ਫ਼ਸਲ ਕੱਟਣ ਨੂੰ ਰੋਕ ਨਹੀਂ ਸਕਿਆ ਤਾਂ ਮੌਤ ਦੇ ਹੱਥ ਬੜੇ ਪੱਕੇ ਹਨ। ਕੀ ਪਤਾ ਇਸ ਕੱਚੀ ਉਮਰ ਵਿਚ ਮੌਤ ਦਾ ਸੱਦਾ ਆਵੇ ਤੇ ਮੈਨੂੰ ਕੂਚ ਕਰਨਾ ਪੈ ਜਾਵੇ। ਉਸ ਦਿਨ ਤੋਂ ਸੋਚ ਰਿਹਾ ਹਾਂ ਕਿ ਮੌਤ ਤੋਂ ਕੋਈ ਬਚਾਏ।



Sri Satguru Jagjit Singh Ji eLibrary NamdhariElibrary@gmail.com

ਉਸ ਦਿਨ ਬਾਬਾ ਜੀ ਨੇ ਕਿਹਾ ਕਿ ਪੁੱਤਰ, ਤੂੰ ਹੈ ਤਾਂ ਬੱਚਾ, ਪਰ ਗੱਲਾਂ ਬੁੱਢਿਆਂ ਵਾਲੀਆਂ ਕਰਦਾ ਹੈਂ। ਉਸ ਦਿਨ ਇਕ ਵਾਰੀ ਘੁੱਟ ਕੇ ਗਲੇ ਨਾਲ ਲਗਾਇਆ। ਮੌਤ ਦਾ ਭੈਅ ਇੰਨਾ ਕੱਢ ਦਿੱਤਾ ਕਿ 125 ਸਾਲ ਦੀ ਉਮਰ ਜਿਉ ਕੇ ਗਿਆ। ਸਾਰੀ ਜ਼ਿੰਦਗੀ 113 ਸਾਲ ਸੇਵਾ ਕੀਤੀ। ਛੇਵੇਂ ਪਾਤਿਸ਼ਾਹ ਨੇ ਬਾਬਾ ਬੁੱਢਾ ਸਾਹਿਬ ਨੂੰ ਕਿਹਾ ਕਿ ਕੁਝ ਮੰਗੋ। ਕਹਿਣ ਲੱਗੇ, ਮੈਂ ਪਿੰਡ ਚੱਲਿਆ ਹਾਂ, ਸਿਰਫ਼ ਇੱਕੋ ਦਾਤ ਮੰਗਣ ਲੱਗਾ ਹਾਂ ਕਿ ਮੇਰਾ ਮਰਨਾ ਸਾਂਭ ਲੈਣਾ। ਮੇਰੀ ਵਾਰੀ ਆਵੇਗੀ, ਮੇਰੀ ਵਾਰੀ ਆਉਣ ਲੱਗਿਆਂ ਬਸ ਜਿਵੇਂ ਪਹਿਲੇ ਜਾਮੇ 'ਚ ਮਿਲਿਆ ਸੀ, ਘੁੱਟ ਕੇ ਗਲੇ ਨਾਲ ਲਗਾਇਆ ਸੀ, ਉਸ ਦਿਨ ਮੇਰਾ ਸਿਰ ਬਾਬੇ ਨਾਨਕ ਦੇ ਸੀਨੇ ਤੱਕ ਪਹੁੰਚਿਆ ਸੀ। ਹੁਣ ਜਦੋਂ ਮੌਤ ਆਵੇ ਤਾਂ ਇਸ ਸਿਰ ਨੂੰ ਸੀਨੇ ਤੋਂ ਗੋਦੀ ਵਿਚ ਲੈ ਲਵੀਂ। ਬਸ ਮਰਨਾ ਸਾਂਭ ਲਈਂ। ਜਦੋਂ ਬਾਬਾ ਜੀ ਨੇ ਚਲਾਣਾ ਕੀਤਾ ਤੇ ਕੋਲ ਬੈਠੇ ਸਿੱਖਾਂ ਨੇ ਕਿਹਾ ਕਿ ਅੰਤਲਾ ਸੁਆਸ ਨਿਕਲਿਆ ਤਾਂ ਗਲਾ ਜ਼ਰੂਰ ਭਰਿਆ ਸੀ। ਗੁਰੂ ਜੀ ਕਹਿਣ ਲੱਗੇ, ਸਿੱਖੋ ! ਵਧਾਈ ਹੋਵੇ। ਪੁੱਛਿਆ ਮਹਾਰਾਜ ! ਜਾਣ 'ਤੇ ਵਧਾਈ ਤਾਂ ਕਹਿਣ ਲੱਗੇ—ਹਾਰਿਆਂ 'ਤੇ ਅਫ਼ਸੋਸ ਕਰੀਦਾ ਹੈ ਪਰ ਜਿੱਤਿਆਂ 'ਤੇ ਵਧਾਈਆਂ ਮਿਲਦੀਆਂ ਹਨ। ਬਾਬਾ ਜੀ ਜ਼ਿੰਦਗੀ ਦੀ ਬਾਜ਼ੀ ਜਿੱਤ ਕੇ ਗਏ ਹਨ।

ਤੀਸਰਾ ਸਿੱਖ ਸੀ—ਭਾਈ ਮਰਦਾਨਾ, ਜਿਸ ਨੇ 48 ਸਾਲ ਬਾਬਾ ਜੀ ਨਾਲ ਰਬਾਬ ਵਜਾਈ। ਅਸੀਂ ਕਹਿੰਦੇ ਹਾਂ ਕਿ ਸਾਨੂੰ ਭੁੱਖ ਲੱਗੇ ਤਾਂ ਅਸੀਂ ਸਿਰਫ਼ ਅੰਨ ਖਾ ਕੇ ਭੁੱਖ ਮਿਟਾਉਂਦੇ ਹਾਂ। ਮਰਦਾਨੇ ਨੂੰ ਭੁੱਖ ਲੱਗਦੀ ਹੈ ਤਾਂ ਸੱਜਣ ਠੱਗ ਦਾ ਪਾਰ ਉਤਾਰਾ ਹੋ ਜਾਂਦਾ ਹੈ। ਸਾਨੂੰ ਪਿਆਸ ਲੱਗੇ ਤਾਂ ਸਿਰਫ਼ ਆਪਣੇ ਪੇਟ ਨੂੰ ਪਾਣੀ ਨਾਲ ਭਰਨ ਤੱਕ ਸੀਮਿਤ ਹਾਂ। ਇਸ ਨੂੰ ਪਿਆਸ ਲੱਗੇ ਤਾਂ ਵਲੀ ਕੰਧਾਰੀ ਨੂੰ ਸਿਖਰ ਤੋਂ ਥੱਲੇ ਲੈ ਆਉਂਦਾ ਹੈ। ਇਸ ਨੂੰ ਭੁੱਖ ਲੱਗੇ ਤਾਂ ਨੂਰਸ਼ਾਹ ਜਾਦੂਗਰਨੀ ਦੇ ਉੱਤੇ ਨਾਮ ਦਾ ਨੂਰ ਚੜ੍ਹ ਜਾਂਦਾ ਹੈ। ਇਸ ਦੀ ਭੁੱਖ ਤੇ ਪਿਆਸ ਵੀ ਲੋਕਾਂ ਦਾ ਭਲਾ ਕਰਦੀ ਹੈ।

ਮਰਦਾਨੇ ਨੂੰ ਰਾਗ ਗਾਉਣਾ ਆਉਂਦਾ ਸੀ, ਪਰ ਕੀਰਤਨ ਕਰਨਾ ਨਹੀਂ ਆਉਂਦਾ ਸੀ। ਉਸ ਨੂੰ ਆਪ ਕੀਰਤਨ ਸਿਖਾਇਆ ਅਤੇ ਦੋ ਬਚਨ ਕਹੇ ਸਨ। ਇਕ ਤਾਂ ਆਪਣੀ ਪੁਸ਼ਾਕ ਦਿੱਤੀ। ਜਦੋਂ ਉਸ ਨੇ ਕਿਹਾ, ਜਜਮਾਨ, ਅੱਜ ਤੱਕ ਤੇਰੇ ਬਾਪੂ ਕੋਲੋਂ ਮੰਗਿਆ, ਅੱਜ ਤੇਰਾ ਵਿਆਹ ਹੋਇਆ ਤਾਂ ਅੱਜ ਜਜਮਾਨ, ਤੇਰੇ ਕੋਲੋਂ ਮੰਗਦਾ ਹੈ ਤੇਰਾ ਡੂੰਮ। ਕਹਿਣ ਲੱਗੇ, ਵੇ ਮਰਦਾਨਿਆ ! ਕੁਝ ਮੰਗ। ਕਹਿਣ ਲੱਗਾ, ਅੱਜ ਕੱਪੜੇ ਬੜੇ ਸੋਹਣੇ ਨੇ। ਆਪਣਾ ਚੋਲਾ ਦੇ ਦੇ। ਬਾਬੇ ਨੇ ਚੋਲਾ ਦਿੱਤਾ। ਕਹਿਣ ਲੱਗੇ, ਮੇਰੇ ਸਾਹਮਣੇ ਪਾ। ਜਦੋਂ ਪਾ ਲਿਆ ਤਾਂ ਬਾਹੋਂ ਪਕੜ ਕੇ ਕਹਿੰਦੇ ਹਨ ਕਿ ਮੇਰਾ ਚੋਲਾ ਪਾ ਕੇ ਇਕ ਗੱਲ ਚੇਤੇ ਰੱਖੀਂ ਕਿ ਮੈਂ ਰੱਬ ਤੋਂ ਬਿਨਾਂ ਕਿਸੇ ਅੱਗੇ ਝੋਲੀ ਨਹੀਂ ਅੱਡਦਾ ਹੁੰਦਾ। ਚੋਲਾ ਜੀਅ ਸਦਕੇ ਪਾ, ਪਰ ਦਰ-ਦਰ 'ਤੇ ਝੋਲੀ ਨਾ ਅੱਡੀਂ, ਕਿਉਂਕਿ ਇਸ ਚੋਲੇ ਦੀ ਝੋਲੀ ਸਿਰਫ਼ ਰੱਬ ਅੱਗੇ ਅੱਡੀ ਜਾਂਦੀ ਹੈ।



Sri Satguru Jagjit Singh Ji eLibrary NamdhariElibrary@gmail.com

ਕਹਿੰਦੇ ਹਨ, ਤਾਰਾਂ ਤਾਂ ਬੜੀਆਂ ਵੱਜੀਆਂ, ਕਈ ਰਬਾਬ ਦੀਆਂ ਤਾਰਾਂ ਵੱਜੀਆਂ ਤੇ ਕਈ ਵਾਸ਼ਨਾਵਾਂ ਦੀ ਅੱਗ ਭੜਕੀ। ਜਿਸ ਦਿਨ ਮਰਦਾਨੇ ਦੀ ਰਬਾਬ ਵੱਜੀ, ਉਸ ਤਾਰ ਵਿੱਚੋਂ ਵੀ ਰੱਬ ਦੇ ਨਾਮ ਦੀ ਪਿਆਸ ਪੈਦਾ ਹੋ ਗਈ। ਨਾਮ ਮਰਦਾਨਾ ਜਗਤਾਰ ਦਾ ਬਹਾਨਾ ਸੀ। ਉਸ ਦਾ ਜਦੋਂ ਅੰਤਲਾ ਸਮਾਂ ਆਇਆ ਤਾਂ ਹਜ਼ੂਰ ਦੀ ਗੋਦੀ ਵਿਚ ਇਸ ਰਬਾਬੀ ਦਾ ਸਿਰ ਸੀ। ਇਕੱਲਾ ਸਰੀਰਕ ਤੋਰ 'ਤੇ ਸਿਰ ਗੋਦ ਵਿਚ ਨਹੀਂ ਰੱਖਿਆ, ਬਾਬੇ ਨੇ ਗੁਰੂ ਗ੍ਰੰਥ ਸਾਹਿਬ ਵਿਚ ਵੀ ਆਪਣੀ ਗੋਦ ਵਿਚ ਬਿਠਾ ਲਿਆ। ਗੋਦ ਵਿਚ ਸਿਰ ਰੱਖਿਆ। ਮੱਥੇ 'ਤੇ ਹੱਥ ਰੱਖਿਆ ਤਾਂ ਮਰਦਾਨੇ ਦੇ ਨੇਤਰ ਖੁੱਲ੍ਹੇ। ਦਸ ਸਾਲ ਉਮਰ ਵਿਚ ਬਾਬਾ ਨਾਨਕ ਜੀ ਮਰਦਾਨੇ ਨਾਲੋਂ ਛੋਟੇ ਸਨ। ਨੇਤਰ ਖੁੱਲ੍ਹੇ ਤਾਂ ਹਜ਼ੂਰ ਨੇ ਕਿਹਾ, ਮਰਦਾਨਿਆ ! ਕੁਝ ਮੰਗ ਤਾਂ ਸਹੀ ਅੱਜ। ਤੂੰ ਤੁਰਨ ਲੱਗਾ ਹੈਂ। ਜੇ ਕਹੇਂ ਤਾਂ ਤੇਰੇ ਜਾਣ ਤੋਂ ਬਾਅਦ ਤੇਰੇ ਸਰੀਰ ਨੂੰ ਬ੍ਰਾਹਮਣ ਦੀ ਤਰ੍ਹਾਂ ਜਲ ਪ੍ਰਵਾਹ ਕਰੀਏ, ਖੱਤਰੀ ਦੀ ਤਰ੍ਹਾਂ ਅਗਨ ਭੇਟ ਕਰ ਦੇਈਏ, ਜੇ ਕਹੇਂ ਤਾਂ ਤੇਰੇ ਸਰੀਰ ਨੂੰ ਖ਼ਾਕ ਦੇ ਸਪੁੱਰਦ ਕਰ ਦੇਈਏ। ਮਰਦਾਨਾ ਅੱਖ ਪੁੱਟ ਕੇ ਤੇ ਮੁਸਕਰਾ ਕੇ ਕਹਿੰਦਾ ਹੈ—ਵਾਹ ਬਾਬਾ ! ਅਜੇ ਵੀ ਦੇਣ ਦੀਆਂ ਗੱਲਾਂ।

ਸਾਹਿਬ ਕਹਿੰਦੇ ਹਨ, ਵੇ ਮਰਦਾਨਿਆ ! ਮੈਂ ਚਾਹੁੰਦਾ ਹਾਂ, ਤੂੰ ਸੇਵਾ ਕੀਤੀ ਹੈ, ਤੇਰੇ ਜਾਣ ਤੋਂ ਬਾਅਦ ਤੇਰੇ ਸਰੀਰ ਨੂੰ ਕਬਰ ਦੀ ਖ਼ਾਕ ਦੇ ਸਪੁੱਰਦ ਕਰਾਂ ਤੇ ਲੋਕ ਤੇਰੀ ਕਬਰ 'ਤੇ ਆ ਕੇ ਸੱਜਦਾ ਕਰਨਗੇ। ਕਹਿੰਦੇ ਹਨ, ਬਾਬਾ ਜੀ ਦਾ ਹੱਥ ਪਕੜ ਕੇ ਘੁੱਟ ਲਿਆ ਮਰਦਾਨੇ ਨੇ। ਹੱਥ ਘੁੱਟ ਕੇ ਸੀਨੇ ਨਾਲ ਲਗਾ ਕੇ ਕਿਹਾ—ਬਾਬਾ ਜੀ ! ਤੁਸਾਂ ਤਾਰ ਦਿੱਤੀ ਸੀ। ਤਾਰ ਵਜਾ-ਵਜਾ ਕੇ ਚਮੜੇ ਦੀ ਕਬਰ ਵਿੱਚੋਂ ਤੁਸੀਂ ਬਾਹਰ ਕੱਢ ਦਿੱਤਾ। ਹੁਣ ਚਮ ਦੀ ਕਬਰ ਵਿੱਚੋਂ ਬਾਹਰ ਕੱਢ ਕੇ ਮਿੱਟੀ ਦੀ ਕਬਰ 'ਚ ਨਾ ਡੱਕਿਉ। ਉਥੇ ਰੱਖਿਉ ਜਿੱਥੇ ਤੇਰਾ ਵਾਸਾ ਹੋਵੇ। ਜਿੱਥੇ ਤੂੰ ਹੋਵੇਂ, ਉਥੇ ਮੈਨੂੰ ਰੱਖੀਂ। ਸਤਿਗੁਰੂ ਬੈਰਾਗ ਵਿਚ ਆਏ ਤੇ ਸੱਚਮੁੱਚ ਉਸ ਨੂੰ ਆਪਣੀ ਗੋਦ ਵਿਚ ਘੁੱਟ ਕੇ ਕਹਿਣ ਲੱਗੇ—ਮਰਦਾਨਿਆ ! ਭਲੀ ਵਸਤ ਮੰਗੀ, ਜਿੱਥੇ ਮੇਰਾ ਵਾਸਾ, ਉਥੇ ਤੇਰਾ ਵਾਸਾ। ਗਏ ਤਾਂ ਉਹ ਵੀ। ਅਸੀਂ ਸਾਰਿਆਂ ਨੇ ਜਾਣਾ ਹੈ। ਸਾਰਿਆਂ ਦੀ ਵਾਰੀ ਆਉਣੀ ਹੈ। ਸਾਹਿਬ ਕਹਿੰਦੇ ਹਨ :

**ਫਰੀਦਾ ਖਿੰਥੜਿ ਮੇਖਾ ਅਗਲੀਆ**

ਮਨ ਨੂੰ ਸਮਝਾਉਣ ਲਈ ਕਿ 'ਫਰੀਦਾ ਖਿੰਥੜਿ' ਖਿੰਥੜਿ ਸ਼ਬਦ ਖਿੰਥਾ ਤੋਂ ਬਣਿਆ ਹੈ। ਖਿੰਥਾ ਦਾ ਅਰਥ ਹੈ ਗੋਦੜੀ। ਮੇਖ ਦਾ ਅਰਥ ਹੈ, ਟਾਂਕਾ ਲਾਉਣਾ। ਅਗਲੀਆ ਦਾ ਅਰਥ ਹੈ, ਬਹੁਤ ਜ਼ਿਆਦਾ। ਕਹਿੰਦੇ ਹਨ, ਉਹ ਦੇਖੋ ਫ਼ਕੀਰ ਨੇ ਗੋਦੜੀ ਪਾਈ ਹੈ। ਜਿੱਥੋਂ ਫੱਟਣ ਲੱਗ ਪਵੇ, ਉਥੋਂ ਉਸ ਨੂੰ ਸੀਅ ਲੈਂਦਾ ਹੈ। ਉਸ ਨੂੰ ਬਾਅਦ ਵਿਚ ਧਾਗੇ ਨਾਲ ਕੱਸ ਲੈਂਦਾ ਹੈ।

**ਜਿੰਦੁ ਨ ਕਾਈ ਮੇਖ॥**



Sri Satguru Jagjit Singh Ji eLibrary NamdhariElibrary@gmail.com

ਬਾਹਰ ਦੀ ਗੋਦੜੀ ਨੂੰ ਟਾਂਕੇ ਲਾ ਕੇ ਸੀਉਣ ਵਾਲਿਆ ! ਜਿਹੜੀ ਤੇਰੇ ਸਰੀਰ ਵਿੱਚੋਂ ਜਿੰਦ ਨਿਕਲਣੀ ਹੈ, ਕੋਈ ਵੀ ਸੂਈ ਧਾਗਾ ਦੁਨੀਆਂ ਦਾ ਇਸ ਤਰ੍ਹਾਂ ਦਾ ਨਹੀਂ ਕਿ ਜਿੰਦ ਨੂੰ ਦੁਬਾਰਾ ਸਰੀਰ ਵਿਚ ਸੀਉਂ ਸਕੇ। ਬਸ, ਇਕ ਵਾਰੀ ਨਿਕਲ ਗਈ ਤਾਂ ਉਸ ਨੂੰ ਦੁਬਾਰਾ ਸਰੀਰ ਵਿਚ ਪਾ ਨਹੀਂ ਸਕਣਾ। ਸਾਹਿਬ ਕਹਿੰਦੇ ਹਨ :

**ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ॥**

ਸ਼ੇਖ ਦਾ ਬਹੁਵਚਨ ਮਸਾਇਕ ਹੈ। ਕਹਿੰਦੇ ਹਨ, ਸ਼ੇਖ ਵੀ ਚੱਲੇ ਗਏ। ਇਨ੍ਹਾਂ ਦੇ ਵੱਡੇ ਵੀ ਚੱਲੇ ਗਏ। ਇਨ੍ਹਾਂ ਦੇ ਚੇਲੇ ਵੀ ਚੱਲੇ ਗਏ। ਆਪੋ-ਆਪਣੀ ਵਾਰੀ 'ਤੇ ਸਾਰੇ ਤੁਰੇ ਜਾਂਦੇ ਹਨ।

ਸਾਹਿਬ ਕਹਿੰਦੇ ਹਨ, ਪੋਹ ਦਾ ਮਹੀਨਾ ਸੀ। ਟਾਹਲੀ ਦੇ ਪੱਤੇ ਝੜ ਕੇ, ਪੱਤਾ ਟਾਹਣੀ ਤੋਂ ਜ਼ਮੀਨ 'ਤੇ ਡਿੱਗ ਪਿਆ। ਕਹਿੰਦੇ ਹਨ, ਟੁੱਟਣ ਤੋਂ ਪਹਿਲਾਂ ਉਸ ਨੇ ਹਵਾ ਨੂੰ ਕਿਹਾ ਕਿ ਇੰਨੀ ਬੇਰਹਿਮ ਹੋ ਕੇ ਨਾ ਚੱਲ। ਮੈਂ ਤੇਰਾ ਕੀ ਵਿਗਾੜਿਆ ਹੈ ? ਕਿਉਂ ਤੂੰ ਮੈਨੂੰ ਮਾਂ ਦੇ ਗਲੇ ਤੋਂ ਤੋੜ ਕੇ ਸੁੱਟਦੀ ਪਈ ਹੈਂ ? ਹਵਾ ਕਹਿਣ ਲੱਗੀ—ਗ਼ੁੱਸਾ ਨਾ ਕਰੀਂ। ਮੈਨੂੰ ਵੀ ਧੱਕ ਕੇ ਕੋਈ ਤੋਰਦਾ ਪਿਆ ਹੈ। ਮੈਂ ਵੀ ਕਿਹੜਾ ਇਕ ਥਾਂ 'ਤੇ ਖਲੋਤੀ ਪਈ ਹਾਂ। ਟਾਹਣੀ ਤੋਂ ਟੁੱਟਣ ਲੱਗਿਆਂ ਕਿਉਂ ਰੋਂਦਾ ਪਿਆ ਹੈਂ ? ਪਿਛਲੇ ਸਾਲ ਤੂੰ ਕਿੰਨਾ ਉਤਾਵਲਾ ਸੀ। ਤੂੰ ਟਾਹਣੀ 'ਤੇ ਆਉਣਾ ਸੀ ਤੇ ਆਪਣੇ ਪਹਿਲਿਆਂ ਨੂੰ ਕਹਿੰਦਾ ਸੀ ਕਿ ਥਾਂ ਖ਼ਾਲੀ ਕਰੋ। ਅੱਜ ਤੇਰੇ ਤੋਂ ਪਿਛਲੇ ਕਹਿੰਦੇ ਪਏ ਹਨ ਕਿ ਅਸੀਂ ਆਣ ਲੱਗੇ ਹਾਂ, ਥਾਂ ਖ਼ਾਲੀ ਕਰੋ। ਅਗਲਾ ਬਚਨ :

**ਫਰੀਦਾ ਦੁਹੁ ਦੀਵੀ ਬਲੰਦਿਆ**

ਦੋਨੋਂ ਅੱਖਾਂ ਖੁੱਲ੍ਹੀਆਂ ਹਨ, ਬਲਦੀਆਂ ਪਈਆਂ ਨੇ :

**ਮਲਕੁ ਬਹਿਠਾ ਆਇ॥**

ਮਲਕ ਦਾ ਅਰਥ ਹੈ, ਮੌਤ ਦਾ ਫ਼ਰਿਸ਼ਤਾ। ਦੋਨੋਂ ਅੱਖਾਂ ਖੁੱਲ੍ਹੀਆਂ ਹਨ ਤੇ ਵੇਖਦੀਆਂ ਪਈਆਂ ਹਨ ਕਿ ਮੌਤ ਦਾ ਫ਼ਰਿਸ਼ਤਾ ਆ ਗਿਆ ਹੈ, ਕੋਲ ਆ ਕੇ ਬੈਠ ਗਿਆ ਹੈ। ਬੈਠ ਤਾਂ ਉਸ ਦਿਨ ਹੀ ਗਿਆ ਸੀ, ਜਿਸ ਦਿਨ ਤੇਰਾ ਜਨਮ ਹੋਇਆ ਸੀ, ਪਰ ਨਜ਼ਰ ਉਦੋਂ ਆਉਂਦਾ ਹੈ ਜਦੋਂ ਮੌਤ ਹੁੰਦੀ ਹੈ। ਜਿਹੜਾ ਭਜਨ ਬੰਦਗੀ ਕਰਨ ਵਾਲਾ ਹੈ, ਉਸ ਨੂੰ ਜਾਣ ਤੋਂ ਪਹਿਲਾਂ ਪਤਾ ਲੱਗ ਜਾਂਦਾ ਹੈ ਕਿ ਮੈਂ ਕੂਚ ਕਰ ਜਾਣਾ ਹੈ। ਉਹ ਪਹਿਲਾਂ ਸਭ ਕੁਝ ਕਹਿੰਦਾ ਹੈ ਕਿ ਬਸ ਇੰਨੇ ਕੁ ਦਿਨਾਂ ਤੱਕ ਮੈਂ ਚੱਲ ਪੈਣਾ ਹੈ। ਸਿਆਣੇ ਕਹਿੰਦੇ ਹਨ ਕਿ ਬੰਦੇ ਦੇ ਸੁਆਸਾਂ ਦੀ ਗੰਢ ਬੱਝਦੀ ਹੈ ਜਨਮ ਵੇਲੇ ਤੇ ਮੌਤ ਤੋਂ ਛੇ ਮਹੀਨੇ ਪਹਿਲਾਂ ਗੰਢ ਖੁੱਲ੍ਹ ਜਾਂਦੀ ਹੈ। ਸਾਹਿਬ ਕਹਿੰਦੇ ਹਨ, ਦੋਵੇਂ ਅੱਖਾਂ ਖੁੱਲ੍ਹੀਆਂ ਹਨ। ਵੇਖਦਿਆਂ-ਵੇਖਦਿਆਂ ਮੌਤ ਦਾ ਫ਼ਰਿਸ਼ਤਾ ਆ ਗਿਆ। ਉਸ ਨੂੰ ਦਿੱਸਦਾ ਪਿਆ ਹੈ ਕਿ



Sri Satguru Jagjit Singh Ji eLibrary NamdhariElibrary@gmail.com

ਮੈਨੂੰ ਲਿਜਾਣ ਲੱਗੇ ਹਨ।

**ਗੜ੍ਹ ਲੀਤਾ**

ਗੜ੍ਹ ਦਾ ਅਰਥ ਹੈ ਕਿਲ੍ਹਾ। ਜਿਸ ਸਰੀਰ ਕਿਲ੍ਹੇ ਨੂੰ ਪਾਲਿਆ ਸੀ, ਕਹਿੰਦੇ ਹਨ ਕਿ ਆਉਂਦਿਆਂ ਸਾਰ ਕਬਜ਼ਾ ਕਰ ਲਿਆ।

**ਘਟੁ ਲੁਟਿਆ**

ਜਿਸ ਨੇ ਇਨ੍ਹਾਂ ਅੱਖਾਂ ਨਾਲ ਇੰਨੀ ਦੁਨੀਆਂ ਵੇਖੀ, ਇਹੋ ਜਿਹੀ ਫੂਕ ਮਾਰੀ :

**ਦੀਵੜੇ ਗਇਆ ਬੁਝਾਇ॥** (ਅੰਗ ੧੩੮੦)

ਸਦਾ ਲਈ ਅੱਖਾਂ ਬੰਦ ਹੋ ਗਈਆਂ। ਅੰਦਰ ਦੀ ਮੌਤ ਖਿੱਚ ਕੇ ਲੈ ਗਿਆ। ਇੰਨੀਆਂ ਕੁ ਬੇਨਤੀਆਂ ਪ੍ਰਵਾਨ ਕਰਨੀਆਂ।

**ਵਾਹਿਗੁਰੂ ਜੀ ਕਾ ਖ਼ਾਲਸਾ॥**

**ਵਾਹਿਗੁਰੂ ਜੀ ਕੀ ਫ਼ਤਹਿ॥**

☆☆☆



Sri Satguru Jagjit Singh Ji eLibrary NamdhariElibrary@gmail.com

# ਤੂ ਲੋੜ੍ਹਹਿ ਅੰਗਿਆਰ

ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ॥
ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ॥

(ਅੰਗ ੧੩੮੦)

ਪਰਮ ਸਨਮਾਨਯੋਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਇਸ ਸਲੋਕ ਵਿਚ ਬਾਬਾ ਫ਼ਰੀਦ ਜੀ ਨੇ ਇਕ ਪ੍ਰਮਾਰਥ ਦੇ ਰਸਤੇ 'ਤੇ ਚਲਣ ਵਾਲੇ ਦਾ ਨਜ਼ਰੀਆ ਤੇ ਇਕ ਸੰਸਾਰ ਦੇ ਅੰਦਰ ਵਿਸ਼ੇ ਵਾਸ਼ਨਾਵਾਂ ਨੂੰ ਭੋਗਣ ਵਾਲੇ ਦਾ ਨਜ਼ਰੀਆ, ਉਨ੍ਹਾਂ ਦੋਨਾਂ ਨੂੰ ਇਸ ਸਲੋਕ ਵਿਚ ਨਿਰਪੂਨ ਕੀਤਾ ਹੈ। ਸਾਹਿਬ ਕਹਿੰਦੇ ਹਨ ਕਿ ਜੰਗਲ ਦੇ ਵਿਚ ਲੋਹਾਰ ਜਾਂਦਾ ਹੈ ਤਾਂ ਉਹ ਜੰਗਲ ਦੀਆਂ ਲੱਕੜਾਂ ਨੂੰ ਕੱਟ ਕੇ, ਉਨ੍ਹਾਂ ਨੂੰ ਸਾੜ ਕੇ, ਕੋਲੇ ਬਣਾ ਕੇ ਫਿਰ ਬਜ਼ਾਰ ਵਿਚ ਵੇਚਦਾ ਹੈ। ਐ ਜੰਗਲ ਵਿਚ ਆਏ ਹੋਏ ਲੱਕੜਾਂ ਕੱਟ ਕੇ ਕੋਲੇ ਬਣਾਉਣ ਵਾਲੇ ਸੱਜਣਾ ! ਤੇਰਾ ਕੁਹਾੜਾ ਜਦੋਂ ਵੀ ਚੱਲਿਆ, ਕੇਵਲ ਕੋਲੇ ਬਣਾਉਣ ਵਾਸਤੇ। ਤੂੰ ਜੰਗਲ ਵਿਚ ਕੁਹਾੜੇ ਨੂੰ ਰੋਜ਼ੀ ਵਾਸਤੇ ਚਲਾਇਆ, ਪਰ ਮੈਂ ਜੰਗਲ ਦੇ ਰੁੱਖਾਂ ਦੇ ਥੱਲੇ ਇਸ ਕਰਕੇ ਬੈਠਾ ਹਾਂ ਕਿ ਇਕਾਂਤ ਵਿਚ ਆਪਣੇ ਸਾਈਂ ਦੇ ਗੁਣ ਗਾਵਾਂ। ਕੋਈ ਜੰਗਲ ਵਿਚ ਕੇਵਲ ਕੋਲੇ ਬਣਾਉਣ ਵਾਸਤੇ ਆਇਆ, ਪਰ ਬਾਬਾ ਫ਼ਰੀਦ ਰੁੱਖਾਂ ਥੱਲੇ ਬੈਠਾ ਪ੍ਰਮਾਤਮਾ ਦੇ ਗੀਤ ਗਾਉਂਦਾ ਹੈ ਤੇ ਰੱਬ ਨੂੰ ਲੱਭਣ ਲਈ ਗਾਉਂਦਾ ਹੈ।

ਉਨ੍ਹਾਂ ਰੁੱਖ ਦੇ ਉੱਪਰ ਰਹਿ ਰਹੇ ਪੰਛੀਆਂ ਨੂੰ ਵੇਖੋ। ਇਕ ਪਰਿੰਦਾ ਰੁੱਖ ਦੀ ਟਾਹਣੀ 'ਤੇ ਬੈਠਾ ਆਪਣੀ ਚੁੰਜ ਤੋਂ, ਆਪਣੇ ਗਲੇ ਤੋਂ ਕੋਈ ਆਵਾਜ਼ ਕੱਢਦਾ ਹੈ ਤੇ ਸ਼ਾਇਦ ਆਮ ਬੰਦਾ ਕਹਿੰਦਾ ਹੈ ਕਿ ਜੰਗਲ ਵਿਚ ਲੰਘਦਿਆਂ ਪੰਛੀ ਰੌਲਾ ਪਾਈ ਜਾਂਦੇ ਹਨ, ਪਰ ਉਸ ਟਿਕੇ ਹੋਏ ਅੰਦਰ ਨੂੰ, ਜਿਸ ਦੇ ਰੋਮ-ਰੋਮ ਵਿਚ ਅੱਲ੍ਹਾ ਦਾ ਨਾਮ ਹੈ, ਉਸ ਨੂੰ ਪੁੱਛ ਕੇ ਦੇਖੋ, ਉਹ ਇਹ ਨਹੀਂ ਕਹੇਗਾ ਕਿ ਉਹ ਚਹਿਕਦੇ ਪਏ ਹਨ, ਉਹ ਕਹੇਗਾ,



Sri Satguru Jagjit Singh Ji eLibrary NamdhariElibrary@gmail.com

ਕੁਰਬਾਨ ਜਾਵਾਂ ਇਨ੍ਹਾਂ ਤੋਂ, ਜਿਹੜੇ ਜੰਗਲ ਵਿੱਚੋਂ ਰੋੜ ਚੋਗ ਕੇ ਵੀ ਰੱਬ ਦੇ ਗੀਤ ਗਾਉਂਦੇ ਪਏ ਹਨ। ਜੋ ਪ੍ਰਮਾਤਮਾ ਦੇ ਗੀਤ ਗਾਉਂਦਾ ਪਿਆ ਹੈ, ਉਸ ਨੂੰ ਉਨ੍ਹਾਂ ਪੰਛੀਆਂ ਦੇ ਗਲੇ ਵਿੱਚੋਂ ਵੀ ਪ੍ਰਮਾਤਮਾ ਦੀ ਸਿਫ਼ਤ ਦੀ ਆਵਾਜ਼ ਸੁਣਾਈ ਦਿੰਦੀ ਹੈ।

ਹੁਣ ਇਕ ਲੋਹਾਰ ਤੁਰਿਆ ਆਉਂਦਾ ਹੈ। ਬਾਬਾ ਫ਼ਰੀਦ ਸਾਹਿਬ ਬੈਠੇ ਹਨ। ਉਸ ਲੋਹਾਰ ਦੇ ਸਿਰ ਉੱਤੇ ਪਾਣੀ ਦਾ ਘੜਾ ਹੈ ਤੇ ਮੋਢੇ ਉੱਤੇ ਉਸ ਨੇ ਕੁਹਾੜਾ ਰੱਖਿਆ ਹੋਇਆ ਹੈ। ਗੁਰਮੁਖੋ ! ਮੈਂ ਇਕ ਬੇਨਤੀ ਕਰਾਂ ਕਿ ਅਰਥਾਂ ਵਿਚ ਅਤੇ ਵਿਆਖਿਆ ਵਿਚ ਕਦੀ ਕਿਸੇ ਨੂੰ ਆਖ਼ਰੀ ਅਰਥ ਨਾ ਸਮਝਿਉ, ਕਿਉਂਕਿ ਇਹ ਜੋ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੈ, ਇਹ ਕੋਈ ਦੋ ਦੂਣੀ ਚਾਰ ਨਹੀਂ। ਇਸ ਬਾਣੀ ਵਿਚ ਉਹ ਅਨੁਭਵ ਹੈ ਕਿ ਜੋ ਕੁਝ ਇਨਸਾਨ ਸੋਚ ਵੀ ਨਹੀਂ ਸਕਦਾ, ਪ੍ਰਮਾਤਮਾ ਉਹ ਕੁਝ ਕਰ ਦਿੰਦਾ ਹੈ। ਇਨਸਾਨ ਤਾਂ ਹੀ ਜਿਉਂਦਾ ਹੈ ਜੇਕਰ ਉਸ ਦੇ ਦਿਲ ਦੀ ਧੜਕਣ ਚੱਲ ਰਹੀ ਹੋਵੇ। ਜੇ ਪੁੱਛੋ, ਕਿਸੇ ਦੀ ਧੜਕਣ ਰੁੱਕ ਜਾਏ ? ਕੋਈ ਮੰਨਣ ਲਈ ਤਿਆਰ ਨਹੀਂ। ਉਹ ਕਹੇਗਾ, ਬੰਦਾ ਮਰ ਗਿਆ। ਜੇ ਨਾੜਾਂ ਵਿਚ ਖ਼ੂਨ ਜੰਮ ਗਿਆ ਤਾਂ ਬੰਦੇ ਦੀ ਮੌਤ ਹੈ, ਪਰ ਜੇ ਕਿਤੇ ਬਾਣੀ ਵਾਲੇ ਪਾਸੇ ਦੇਖੀਏ ਤਾਂ ਉਥੇ ਇੰਨਾ ਵੱਡਾ ਵਿਸ਼ਵਾਸ ਖਲੋਤਾ ਹੈ ਕਿ ਤੇਰੀ ਹਰ ਗੱਲ ਝੂਠੀ ਪੈ ਸਕਦੀ ਹੈ। ਜੇ ਪ੍ਰਮਾਤਮਾ ਰੱਖਣ 'ਤੇ ਆਵੇ ਤਾਂ ਉਹ ਧੜਕਣ ਤੋਂ ਬਿਨਾਂ ਵੀ ਜੀਉਂਦਾ ਰੱਖ ਸਕਦਾ ਹੈ।

ਦੇਖੋ, ਇਕ ਇਨਸਾਨ ਹੈ। ਬੰਦਾ ਜ਼ਮੀਨ ਉੱਤੇ ਰਹੇ ਤਾਂ ਇਸ ਦੇ ਸੁਆਸ ਚੱਲਣਗੇ, ਪਰੰਤੂ ਇਸੇ ਇਨਸਾਨ ਨੂੰ ਕੋਈ ਚੁੱਕ ਕੇ ਸਮੁੰਦਰ ਦੇ ਪਾਣੀ ਵਿਚ ਡੋਬ ਦੇਵੇ ਤਾਂ ਵੱਧ ਤੋਂ ਵੱਧ ਪੰਜ-ਸੱਤ ਮਿੰਟ ਤੋਂ ਬਾਅਦ ਇਸ ਦੇ ਸੁਆਸ ਖ਼ਤਮ ਹੋ ਜਾਣਗੇ। ਇਸ ਦੀ ਜਿੰਦ ਤਾਂ ਹੀ ਹੈ ਜੇ ਪਾਣੀ ਤੋਂ ਬਾਹਰ ਹੈ। ਪਾਣੀ ਵਿਚ ਰਹਿਣ ਵਾਲੀ ਮੱਛੀ ਜੇ ਧਰਤੀ ਉੱਤੇ ਆ ਜਾਏ ਤਾਂ ਉਸ ਦੀ ਮੌਤ ਹੈ ਅਤੇ ਜੇ ਪਾਣੀ ਵਿਚ ਰਹੇ ਤਾਂ ਉਸ ਦੀ ਜ਼ਿੰਦਗੀ ਹੈ। ਇਹ ਅਸਲ ਵਿਚ ਉਸ ਦੀ ਆਪਣੀ ਮਰਿਆਦਾ ਹੈ। ਹਜ਼ੂਰ ਦੀ ਬਾਣੀ ਵਿਚ ਅਸੀਂ ਪੜ੍ਹਦੇ ਹਾਂ। ਭਗਤ ਰਵਿਦਾਸ ਜੀ ਦਾ ਇਕ ਬਚਨ ਆਉਂਦਾ ਹੈ :

**ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ॥**

(ਅੰਗ ੬੯੪)

ਮਤਾਂ ਮੇਰੇ ਅੰਦਰ ਦਾ ਪਿਆਰ ਪ੍ਰਮਾਤਮਾ ਤੋਂ ਘੱਟ ਨਾ ਜਾਏ। ਕਿਉਂ ਜੀ ? ਕਹਿਣ ਲੱਗੇ, ਜੇ ਤੂੰ ਜ਼ਮੀਨ ਦਾ ਟੁੱਕੜਾ ਖ਼ਰੀਦੇਂ ਤਾਂ ਤੂੰ ਇਹ ਕਹਿ ਦਿੰਦਾ ਹੈਂ ਕਿ ਮੈਂ ਤਾਂ ਆਪਣੀ ਜ਼ਿੰਦਗੀ ਦੀ ਸਾਰੀ ਕਮਾਈ ਲਾ ਕੇ ਘਰ ਖ਼ਰੀਦਿਆ। ਕਹਿਣ ਲੱਗੇ, ਟੁੱਕੜਾ ਜ਼ਮੀਨ ਦਾ ਖੁੱਸ ਜਾਏ ਤਾਂ ਤੂੰ ਪ੍ਰੇਸ਼ਾਨ ਹੋ ਜਾਂਦਾ ਹੈਂ। ਰੱਬ ਦੀ ਪ੍ਰੀਤ ਘਟੇ ਨਾ, ਕਿਉਂਕਿ ਮੈਂ ਆਪਣੀ ਜਿੰਦ ਦੇ ਬਦਲੇ ਰੱਬ ਦੀ ਪ੍ਰੀਤ ਖ਼ਰੀਦੀ ਹੈ। ਖ਼ਰੀਦਣ ਤੋਂ ਬਾਅਦ ਕਿਹਾ ਕਿ ਇਹ ਘਟੇ ਨਾ। ਰਵਿਦਾਸ ਜੀ ਨੇ ਕਿਹਾ :



Sri Satguru Jagjit Singh Ji eLibrary NamdhariElibrary@gmail.com

**ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ॥ ਮੈ ਤਉ ਮੋਲਿ ਮਹਗੀ ਲਈ ਜੀਅ ਸਟੈ॥**

(ਅੰਗ ੬੯੪)

ਬਾਬਾ ਫ਼ਰੀਦ ਜੀ ਨੇ ਕੋਲੇ ਬਣਾਉਣ ਵਾਲੇ ਦੇ ਨਜ਼ਰੀਏ ਨੂੰ ਤੇ ਪ੍ਰਮਾਰਥ ਕਮਾਉਣ ਵਾਲੇ ਆਪਣੀ ਜ਼ਿੰਦਗੀ 'ਤੇ ਢੁਕਾ ਕੇ ਇਸ ਨਜ਼ਰੀਏ ਨੂੰ ਪੇਸ਼ ਕੀਤਾ ਹੈ। ਜਿਹੋ ਜਿਹਾ ਕਿਸੇ ਬੰਦੇ ਦਾ ਅੰਦਰ ਹੈ, ਉਸੇ ਤਰ੍ਹਾਂ ਉਸ ਨੂੰ ਸਾਰਾ ਸੰਸਾਰ ਦਿੱਸਦਾ ਹੈ।

ਅਸੀਂ ਗੁਰੂ ਨਾਨਕ ਦੇਵ ਜੀ ਦਾ ਰਾਗ ਸੋਰਠਿ ਵਿਚ ਇਕ ਬਚਨ ਪੜ੍ਹਦੇ ਹਾਂ। ਉਸ ਬਚਨ ਵਿਚ ਮਾਇਆ ਕਮਾਉਣ ਦੇ ਉਸ ਸਮੇਂ ਦੇ ਜਿਹੜੇ ਚਾਰ ਤਰੀਕੇ ਸਨ, ਹਜ਼ੂਰ ਨੇ ਉਹਨਾਂ ਚਾਰ ਤਰੀਕਿਆਂ ਦਾ ਜ਼ਿਕਰ ਕੀਤਾ ਹੈ। ਇਕ ਗੱਲ ਯਾਦ ਰੱਖਿਉ ਕਿ ਜਿਸ ਤਰ੍ਹਾਂ ਅੰਦਰ ਹੈ, ਉਸੇ ਤਰ੍ਹਾਂ ਬਾਹਰੋਂ ਪ੍ਰਾਪਤ ਕਰਨ ਦੀ ਇੱਛਾ ਹੈ। ਜੇ ਇਨਸਾਨ ਦਾ ਅੰਦਰ ਵਿਸ਼ਈ ਹੈ ਤਾਂ ਉਹ ਗੁਰੂ ਕੋਲ ਬੈਠਿਆਂ ਵੀ ਉਹ ਜ਼ਹਿਰ ਦੇਖਣ ਦਾ ਯਤਨ ਕਰਦਾ ਹੈ। ਜੇ ਅੰਦਰ ਗੁਰੂ ਨੇ ਟਿਕਾਅ ਦਿੱਤਾ ਹੈ ਤਾਂ ਉਹ ਭੀੜ ਵਿਚ ਵੀ ਹਰੀ ਦਾ ਰੂਪ ਹੀ ਦੇਖੀ ਜਾਂਦਾ ਹੈ।

ਚਾਰ ਤਰੀਕੇ ਸਨ ਬਾਹਰ ਦਾ ਧਨ ਕਮਾਉਣ ਦੇ, ਪਰ ਉਹਨਾਂ ਚਾਰ ਤਰੀਕਿਆਂ ਵਿਚ ਮੇਰੇ ਗੁਰੂ ਜੀ ਨੇ ਪ੍ਰਮਾਰਥ ਦੀ ਗੱਲ ਕੀਤੀ। ਉਹਨਾਂ ਚਾਰ ਤਰੀਕਿਆਂ ਵਿਚੋਂ ਇਕ-ਇਕ ਨੁਕਤੇ ਨੂੰ ਹਜ਼ੂਰ ਨੇ ਛੁਹਿਆ, ਜਿਸ ਰਾਹੀਂ ਇਨਸਾਨ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਨ ਦਾ ਯਤਨ ਕਰਦਾ ਹੈ। ਪਹਿਲਾ ਤਰੀਕਾ ਸੀ ਕਿ ਇਨਸਾਨ ਖੇਤ, ਜ਼ਮੀਨ ਵਾਹ ਕੇ ਆਪਣੇ ਘਰ ਦੀ ਸੰਭਾਲ ਕਰਦਾ ਹੈ। ਮੇਰੇ ਸਤਿਗੁਰੂ ਨੇ ਉਹਨਾਂ ਬਾਹਰ ਦੇ ਚਿੰਨ੍ਹਾਂ ਵਿਚੋਂ ਵੀ ਪ੍ਰਮਾਰਥ ਕਮਾਉਣ ਲਈ ਕਿਹਾ। ਜ਼ਿਮੀਦਾਰ ਨੇ ਖੇਤੀ ਵਾਹੁਣ ਲਈ ਕੁਝ ਸੰਦ ਬਣਾਏ ਹਨ। ਹੱਲ ਉਸ ਦੇ ਕੋਲ ਹਨ। ਬਲਦ ਉਸ ਦੇ ਕੋਲ ਹੈ। ਸੁਹਾਗਾ ਉਸ ਦੇ ਕੋਲ ਹੈ। ਬੀਜ ਪਾਉਂਦਾ ਹੈ ਤੇ ਪਰਤ ਕੇ ਖੇਤ ਨੂੰ ਬਚਾਉਣ ਦੀ ਖ਼ਾਤਿਰ ਉਹ ਵਾੜ ਵੀ ਲਗਾਉਂਦਾ ਹੈ। ਮੇਰੇ ਸਤਿਗੁਰ ਬਾਹਰ ਦੀ ਖੇਤੀ ਕਰਦਿਆਂ-ਕਰਦਿਆਂ ਇਕੋ ਦੱਮ ਅੰਦਰ ਦੀ ਸੁਰਤ ਵੱਲ ਲੈ ਗਏ।

ਅੱਜ ਇਕ ਬੰਦਾ ਰੁੱਖ ਕੋਲ ਬੈਠਾ ਕੁਹਾੜੇ ਨਾਲ ਕੱਟ ਕੇ ਲੱਕੜ ਦੇ ਕੋਲੇ ਬਣਾਉਣ ਲੱਗਾ ਹੈ ਤੇ ਦੂਜਾ ਰੁੱਖ ਦੇ ਥੱਲੇ ਬੈਠਾ ਰੱਬ ਦੇ ਗੀਤ ਗਾ ਰਿਹਾ ਹੈ। ਉਹ ਅੰਗਿਆਰ ਲੱਭਦਾ ਪਿਆ ਹੈ ਕਿ ਕੋਲਾ ਕਿਸ ਦਾ ਚੰਗਾ ਬਣੇਗਾ। ਦੂਸਰਾ ਰੁੱਖ ਦੇ ਥੱਲੇ ਬੈਠਾ ਰੱਬ ਨੂੰ ਲੱਭਣ ਚੱਲਿਆ ਹੈ। ਬਾਬੇ ਨਾਨਕ ਦੇ ਬਚਨ ਹਨ ਕਿ ਜਿਵੇਂ ਇਕ ਹਾਲੀ ਬੰਦਾ, ਹੱਲ ਵਾਹੁਣ ਵਾਲਾ ਬੰਦਾ ਜਿੰਨਾ ਮਰਜ਼ੀ ਰਾਤ ਦਾ ਥੱਕਿਆ ਟੁੱਟਿਆ ਜ਼ਿਮੀਦਾਰ ਬੰਦਾ ਹੋਵੇ, ਪਿਆਰਿਉ ! ਉਹ ਯਤਨ ਕਰਦਾ ਸੀ ਕਿ ਮੇਰੇ ਖੇਤ ਦਾ ਵੱਤਰ ਨਾ ਕਿਤੇ ਸੁੱਕ ਜਾਏ। ਉਹ ਭਿੰਨੀ ਰੈਨੜੀ ਪ੍ਰਭਾਤ ਦੇ ਸਮੇਂ ਆਪਣੇ ਬਲਦਾਂ ਨੂੰ ਜੋਅ ਕੇ ਖੇਤਾਂ ਵਿਚ



Sri Satguru Jagjit Singh Ji eLibrary NamdhariElibrary@gmail.com

ਲੈ ਤੁਰਦਾ ਸੀ। ਕਹਿਣ ਲੱਗੇ, ਉਏ ਖੇਤ ਬੀਜਣ ਵਾਲਿਆ ! ਬਾਹਰ ਵੱਤਰ ਨਾ ਸੁੱਕ ਜਾਏ, ਤੂੰ ਇੰਨਾ ਸੁਚੇਤ ਹੈਂ, ਤੂੰ ਦੋ-ਚਾਰ ਘੜੀਆਂ ਵੀ ਸਮਾਂ ਅੱਗੇ ਪਿੱਛੇ ਨਹੀਂ ਹੋਣ ਦਿੰਦਾ। ਕਿਤੇ ਅੰਦਰ ਝਾਤੀ ਮਾਰ ਕੇ ਦੇਖ, ਤੇਰੇ ਮਨੁੱਖਾ ਜਨਮ ਦੇ ਵੱਤਰ ਦਾ ਸਮਾਂ ਹੈ, ਇਸ ਨੂੰ ਕਿਤੇ ਖੁੰਝਾ ਨਾ ਦੇਈਂ। ਜਿਵੇਂ ਹਾਲੀ, ਤੂੰ ਉੱਦਮੀ ਬਣ ਕੇ ਤੜਕੇ ਤੁਰ ਪੈਂਦਾ ਹੈਂ ਤਾਂ ਅੰਦਰ ਦੀ ਵੱਤਰ ਨੂੰ ਵੀ ਸਾਂਭਣ ਲਈ ਕਦੀ ਰੱਬ ਨੂੰ ਵੀ ਇਸੇ ਤਰ੍ਹਾਂ ਪੁਕਾਰ ਲਿਆ ਕਰ। ਬਾਬਾ ਜੀ ਦਾ ਬਚਨ ਅਸੀਂ ਪੜ੍ਹਦੇ ਹਾਂ :

**ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥**
**ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥** (ਅੰਗ ੫੯੫)

ਅੰਮ੍ਰਿਤ ਵੇਲੇ ਪਾਏ ਹੋਏ ਬੀਜ ਕਰਕੇ ਖੇਤਾਂ ਵਿਚ ਫ਼ਸਲ ਬੜੀ ਚੰਗੀ ਨਿਕਲਦੀ ਹੈ। ਅੰਮ੍ਰਿਤ ਵੇਲੇ ਨਾਮ ਦਾ ਬੀਜ ਪਾ। ਸਵੇਰੇ ਜਦ ਤੂੰ ਬਾਹਰ ਨਿਕਲੇਂ ਤਾਂ ਦੂਜੇ ਘਰ ਨੂੰ ਪਤਾ ਵੀ ਨਾ ਲੱਗੇ ਕਿ ਤੂੰ ਕਿੰਨਾ ਕੁ ਜੱਪ ਕੇ ਆਇਆ ਹੈਂ, ਕਿਉਂਕਿ ਬੀਜ ਪਾਉਣ ਤੋਂ ਬਾਅਦ ਜ਼ਿਮੀਂਦਾਰ ਉਸ ਉੱਪਰ ਸੁਹਾਗਾ ਫੇਰ ਦਿੰਦਾ ਸੀ। ਸੰਤੋਖ ਦਾ ਸੁਹਾਗਾ, ਸਬਰ ਦਾ ਸੁਹਾਗਾ ਤੇ ਕਿੰਨਾ ਵੱਡਾ ਜ਼ਿਮੀਂਦਾਰ ਸੰਤੋਖੀ ਹੈ। ਇਹ ਨਹੀਂ ਕਹਿੰਦਾ ਕਿ ਅੱਜ ਬੀਜ ਪਾਇਆ ਹੈ ਤੇ ਸ਼ਾਮ ਤੱਕ ਮੈਨੂੰ ਫ਼ਸਲ ਚਾਹੀਦੀ ਹੈ। ਬੀਜ ਪਾ ਕੇ ਇੰਨਾ ਸਬਰ ਨਾਲ ਬੈਠ ਜਾਂਦਾ ਹੈ ਅਤੇ ਕਹਿੰਦਾ ਹੈ ਕਿ ਅੱਜ ਬੀਜ ਪਾਇਆ ਹੈ ਤੇ ਛੇ ਮਹੀਨਿਆਂ ਬਾਅਦ ਫਲ ਜ਼ਰੂਰ ਮਿਲੇਗਾ। ਪਿਆਰਿਆ ! ਨਾਮ ਦਾ ਬੀਜ ਪਾ, ਪਰ ਦਿਖਾਵਾ ਨਾ ਕਰ।

ਯਾਦ ਰੱਖੋ, ਜਿਹੜਾ ਜ਼ਿਮੀਂਦਾਰ ਬੀਜ ਪਾ ਕੇ ਲੋਕਾਂ ਨੂੰ ਦਿਖਾਈ ਜਾਵੇ ਤਾਂ ਉਸ ਬੀਜ ਦਾ ਅੰਕੁਰ ਸੁੱਕ ਜਾਂਦਾ ਹੈ ਤੇ ਜਾਂ ਉਸ ਬੀਜ ਨੂੰ ਪੰਛੀ ਚੁੱਗ ਕੇ ਲੈ ਜਾਂਦੇ ਹਨ। ਜੇ ਅੰਕੁਰ ਫੁੱਟਣਾ ਚਾਹੀਦਾ ਹੈ ਤਾਂ ਜ਼ਰੂਰੀ ਹੈ ਕਿ ਬੀਜ ਧਰਤੀ ਵਿਚ ਜਾਏ ਤੇ ਕਿਸੇ ਨੂੰ ਪਤਾ ਨਾ ਲੱਗੇ। ਭਾਵੇਂ ਅਸੀਂ ਸੰਗਤ ਵਿਚ ਵਾਹਿਗੁਰੂ ਜੱਪਦੇ ਹਾਂ, ਕੀਰਤਨ ਵਿਚ ਵਾਹਿਗੁਰੂ ਜੱਪਦੇ ਹਾਂ, ਪਰ ਸੱਚ ਜਾਣਿਉ, ਨਾਮ ਤਾਂ ਆਪੋ ਆਪਣਾ ਨਿੱਜੀ ਜੀਵਨ ਹੈ। ਕੀ ਪਤਾ ਅੰਦਰੋਂ ਕੋਈ ਕਿੰਨਾ ਜੁੜਿਆ ਹੈ। ਜਿੰਨਾ ਵੀ ਜੱਪੀਂ, ਇਕ ਅਰਦਾਸ ਜ਼ਰੂਰ ਕਰੀਂ ਕਿ ਕਿਤੇ ਹੰਕਾਰ ਦਾ ਪੰਛੀ ਨਾ ਚੁਗ ਕੇ ਲੈ ਜਾਏ ਤੇ ਕਿਤੇ ਵਾਸ਼ਨਾਵਾਂ ਦੀ ਲੋਅ ਲੱਗ ਗਈ ਤਾਂ ਬਾਹਰ ਪਿਆ ਬੀਜ ਕਿਤੇ ਸੁੱਕ ਨਾ ਜਾਏ। ਫਿਰ ਦੇਖੋ ਇਸ ਨੂੰ ਬਚਾਉਣਾ ਵੀ ਹੈ।

ਜ਼ਿਮੀਂਦਾਰ ਆਮ ਤੌਰ 'ਤੇ ਬਾਹਰੋਂ ਵਾੜ ਕਰਦਾ ਹੈ ਕਿ ਕੋਈ ਪਸ਼ੂ ਖੇਤ ਵਿਚ ਨਾ ਵੜ ਜਾਵੇ। ਕਹਿੰਦੇ ਹਨ, ਜੇ ਅੰਦਰ ਦੀ ਖੇਤੀ ਬਚਾਉਣਾ ਚਾਹੁੰਦਾ ਹੈਂ ਤਾਂ ਫਿਰ ਗੁਰਮੁਖਾ ! ਨਿਮਰਤਾ ਦੀ ਵਾੜ ਹੀ ਨਾਮ ਦੀ ਫ਼ਸਲ ਨੂੰ ਬਚਾਏਗੀ। ਨਿਮਰਤਾ ਦੀ ਵਾੜ ਤੋਂ ਬਿਨਾਂ ਇਹ ਫ਼ਸਲ ਬਚ ਨਹੀਂ ਸਕੇਗੀ। ਹੁਣ ਗੱਲ ਹੈ ਬਾਹਰ ਦੇ ਖੇਤਾਂ ਦੀ ਤੇ ਗੁਰੂ



Sri Satguru Jagjit Singh Ji eLibrary NamdhariElibrary@gmail.com

ਜੀ ਗੱਲ ਕਰਦਿਆਂ-ਕਰਦਿਆਂ ਅੰਦਰ ਦੀ ਖੇਤੀ ਵੱਲ ਲੈ ਆਏ। ਜਿਹੋ ਜਿਹੀ ਅੰਦਰ ਦੀ ਬਿਰਤੀ ਹੈ, ਜਿਹੋ ਜਿਹੀ ਅੰਦਰ ਦੀ ਦ੍ਰਿਸ਼ਟੀ ਹੈ, ਉਹੀ ਕੁਝ ਬਾਹਰ ਦੀ ਸ੍ਰਿਸ਼ਟੀ ਹੈ।

ਦੇਖੋ, ਇਕ ਦੁਕਾਨ ਹੈ। ਦੁਕਾਨਦਾਰ ਰੋਜ਼ ਆ ਕੇ ਦੁਕਾਨ ਵਿਚ ਬੈਠਦਾ ਹੈ। ਉਸ ਨੇ ਵੱਖ-ਵੱਖ ਪਾਲਾਂ ਬਣਾਈਆਂ ਹੁੰਦੀਆਂ ਹਨ। ਉਸ ਨੇ ਪੀਪਿਆਂ ਵਿਚ ਸਾਮਾਨ ਪਾਇਆ ਹੋਇਆ ਹੈ ਤੇ ਸਾਰਾ ਦਿਨ ਉਹ ਗੱਦੀ 'ਤੇ ਬੈਠਾ ਲੰਘਦੇ ਹੋਏ ਲੋਕਾਂ ਨੂੰ ਦੇਖਦਾ ਹੈ ਤੇ ਇੰਨੀ ਰੀਝ ਨਾਲ ਦੇਖਦਾ ਹੈ ਤੇ ਸੋਚਦਾ ਹੈ ਕਿ ਲੰਘਣ ਵਾਲਾ ਸ਼ਾਇਦ ਮੇਰਾ ਹੀ ਗਾਹਕ ਹੋਵੇ। ਕਦੀ ਥੱਕਦਾ ਨਹੀਂ। ਜਿਹੜਾ ਲੰਘਣ ਵਾਲਾ ਉਸ ਦੀ ਦੁਕਾਨ 'ਤੇ ਚੜ੍ਹ ਕੇ ਆ ਜਾਂਦਾ ਹੈ ਤਾਂ ਫਿਰ ਦੇਖੋ, ਉਸ ਦੁਕਾਨਦਾਰ ਦਾ ਅੰਦਰ ਕਿੰਨਾ ਚਾਉ ਵਿਚ ਆਉਂਦਾ ਹੈ। ਮੇਰੇ ਬਾਬਾ ਜੀ ਨੇ ਕਿਹਾ, ਉਏ ਬਾਹਰ ਦੀ ਦੁਕਾਨ ਦੀ ਗੱਦੀ 'ਤੇ ਬੈਠਣ ਵਾਲਿਆ ! ਅੰਦਰ ਦੇ ਭਾਂਡਿਆਂ ਵਿਚ ਵੀ ਕੁਝ ਵਸਤੂ ਪਾ। ਜਿਹੜੇ ਤੇਰੀ ਜ਼ਿੰਦਗੀ ਦੇ ਦਿਨ ਘੱਟਦੇ ਪਏ ਹਨ, ਉਮਰ ਘੱਟਦੀ ਪਈ ਹੈ, ਇਸ ਘੱਟਦੀ ਹੋਈ ਉਮਰ ਨੂੰ ਦੁਕਾਨ ਬਣਾ। ਜਿਹੜੀ ਅੰਦਰ ਦੀ ਸੁਰਤ ਵਿਚ ਦੁਨੀਆਂ ਭਰ ਦੀਆਂ ਗੱਲਾਂ, ਚਲਾਕੀਆਂ, ਚਤੁਰਾਈਆਂ, ਵਾਸ਼ਨਾਵਾਂ ਦੀਆਂ ਚੀਜ਼ਾਂ ਪਾਈਆਂ ਹਨ, ਇਹਨਾਂ ਨੂੰ ਬਾਹਰ ਕੱਢ। ਅੰਦਰ ਦੀ ਦੁਕਾਨ ਜੇ ਕਰਨੀ ਹੈ ਤਾਂ ਆਪਣੀ ਸੁਰਤ ਵਿਚ ਸਤਿਨਾਮ ਦੀ ਵਸਤੂ ਟਿਕਾਅ ਦੇ। ਮੇਰੇ ਸਤਿਗੁਰੂ ਬਾਣੀ ਵਿਚ ਕਹਿੰਦੇ ਹਨ ਕਿ ਹਰ ਇਕ ਬੰਦੇ ਨੂੰ ਇਕ ਨਜ਼ਰ ਨਾਲ ਦੇਖੋ। ਕੀ ਪਤਾ ਕਿਹੜਾ ਮੇਰੇ ਸਾਈਂ ਨੂੰ ਭਾਅ ਗਿਆ ਹੋਵੇ।

ਕਬੀਰ ਸਾਹਿਬ ਜੀ ਨੂੰ ਕਦੇ ਪੜ੍ਹੋ ਤਾਂ ਉਹਨਾਂ ਦੀ ਕਿਰਤ ਸੀ ਕੇਵਲ ਕੱਪੜੇ ਬੁੰਨਣਾ, ਪਰ ਉਹਨਾਂ ਨੇ ਬਾਹਰ ਦਾ ਵਪਾਰ ਕਰਨ ਵਾਲੇ ਲੋਕਾਂ ਨੂੰ ਅੰਦਰ ਦਾ ਵਪਾਰ ਕਰ ਕੇ ਦਿਖਾਇਆ। ਕਬੀਰ ਜੀ ਕਹਿੰਦੇ ਹਨ, ਸੰਸਾਰ ਦੇ ਲੋਕੋ ! ਕੁਝ ਬੰਦੇ ਅਜਿਹੇ ਹਨ ਜਿਹੜੇ ਹੀਰਿਆਂ ਦਾ ਵਪਾਰ ਕਰਦੇ ਹਨ। ਕੁਝ ਅਜਿਹੇ ਹਨ ਜਿਹੜੇ ਮੋਤੀਆਂ ਦਾ ਵਪਾਰ ਕਰਦੇ ਹਨ। ਕੁਝ ਅਜਿਹੇ ਹਨ ਜਿਹੜੇ ਖਾਣ-ਪੀਣ ਵਾਲੀਆਂ ਵਸਤੂਆਂ ਦਾ ਵਪਾਰ ਕਰਦੇ ਹਨ। ਰੱਬ ਦੇ ਸੰਤ ਜਨ ਵੀ ਵਪਾਰ ਕਰਦੇ ਹਨ, ਪਰ ਜਿਹੜੇ ਵਪਾਰ ਨੂੰ ਉਹ ਹੱਥ ਪਾਉਂਦੇ ਹਨ, ਉਹ ਦੁਨੀਆਂ ਦੇ ਵਪਾਰ ਤੋਂ ਇਕ ਪਾਸੇ ਰਹਿ ਜਾਂਦੇ ਹਨ। ਉਹਨਾਂ ਨੇ ਬਾਹਰ ਦੇ ਵਪਾਰ ਵਿਚੋਂ ਅੰਦਰ ਦਾ ਇਕ ਵਪਾਰ ਕੀਤਾ। ਉਹਨਾਂ ਦੇ ਅੰਦਰ ਦਾ ਵਪਾਰੀ ਕੋਲੇ ਨਹੀਂ ਇਕੱਠੇ ਕਰ ਰਿਹਾ, ਹੀਰੇ ਇਕੱਠੇ ਕਰ ਰਿਹਾ ਹੈ। ਉਹ ਕੇਵਲ ਸੰਸਾਰ ਵਿਚ ਹੀ ਨਹੀਂ ਰਿਹਾ, ਉਹ ਅੰਦਰ ਟਿਕਿਆ ਹੋਇਆ ਹੈ।

ਮਹਾਰਾਜ ! ਬਾਹਰ ਦੇ ਵਪਾਰੀ ਤਾਂ ਬਲਦਾਂ, ਘੋੜਿਆਂ ਤੇ ਖੱਚਰਾਂ ਦੇ ਵਪਾਰ ਕਰਨ ਜਾਂਦੇ ਹਨ। ਜਿਹੜਾ ਤੁਹਾਡੇ ਹੱਥ ਹੀਰਾ ਆਇਆ ਹੈ, ਤੁਸੀਂ ਵਪਾਰ ਕਿਉਂ ਨਹੀਂ ਕੀਤਾ ? ਭਗਤ ਜੀ ਕਹਿਣ ਲੱਗੇ, ਮਨ ਦਾ ਕੰਮ ਹੈ ਦੌੜਨਾ। ਮੈਂ ਆਪਣੇ ਮਨ ਨੂੰ



Sri Satguru Jagjit Singh Ji eLibrary NamdhariElibrary@gmail.com

ਬੱਦਲ ਬਣਾ ਲਿਆ ਹੈ ਤੇ ਸੋਚਿਆ ਹੈ ਕਿ ਜੇ ਇਸ ਨੇ ਟਿੱਕਣਾ ਹੀ ਨਹੀਂ ਤਾਂ ਕਿੰਨਾ ਚੰਗਾ ਹੋਵੇ ਕਿ ਵਿਸ਼ੇ ਦੇ ਸਫ਼ਰ ਦੀ ਥਾਂ ਇਸ ਨੂੰ ਨਾਮ ਦੇ ਸਫ਼ਰ ਵਾਲੇ ਪਾਸੇ ਤੋਰਾਂ। ਜੇਕਰ ਬਾਹਰਮੁੱਖੀ ਦ੍ਰਿਸ਼ਟੀ ਨਾਲ ਦੇਖੀਏ ਅਤੇ ਅਸੀਂ ਕਹੀਏ ਕਿ ਇਹ ਤਾਂ ਕੇਵਲ ਖ਼ਿਆਲ ਹਨ। ਨਾ ਉਸ ਭਗਤ ਦੇ ਘਰ ਘੋੜਾ ਹੈ, ਨਾ ਉਸ ਭਗਤ ਦੇ ਘਰ ਲਾਠੀਆਂ ਹਨ, ਨਾ ਉਸ ਭਗਤ ਦੇ ਘਰ ਹੀਰੇ ਹਨ। ਬਾਹਰਮੁੱਖੀ ਦ੍ਰਿਸ਼ਟੀ ਨਾਲ ਨਹੀਂ, ਅੰਦਰੋਂ ਉਹ ਨਾਮ ਦਾ ਵਪਾਰੀ ਹੈ। ਮਨ ਦੇ ਬੈਲ ਉੱਤੇ ਗੁਰੂ ਦੇ ਗਿਆਨ ਦੀ ਛੱਟ ਲੱਦੀ ਹੋਈ ਹੈ ਤੇ ਕਹਿੰਦਾ ਹੈ, ਆਉ ਸੰਤ ਜਨੋਂ ! ਸਾਡੀ ਖੇਪ ਨਿੱਭ ਗਈ ਹੈ। ਅਸੀਂ ਆਪਣੇ ਟਿਕਾਣੇ 'ਤੇ ਪਹੁੰਚ ਗਏ ਹਾਂ।

ਅੱਜ ਬਾਬੇ ਫ਼ਰੀਦ ਨੇ ਉਸ ਮਨੁੱਖ ਨੂੰ ਦੇਖਿਆ, ਜਿਸ ਨੇ ਹੱਥ ਵਿਚ ਕੁਹਾੜਾ ਫੜਿਆ ਹੋਇਆ ਹੈ। ਉਸ ਕੁਹਾੜੇ ਨੂੰ ਮੋਢੇ ਉੱਤੇ ਰੱਖ ਕੇ ਤੁਰਿਆ ਹੈ। ਬਚਨ ਹੈ :

**ਕੰਧਿ ਕੁਹਾੜਾ**

ਕੰਧਿ ਦਾ ਅਰਥ ਹੈ ਮੋਢਾ ਤੇ ਕੁਹਾੜਾ ਦਾ ਅਰਥ ਹੈ ਲੱਕੜਾਂ ਕੱਟਣ ਵਾਲਾ ਔਜ਼ਾਰ।

**ਸਿਰਿ ਘੜਾ**

ਸਿਰ ਉੱਤੇ ਪਾਣੀ ਦਾ ਘੜਾ ਰੱਖਿਆ ਹੈ, ਕਿਉਂਕਿ ਜੰਗਲ ਵਿਚ ਜਾ ਕੇ ਉਸ ਨੇ ਲੱਕੜਾਂ ਕੱਟਣੀਆਂ ਹਨ ਤਾਂ ਪਿਆਸ ਲੱਗੇਗੀ।

ਘੜਾ ਪਾਣੀ ਨਾਲ ਤਾਂ ਹੀ ਭਰਿਆ ਹੈ ਕਿ ਆਪਣੀ ਪਿਆਸ ਨੂੰ ਬੁਝਾ ਕੇ ਫਿਰ ਲੱਕੜਾਂ ਕੱਟੇਗਾ।

**ਵਣਿ ਕੈ ਸਰੁ ਲੋਹਾਰੁ॥**

ਲੁਹਾਰ ਜੰਗਲ ਵਿਚ ਬਾਦਸ਼ਾਹ ਦੀ ਤਰ੍ਹਾਂ ਘੁੰਮਦਾ ਹੈ, ਪਰ ਦੂਜੇ ਸੱਜਣ ਨੇ ਤਰਕ ਕਰਕੇ ਕਿਹਾ ਹੈ ਕਿ ਜੰਗਲ ਦਾ ਬਾਦਸ਼ਾਹ ਲੁਹਾਰ ਨਹੀਂ ਹੁੰਦਾ। ਜੰਗਲ ਦਾ ਬਾਦਸ਼ਾਹ ਤਾਂ ਸ਼ੇਰ ਨੂੰ ਮੰਨਿਆ ਗਿਆ ਹੈ। ਮਹਾਂਪੁਰਸ਼ਾਂ ਸੰਪ੍ਰਦਾਈਆਂ ਨੇ ਇਸ ਦੇ ਅਰਥ ਕੀਤੇ ਹਨ ਕਿ ਬਾਬਾ ਫ਼ਰੀਦ ਜੰਗਲ ਵਿਚ ਬੈਠੇ ਹਨ ਤੇ ਇਕ ਲੁਹਾਰ ਆਉਂਦਾ ਹੈ, ਜਿਸ ਦਾ ਕੰਮ ਹੈ ਰੁੱਖ ਨੂੰ ਕੱਟਣਾ। ਉਸ ਨੇ ਨਿੱਕੇ-ਨਿੱਕੇ ਟੁੱਕੜਿਆਂ ਨੂੰ ਫੂਕ ਕੇ ਕੋਲੇ ਬਣਾਉਣਾ ਹੈ। ਫਿਰ ਉਹਨਾਂ ਨੂੰ ਵੇਚਣਾ ਹੈ ਤੇ ਆਪਣੀ ਭੱਠੀ ਵਿਚ ਵੀ ਉਹਨਾਂ ਨੂੰ ਫੂਕਣਾ ਹੈ। ਕਹਿਣ ਲੱਗੇ, ਰੁੱਖ ਇਕੋ ਹੈ। ਤੂੰ ਜੰਗਲ ਵਿਚ ਜਦੋਂ ਆਉਂਦਾ ਹੈਂ ਤਾਂ ਤੇਰੀਆਂ ਅੱਖਾਂ ਵਿਚ ਵੀ ਕੋਲੇ, ਤੇਰੀ ਨਜ਼ਰ ਵਿਚ ਵੀ ਕੋਲੇ। ਸੱਚ ਜਾਣੀ, ਤੈਨੂੰ ਖਿੜੇ ਹੋਏ ਰੁੱਖ ਵੀ ਕੋਲੇ ਦਿੱਸਦੇ ਹਨ, ਪਰ ਮੈਂ ਘਰੋਂ ਤੁਰਦਾ ਹਾਂ ਤਾਂ ਮੈਂ ਜੰਗਲ ਵੱਲ ਝਾਤੀ ਮਾਰ ਕੇ ਕਹਿੰਦਾ ਹਾਂ ਕਿ ਇਸ ਰੁੱਖ ਦੀ ਛਾਂ ਥੱਲੇ ਬੈਠ ਕੇ ਅੱਜ ਇੰਨਾ ਟਾਈਮ ਰੱਬ ਦੀ ਅਬਾਦਤ ਕਰਾਂਗਾ। ਮੈਨੂੰ



Sri Satguru Jagjit Singh Ji eLibrary NamdhariElibrary@gmail.com

ਉਸ ਰੁੱਖ ਦੀ ਛਾਂ ਥੱਲੇ ਰੱਬ ਚੇਤੇ ਆਉਂਦਾ ਹੈ। ਤੂੰ ਇਸ ਦੀਆਂ ਟਾਹਣੀਆਂ ਵਿਚੋਂ ਵੀ ਕੋਲੇ ਦੇਖਦਾ ਹੈਂ। ਪਿਆਰਿਉ ! ਸੰਸਾਰ ਇਕ ਜੰਗਲ ਹੈ। ਸਵਾਸ ਜਿੰਨੇ ਦਿੱਤੇ ਹਨ, ਇਹ ਰੁੱਖ ਹਨ। ਕੁਝ ਬੰਦੇ ਅਜਿਹੇ ਹਨ ਜਿਹੜੇ ਵਾਸ਼ਨਾਵਾਂ ਦੇ ਕੁਹਾੜੇ ਚੁੱਕ ਕੇ ਤੁਰੇ ਹਨ ਤੇ ਜਿੰਨੇ ਵਿਕਾਰਾਂ ਵਿਚ ਸੁਆਸ ਬਤੀਤ ਹੁੰਦੇ ਹਨ, ਸੱਚ ਜਾਣੋ, ਇਕ-ਇਕ ਰੁੱਖ ਉੱਤੇ ਕੁਹਾੜਾ ਚੱਲਦਾ ਹੈ ਤੇ ਉਹ ਚੱਲਿਆ ਹੋਇਆ ਕੁਹਾੜਾ ਕੀਮਤੀ ਸੁਆਸਾਂ ਨੂੰ ਕੋਲੇ ਦੀ ਤਰ੍ਹਾਂ ਫੂਕ ਕੇ ਰੱਖ ਦਿੰਦਾ ਹੈ। ਇਸ ਦੇ ਵਿਚ ਕੁਝ ਝੂਠ ਵੀ ਨਹੀਂ।

ਮਹਾਂਪੁਰਸ਼ ਕਹਿੰਦੇ ਹਨ ਕਿ ਰੱਬ ਤਰੁੱਠ ਪਿਆ ਹੈ। ਉਸ ਨੇ ਸਾਨੂੰ ਕੀਮਤੀ ਜ਼ਿੰਦਗੀ ਦਿੱਤੀ ਹੈ। ਸੁਆਸਾਂ ਦਾ ਇਕ ਬਾਗ਼ ਬਖ਼ਸ਼ਿਆ ਹੈ ਚੰਦਨ ਦਾ। ਇਕ-ਇਕ ਸੁਆਸ ਦੀ ਕਿੰਨੀ ਕੀਮਤ ਸੀ, ਪਰ ਬੰਦੇ ਨੇ ਕੀ ਜਾਣਿਆ। ਇਸ ਕੀਮਤੀ ਬਾਗ਼ ਨੂੰ, ਇਕ-ਇਕ ਸੁਆਸ ਨੂੰ ਵਾਸ਼ਨਾ ਦੀ ਅੱਗ ਵਿਚ ਫੂਕੀ ਗਿਆ। ਕੋਲਿਆਂ ਦੀ ਕੀਮਤ ਤਾਂ ਸੜਿਆਂ ਹੋਇਆਂ ਦੀ ਵੀ ਪੈ ਜਾਂਦੀ ਹੈ, ਪਰ ਸੱਚ ਜਾਣੋ, ਵਾਸ਼ਨਾ ਅਤੇ ਵਿਸ਼ਿਆਂ ਵਿਚ ਗਏ ਹੋਏ ਸੁਆਸ ਦੀ ਕੋਈ ਕੀਮਤ ਨਹੀਂ ਪੈਂਦੀ।

ਸਾਰੀ ਜ਼ਿੰਦਗੀ ਜਦੋਂ ਤੇਰੇ ਅੰਦਰ ਜ਼ੋਰ ਸੀ, ਤਾਕਤ ਸੀ, ਉਦੋਂ ਕਿਸੇ ਦੀ ਕੋਈ ਬਾਤ ਨਹੀਂ ਸੁਣੀ। ਕੀਮਤੀ ਸੁਆਸਾਂ ਨੂੰ ਵਿਸ਼ਿਆਂ ਦੀ ਅੱਗ ਵਿਚ ਫੂਕ ਦਿੱਤਾ ਤੇ ਜਦੋਂ ਰੁੱਕ-ਰੁੱਕ ਕੇ ਸੁਆਸ ਲੈਣ ਲੱਗੇ ਤਾਂ ਉਦੋਂ ਬੰਦਾ ਤਰਲੇ ਮਾਰਦਾ ਹੈ ਕਿ ਕਿਤੇ ਚਾਰ ਦਿਨ ਹੋਰ ਮਿਲ ਜਾਣ, ਮੈਂ ਇਹਨਾਂ ਸੁਆਸਾਂ ਦੀ ਕੀਮਤ ਜਾਣ ਜਾਵਾਂਗਾ।

ਬਾਬਾ ਜੀ ਨੇ ਕਿਹਾ ਕਿ ਰੱਬ ਨੇ ਤਰੁੱਠ ਕੇ ਤੈਨੂੰ ਦੇਹੀ ਦਿੱਤੀ। ਬਾਬਾ ਕਬੀਰ ਜੀ ਕਹਿੰਦੇ ਹਨ, ਜਿਹੜੇ ਸਰੋਵਰ ਦਾ ਪਾਣੀ ਸੁੱਕ ਜਾਏ ਤਾਂ ਸੁੱਕੇ ਹੋਏ ਸਰੋਵਰ ਦੀਆਂ ਤੂੰ ਆ ਕੇ ਵੱਟਾਂ ਉੱਚੀਆਂ ਕਰੀ ਜਾਏਂ, ਬੰਨ੍ਹ ਮਾਰੀ ਜਾਏਂ, ਪਰ ਜਦੋਂ ਸਰੋਵਰ ਛੱਲਕਦਾ ਸੀ, ਉਦੋਂ ਤਾਂ ਪਾਣੀ ਬੰਨ੍ਹਿਆ ਨਹੀਂ। ਜਦੋਂ ਖ਼ਾਲੀ ਹੋ ਗਿਆ ਤਾਂ ਹੁਣ ਤੁਰਿਆ ਆਉਂਦਾ ਹੈਂ ਉੱਚੀ ਬੰਨ੍ਹ ਮਾਰਨ ਲਈ ਕਿ ਸਰੋਵਰ ਨੂੰ ਰੋਕਾਂਗਾ। ਬੰਨ੍ਹ ਨੂੰ ਬੇਸ਼ਕ ਉੱਚਾ ਮਾਰ ਲਈਂ, ਪਰ ਰੋਕਣ ਲਈ ਉਸ ਦੇ ਵਿਚ ਕੁਝ ਵੀ ਨਹੀਂ ਹੈ।

ਜਦੋਂ ਖੇਤ ਵਿਚ ਫ਼ਸਲ ਸੀ, ਕਿੰਨਾ ਚੰਗਾ ਸੀ ਜੇਕਰ ਉਦੋਂ ਤੂੰ ਵਾੜ ਕਰਵਾ ਲੈਂਦਾ ਤਾਂ ਠੀਕ ਸੀ, ਪਰ ਹੁਣ ਖੇਤ ਹੀ ਉੱਜੜ ਗਏ ਹਨ ਤੇ ਉਜੜਿਆਂ ਖੇਤਾਂ ਨੂੰ ਵਾੜਾਂ ਕਰਨ ਦਾ ਕੀ ਲਾਭ ? ਬਾਬਾ ਜੀ ਨੇ ਅੱਜ ਬਚਨ ਕੀਤਾ ਕਿ ਮੋਢੇ ਉੱਤੇ ਕੁਹਾੜਾ ਰੱਖ ਕੇ, ਸਿਰ ਉੱਤੇ ਪਾਣੀ ਦਾ ਘੜਾ ਰੱਖ ਕੇ ਤੂੰ ਜੰਗਲ ਵੱਲ ਤੁਰ ਪਿਆ। ਪਾਣੀ ਦੇ ਕਿਨਾਰੇ ਕੀਮਤੀ ਰੁੱਖ ਹਨ। ਬਾਬਾ ਫ਼ਰੀਦ ਉਥੇ ਅੱਲ੍ਹਾ ਦੀ ਯਾਦ ਵਿਚ ਜੁੜਿਆ ਹੈ। ਪਿੱਛੋ ਇੰਨੀ ਦੇਰ ਨੂੰ ਕੁਹਾੜਾ ਚੁੱਕ ਕੇ ਲੁਹਾਰ ਵੀ ਆ ਪਹੁੰਚਿਆ ਹੈ।

**ਫਰੀਦਾ ਹਉ ਲੋੜੀ ਸਹੁ ਆਪਣਾ**



Sri Satguru Jagjit Singh Ji eLibrary NamdhariElibrary@gmail.com

ਮੈਂ ਤਾਂ ਇਥੇ ਬੈਠਾ ਆਪਣੇ ਸਾਈਂ ਨੂੰ ਲੱਭਦਾ ਪਿਆ ਹਾਂ।

**ਤੂ ਲੋੜਹਿ ਅੰਗਿਆਰੁ॥**

ਤੂੰ ਰੁੱਖ ਦੇ ਥੱਲੇ ਬੈਠਾ ਹੋਇਆ, ਇਸ ਦੀਆਂ ਟਾਹਣੀਆਂ ਵਿਚੋਂ ਕੋਲੇ ਦੇਖਦਾ ਪਿਆ ਹੈਂ। ਮੈਂ ਇਸ ਜੰਗਲ ਵਿਚ ਇਸ ਛਾਂ ਦੇ ਥੱਲੇ ਬੈਠਾ ਰੱਬ ਨੂੰ ਲੱਭਣ ਲਈ ਆਇਆ ਹਾਂ। ਆਪੋ ਆਪਣੀ ਸੋਚ ਹੈ। ਪਿਆਰਿਓ ! ਪ੍ਰਮਾਰਥ ਕਮਾਉਣ ਵਾਲੇ ਦੀ ਬਿਰਤੀ ਵੱਖਰੀ ਹੈ। ਸੰਸਾਰ ਕਮਾਉਣ ਵਾਲੇ ਦੀ ਬਿਰਤੀ ਵੱਖਰੀ ਹੈ।

ਬਾਬਾ ਫ਼ਰੀਦ ਸਾਹਿਬ ਹਰ ਸਮੇਂ ਅੱਲ੍ਹਾ ਦੀ ਯਾਦ ਵਿਚ ਜੁੜੇ ਰਹਿੰਦੇ ਹਨ। ਅੱਜ ਇਕ ਇਨਸਾਨ ਆਇਆ ਜਿਹੜਾ ਬਹੁਤ ਧਨਾਢ ਸੀ। ਉਸ ਨੇ ਕੱਪੜੇ ਵਿਚ ਲਪੇਟੀ ਹੋਈ ਇਕ ਵਸਤੂ ਬਾਬਾ ਜੀ ਦੇ ਚਰਨਾਂ ਵਿਚ ਭੇਟ ਕਰਨੀ ਚਾਹੀ। ਕਹਿੰਦਾ ਹੈ, ਫ਼ਕੀਰ ਬਾਬਾ ! ਮੈਂ ਇਹ ਕੀਮਤੀ ਵਸਤੂ ਤੁਹਾਡੇ ਲਈ ਲੈ ਕੇ ਆਇਆ ਹਾਂ। ਕੱਪੜਾ ਖੋਲ੍ਹਿਆ ਤੇ ਉਸ ਦੇ ਵਿਚ ਲੋਹੇ ਦੀ ਬਣੀ ਹੋਈ ਦੋ-ਧਾਰੀ ਕੈਂਚੀ ਤੇ ਉਸ ਦਾ ਮੁੱਠਾ ਸੋਨੇ ਨਾਲ ਮੜਿਆ ਹੋਇਆ ਸੀ। ਕਹਿਣ ਲੱਗਾ, ਇਹ ਲੋਹੇ ਦੀ ਕੈਂਚੀ ਤੇ ਇਸ ਦਾ ਮੁੱਠਾ ਜੋ ਸੋਨੇ ਦਾ ਬਣਿਆ ਹੋਇਆ ਹੈ, ਮੇਰੇ ਕਈ ਵੱਡੇ ਵਡੇਰਿਆਂ ਨੇ ਸਾਂਭ ਕੇ ਰੱਖੀ ਹੈ। ਮੈਂ ਤੁਹਾਡੇ ਸਾਹਮਣੇ ਤੁਹਾਡੇ ਚਰਨਾਂ ਵਿਚ ਇਸ ਨੂੰ ਭੇਟ ਕਰਨ ਆਇਆ ਹਾਂ। ਬਾਬਾ ਫ਼ਰੀਦ ਜੀ ਨੇ ਕੈਂਚੀ ਨੂੰ ਫੜਿਆ ਨਹੀਂ ਤੇ ਦੇਖ ਕੇ ਕਿਹਾ ਕਿ ਜੇ ਕੁਝ ਲੈ ਕੇ ਆਉਣਾ ਹੀ ਸੀ ਤਾਂ ਕੈਂਚੀ ਨਹੀਂ ਸੀ ਲੈ ਕੇ ਆਉਣੀ। ਫ਼ਕੀਰਾਂ ਦੇ ਹੱਥ ਵਿਚ ਕੈਂਚੀਆਂ ਚੰਗੀਆਂ ਨਹੀਂ ਲੱਗਦੀਆਂ। ਜੇ ਕੁਝ ਦੇਣਾ ਸੀ ਤਾਂ ਸੂਈ ਦੇ ਜਾਂਦਾ, ਕਿਉਂਕਿ ਫ਼ਕੀਰ ਕੱਟਣ ਲਈ ਨਹੀਂ ਆਉਂਦਾ, ਫ਼ਕੀਰ ਟੁੱਟਿਆਂ ਹੋਇਆਂ ਨੂੰ ਗੰਢਣ ਲਈ ਆਉਂਦਾ ਹੈ। ਸੂਈ ਨੇ ਕਦੀ ਵੀ ਨਹੀਂ ਕਿਹਾ ਕਿ ਮੈਂ ਤਾਂ ਲੋਕਾਂ ਦੇ ਕੱਪੜੇ ਸੀਅ ਕੇ ਲੋਕਾਂ ਦੇ ਸਰੀਰ ਕੱਜੀ ਜਾਂਦਾ ਹਾਂ, ਮੈਨੂੰ ਕੌਣ ਕੱਜੇਗਾ ? ਉਹ ਨੰਗਨ ਰਹਿ ਕੇ ਵੀ ਲੋਕਾਂ ਨੂੰ ਕੱਜੀ ਗਈ, ਪਰ ਕੈਂਚੀ ਦਾ ਸੁਭਾਅ ਹੈ ਕੱਟਣਾ। ਹੁਣ ਬਾਹਰੋਂ ਸੂਈ ਅਤੇ ਕੈਂਚੀ ਵਿਚੋਂ ਵੀ ਮਹਾਂਪੁਰਸ਼ ਅੰਦਰ ਦੇਖਣ ਦਾ ਯਤਨ ਕਰਦਾ ਹੈ। ਜਿਹੋ ਜਿਹੀ ਅੰਦਰ ਦੀ ਦ੍ਰਿਸ਼ਟੀ ਹੈ, ਸ੍ਰਿਸ਼ਟੀ ਵੀ ਉਹੋ ਜਿਹੀ ਭਗਤ ਬਣਾਉਣ ਦਾ ਯਤਨ ਕਰਦਾ ਹੈ।

ਤਿੰਨ ਅਜਿਹੇ ਹਨ ਜਿਹੜੇ ਜੋੜੀ ਜਾਂਦੇ ਹਨ ਤੇ ਤਿੰਨ ਅਜਿਹੇ ਹਨ ਜਿਹੜੇ ਤੋੜੀ ਜਾਂਦੇ ਹਨ।

**ਕੈਂਚੀ ਕਲਵਤਰੀ ਦੁਸਟ ਨਰ ਜਿਹ ਕਰੇ ਏਕ ਸੇ ਅਨੇਕ॥**

ਕੈਂਚੀ ਨੇ ਇਕ ਕੱਪੜੇ ਦੀਆਂ ਸੌ ਕੱਤਰਾਂ ਬਣਾ ਕੇ ਰੱਖ ਦੇਣੀਆਂ ਹਨ। ਕਲਵਤਰੀ ਦਾ ਅਰਥ ਹੈ—ਆਰੀ। ਆਰੀ ਚਾਹੇ ਤਾਂ ਰੁੱਖ ਨੂੰ ਪੋਰੀ-ਪੋਰੀ ਕਰਕੇ ਰੱਖ ਦੇਵੇ। ਰੱਬ ਤੋਂ ਟੁੱਟਾ ਹੋਇਆ ਦੁਸ਼ਟ ਬੰਦਾ ਕਦੀ ਕਿਸੇ ਪਰਿਵਾਰ ਵਿਚ ਚਲਾ ਜਾਏ, ਉਹ ਚਾਰ ਭਰਾਵਾਂ ਦੇ ਵੀ ਚਾਰ ਟੁੱਕੜੇ ਕਰਕੇ ਰੱਖ ਦਿੰਦਾ ਹੈ।



Sri Satguru Jagjit Singh Ji eLibrary NamdhariElibrary@gmail.com

## ਸੂਈ ਸੁਹਾਗਾ ਸੰਤ ਨਰ ਜਿਹ ਕਰੇ ਅਨੇਕ ਸੇ ਏਕ॥

ਸੂਈ ਹਜ਼ਾਰਾਂ ਕਤਰਾਂ ਨੂੰ ਗੰਢਣ ਦੀ ਸਮਰੱਥਾ ਰੱਖਦੀ ਹੈ। ਪੁੱਟੀ ਹੋਈ ਜ਼ਮੀਨ ਨੂੰ ਸੁਹਾਗਾ ਇਕ ਜਗ੍ਹਾ ਮਿਲਾਉਣ ਦੀ ਸਮਰੱਥਾ ਰੱਖਦਾ ਹੈ। ਰੱਬ ਦਾ ਪਿਆਰਾ ਸੰਤ ਜਨ ਉਸ ਦੀ ਅੰਦਰ ਦੀ ਬਿਰਤੀ ਇਹੋ ਜਿਹੀ ਹੈ ਕਿ ਕਰੋੜਾਂ ਜਨਮ ਦੇ ਵਿਛੜਿਆਂ ਹੋਇਆਂ ਨੂੰ ਵੀ ਰੱਬ ਨਾਲ ਜੋੜ ਕੇ ਰੱਖ ਦਿੰਦਾ ਹੈ। ਖਿੰਡੇ ਹੋਏ ਮਨ ਨੂੰ ਟਿਕਾਅ ਦਿੰਦਾ ਹੈ।

ਬਾਬੇ ਫ਼ਰੀਦ ਨੇ ਕਿਹਾ, ਉਏ ਝੱਲਿਆ ! ਕੁਹਾੜਾ ਫੜ ਕੇ ਸਵੇਰ ਤੋਂ ਸ਼ਾਮ ਤੱਕ ਕੋਲੇ ਬਣਾਈ ਜਾਂਦਾ ਹੈਂ, ਪਰ ਬੰਦਿਆ ! ਝਾਤੀ ਮਾਰ ਕੇ ਦੇਖ। ਅਸੀਂ ਵੀ ਤਾਂ ਮੋਢੇ ਉੱਤੇ ਕੁਹਾੜਾ ਰੱਖ ਕੇ ਤੁਰੀ ਫਿਰਦੇ ਹਾਂ। ਤੂੰ ਕੇਵਲ ਰੁੱਖਾਂ ਦੀਆਂ ਟਾਹਣੀਆਂ ਤੇ ਜੜ੍ਹਾਂ ਨੂੰ ਕੱਟਦਾ ਹੈਂ। ਬੰਦੇ ਨੇ ਵਿਸ਼ੇ ਵਿਕਾਰਾਂ ਦੇ, ਭੈੜੀ ਬਿਰਤੀ ਦੇ ਕੁਹਾੜੇ ਮੋਢੇ ਉੱਤੇ ਰੱਖੇ ਹੋਏ ਹਨ। ਜਿੱਥੇ ਦੇਖਦਾ ਹੈ, ਉਥੇ ਕੱਟ-ਕੱਟ ਕੇ ਕੋਲੇ ਬਣਾਈ ਜਾਂਦਾ ਹੈ। ਗੁਰਮੁਖੋ ! ਜ਼ਿੰਦਗੀ ਬਹੁਤ ਕੀਮਤੀ ਹੈ। ਤੁਸੀਂ ਸਾਰੇ ਸੂਝਵਾਨ ਹੋ। ਪਿਆਰਿਉ ! ਜਿਹੜੇ ਅੰਦਰ ਦੇ ਰੱਬ ਨੇ ਸੁਆਸ ਦਿੱਤੇ ਹਨ, ਇਹ ਕਿੰਨੇ ਕੁ ਕੀਮਤੀ ਹਨ। ਇਸ ਬਾਰੇ ਵੀ ਸੋਚੀਏ। ਯਤਨ ਕਰੀਏ ਕਿ ਕੋਲੇ ਦੀ ਥਾਂ ਅੰਦਰ ਸ਼ਹੁ ਨੂੰ ਪਾ ਸਕੀਏ। ਪ੍ਰਮਾਤਮਾ ਦੇ ਚਰਨਾਂ ਨਾਲ ਜੁੜ ਸਕੀਏ। ਇੰਨੀਆਂ ਕੁ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫ਼ਤਹਿ॥

☆☆☆



Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਇਕਿ ਦਾਤੇ ਇਕਿ ਭੇਖਾਰੀ ਜੀ

**ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ॥**
**ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ॥** (ਅੰਗ ੧੩੮੦)

ਪਰਮ ਸਨਮਾਨਯੋਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਇਮਾਨ ਸਤਿਸੰਗੀ ਜਨੋਂ !

**ਵਾਹਿਗੁਰੂ ਜੀ ਕਾ ਖ਼ਾਲਸਾ॥**
**ਵਾਹਿਗੁਰੂ ਜੀ ਕੀ ਫ਼ਤਿਹ॥**

ਬਾਬਾ ਫ਼ਰੀਦ ਸਾਹਿਬ ਜੀ ਦੇ ਅੰਮ੍ਰਿਤਮਈ ਬਚਨ, ਜਿਹੜੇ ਸ਼ੱਕਰ ਨਾਲੋਂ ਵੀ ਵੱਧ ਮਿੱਠੇ ਹਨ ਅਤੇ ਉਨ੍ਹਾਂ ਸਬੰਧੀ ਇਹ ਵੀ ਕਿਹਾ ਜਾਂਦਾ ਹੈ ਕਿ ਬਾਬਾ ਫ਼ਰੀਦ ਸਾਹਿਬ ਜੀ ਜਦੋਂ ਆਪਣੀ ਜ਼ੁਬਾਨ ਨਾਲ ਬੋਲਦੇ ਸਨ ਤਾਂ ਕ੍ਰੋਧ ਦੀ ਅੱਗ ਵਿਚ ਸੜਦੇ ਹੋਏ ਬੰਦੇ ਉਨ੍ਹਾਂ ਦੇ ਬੋਲ ਸੁਣ ਕੇ ਸ਼ਾਂਤ ਹੋ ਜਾਂਦੇ ਸਨ। ਉਨ੍ਹਾਂ ਦੇ ਸ਼ਬਦਾਂ ਵਿਚ, ਉਹਨਾਂ ਦੇ ਬੋਲਾਂ ਵਿਚ ਅੱਤ ਦੀ ਠੰਢ ਤੇ ਮਿਠਾਸ ਸੀ।

ਸਾਹਿਬ ਕਹਿੰਦੇ ਹਨ ਕਿ ਪ੍ਰਮਾਤਮਾ ਨੇ ਆਪਣੇ ਹੱਥ ਵਿਚ ਇਕ ਖੇਡ ਰੱਖੀ ਹੈ। ਉਸ ਨੇ ਕਿਸੇ ਨੂੰ ਇੰਨੀ ਦੌਲਤ ਦੇ ਦਿੱਤੀ ਕਿ ਉਸ ਕੋਲ ਗਿਣਤੀ ਮਿਣਤੀ ਕੋਈ ਨਹੀਂ ਤੇ ਕੋਈ ਵਿਚਾਰਾ ਇਕ-ਇਕ ਟਕੇ ਦੀ ਖ਼ਾਤਿਰ ਦਿਨ-ਰਾਤ ਮਿਹਨਤ ਕਰਦਾ ਹੈ। ਕਈਆਂ ਨੂੰ ਇੰਨਾ ਧਨ ਦਿੱਤਾ ਕਿ ਉਹ ਦਾਨੀ ਬਣ ਕੇ ਲੋਕਾਂ ਨੂੰ ਦਾਨ ਪੁੰਨ ਕਰਦੇ ਪਏ ਹਨ। ਸ੍ਰਿਸ਼ਟੀ ਤੇਰੀ ਬਣਾਈ ਹੋਈ ਹੈ। ਜਿਹੜਾ ਲੋਕਾਂ ਨੂੰ ਦਾਨ ਕਰਦਾ ਹੈ, ਉਸ ਨੂੰ ਵੀ ਤੂੰ ਦੇ ਰਿਹਾ ਹੈਂ ਤੇ ਜਿਹੜਾ ਵਿਚਾਰਾ ਝੋਲੀ ਅੱਡਦਾ ਪਿਆ ਹੈ, ਉਸ ਨੂੰ ਵੀ ਤੂੰ ਦੇ ਰਿਹਾ ਹੈਂ। ਦੇਣ ਵਾਲੇ ਨੂੰ ਵੀ ਤੂੰ ਹੀ ਦਾਤ ਦਿੱਤੀ ਅਤੇ ਮੰਗਣ ਵਾਲੇ ਨੂੰ ਵੀ ਤੂੰ ਹੀ ਬਣਾਇਆ।

**ਇਕਿ ਦਾਤੇ ਇਕਿ ਭੇਖਾਰੀ ਜੀ**

ਇਥੇ ਇਹ ਨਹੀਂ ਕਿਹਾ ਕਿ ਤੂੰ ਕਾਣੀ ਵੰਡ ਕੀਤੀ ਜਾਂ ਵਿਤਕਰਾ ਕੀਤਾ,

**ਸਭ ਤੇਰੇ ਚੋਜ ਵਿਡਾਣਾ॥** (ਰਹਰਾਸਿ ਸਾਹਿਬ)

ਦਾਤਾ ! ਤੇਰੇ ਹੈਰਾਨ ਕਰਨ ਵਾਲੇ ਚੋਜ ਹਨ। ਇਕ ਦਾਤੇ ਬਣ ਗਏ ਤੇ ਦੂਸਰੇ



Sri Satguru Jagjit Singh Ji eLibrary NamdhariElibrary@gmail.com

ਵਿਚਾਰੇ ਤੂੰ ਭੇਖਾਰੀ ਬਣਾ ਦਿੱਤੇ। ਇਕ ਇਨਸਾਨ ਉਹ ਹਨ, ਜਿਨ੍ਹਾਂ ਨੂੰ ਤੂੰ ਸੌਣ ਵਾਸਤੇ ਕੀਮਤੀ ਪਲੰਘ ਦਿੱਤੇ ਹਨ, ਜਿਹੜੇ ਪਲੰਘ ਸੋਨੇ ਦੀਆਂ ਤਾਰਾਂ ਨਾਲ ਬਣੇ ਹੋਏ ਹਨ। ਇਕ ਬੰਦਾ ਤੂੰ ਉਹ ਪੈਦਾ ਕੀਤਾ ਹੈ, ਜਿਸ ਦਾ ਪਲੰਘ ਉਸ ਦੇ ਕਮਰੇ ਨਾਲੋਂ ਵੱਧ ਕੀਮਤੀ ਹੈ ਅਤੇ ਇਕ ਬੰਦਾ ਤੂੰ ਉਹ ਪੈਦਾ ਕੀਤਾ ਹੈ, ਜਿਸ ਦੇ ਕੋਲ ਪਾਟੀ ਹੋਈ ਗੋਦੜੀ ਵੀ ਨਹੀਂ ਕਿ ਜਿਸ ਨੂੰ ਉਹ ਵਿਛਾ ਕੇ ਗੁਜ਼ਾਰਾ ਕਰ ਸਕੇ।

ਸਾਹਿਬ ਕਹਿੰਦੇ ਹਨ ਕਿ ਐ ਇਨਸਾਨ ! ਉਸ ਪ੍ਰਮਾਤਮਾ ਦੀ ਦਾਤ ਉੱਤੇ ਭਰੋਸਾ ਰੱਖ। ਇਕ ਉਹ ਇਨਸਾਨ ਹਨ, ਜਿਸ ਕੋਲ ਕੀਮਤੀ ਰੇਸ਼ਮ ਦੇ ਵਸਤਰ ਹਨ ਤੇ ਇਕ ਵਿਚਾਰਾ ਉਹ ਹੈ ਜਿਹੜਾ ਤਨ ਢੱਕਣ ਲਈ ਥਾਂ-ਥਾਂ ਟਾਕੀਆਂ ਲਗਾ ਕੇ, ਟਾਂਕੇ ਲਗਾ ਕੇ ਗੁਜ਼ਾਰਾ ਕਰਦਾ ਹੈ। ਪੁੱਛਿਆ ਕਬੀਰ ਜੀ ਨੂੰ ਕਿ ਇਸ ਨੂੰ ਕਿਵੇਂ ਬੰਦਾ ਸਮਝੇ ਕਿ ਪ੍ਰਮਾਤਮਾ ਨੇ ਇਕ ਨੂੰ ਇੰਨਾ ਕੁਝ ਦਿੱਤਾ ਹੈ ਤੇ ਗੁਆਂਢੀ ਵਿਚਾਰਾ ਭੁੱਖਾ ਮਰੇ, ਇਹ ਕਿਹੜੀ ਖੇਡ ਹੈ ?

ਸਾਹਿਬ ਕਹਿੰਦੇ ਹਨ, ਕਦੀ ਭਾਂਡੇ ਬਣਾਉਣ ਵਾਲੇ ਵੀਰ ਨੂੰ ਦੇਖ। ਉਹ ਘੜੇ ਬਣਾਉਂਦਾ ਹੈ। ਇਕ ਥਾਂ ਤੋਂ ਉਸ ਨੇ ਮਿੱਟੀ ਪੁੱਟ ਕੇ ਲਿਆਂਦੀ। ਇਸ ਨੂੰ ਪਾਣੀ ਵਿਚ ਗੁੰਨ੍ਹਿਆ। ਪਰਤ ਕੇ ਚੱਕ ਉੱਤੇ ਚੜ੍ਹਾ ਕੇ ਭਾਂਡਾ ਤਿਆਰ ਕੀਤਾ। ਜਦੋਂ ਤੱਪਦੀ ਹੋਈ ਅੱਗ ਵਿਚ ਉਹ ਭਾਂਡਾ ਪੱਕ ਗਿਆ ਤੇ ਬਜ਼ਾਰ ਵਿਚ ਵੇਚਣ ਤੋਂ ਪਹਿਲਾਂ ਕਈਆਂ ਭਾਂਡਿਆਂ ਉੱਤੇ ਉਸ ਨੇ ਆਪਣੇ ਵੱਲੋਂ ਰੰਗ ਕੀਤਾ ਹੁੰਦਾ। ਕਿਸੇ ਉੱਤੇ ਲਾਲ ਰੰਗ ਕੀਤਾ, ਕਿਸੇ ਉੱਤੇ ਕਾਲੇ ਰੰਗ ਦੀਆਂ ਧਾਰੀਆਂ ਬਣਾ ਦਿੱਤੀਆਂ, ਕਿਸੇ ਉੱਪਰ ਉਸ ਨੇ ਚਿੱਤਰ ਬਣਾ ਦਿੱਤੇ। ਬਜ਼ਾਰ ਵਿਚ ਭਾਂਡੇ ਗਏ। ਖ਼ਰੀਦਣ ਵਾਲੇ ਖ਼ਰੀਦ ਕੇ ਲੈ ਗਏ। ਇਕ ਭਾਂਡੇ ਵਿਚ ਲੋਕ ਹੀਰੇ ਮੋਤੀ ਪਾਉਣ ਲੱਗ ਗਏ, ਕਿਉਂਕਿ ਪੁਰਾਤਨ ਸਮੇਂ ਧਨ ਨੂੰ ਹੀ ਭਾਂਡੇ ਵਿਚ ਪਾ ਕੇ ਜ਼ਮੀਨ ਵਿਚ ਗੱਡਿਆ ਜਾਂਦਾ ਸੀ।

ਕਹਿੰਦੇ ਹਨ ਕਿ ਇਕ ਭਾਂਡੇ ਵਿਚ ਤਾਂ ਹਜ਼ਾਰਾਂ ਕੀਮਤੀ ਲੱਖਾਂ ਦਾ ਖ਼ਜ਼ਾਨਾ ਭਰ ਦਿੱਤਾ ਤੇ ਦੂਸਰੇ ਭਾਂਡੇ ਵਿਚ ਬੰਦੇ ਨੇ ਨਸ਼ਾ ਪਾਉਣਾ ਸ਼ੁਰੂ ਕਰ ਦਿੱਤਾ। ਭਾਂਡੇ ਤਾਂ ਇਕ ਘੁਮਿਆਰ ਦੇ ਹੀ ਬਣੇ ਹੋਏ ਹਨ। ਇੱਕੋ ਮਿੱਟੀ ਦੇ ਬਣੇ ਹੋਏ ਹਨ, ਇਕੋ ਅੱਗ ਵਿਚ ਪੱਕੇ ਹਨ, ਪਰ ਉਨ੍ਹਾਂ ਦੀ ਵਰਤੋਂ ਨੂੰ ਦੇਖੋ। ਇਕ ਵਿਚ ਕੀਮਤੀ ਖ਼ਜ਼ਾਨਾ ਭਰਿਆ ਪਿਆ ਹੈ ਤੇ ਇਕ ਵਿਚ ਨਸ਼ਾ ਭਰਿਆ ਪਿਆ ਹੈ। ਹੁਣ ਘੁਮਿਆਰ ਦੀ ਕੀ ਮਰਜ਼ੀ ਹੈ, ਉਸ ਨੇ ਤਾਂ ਬਣਾ ਦਿੱਤੇ ਹਨ। ਇਸੇ ਤਰ੍ਹਾਂ ਕਹਿੰਦੇ ਹਨ ਕਿ ਪ੍ਰਮਾਤਮਾ ਨੇ ਸਾਰੇ ਇਨਸਾਨ ਇਕ ਮਿੱਟੀ ਦੇ ਹੀ ਬਣਾਏ ਹੋਏ ਹਨ। ਉਸ ਪ੍ਰਮਾਤਮਾ ਨੇ ਸੰਸਾਰ ਨੂੰ ਇੱਕੋ ਜਿਹੇ ਤੱਤਾਂ ਨਾਲ ਸਿਰਜਿਆ ਹੈ, ਪਰ ਜਦੋਂ ਇਸ ਦਾ ਜਨਮ ਹੋਇਆ, ਇਸ ਦੀ ਬਾਜ਼ਾਰ ਵਿਚ ਕੀਮਤ ਪਈ ਤਾਂ ਇਕ ਭਾਂਡੇ ਉਹ ਸਨ ਜਿਹੜੇ ਸਾਰਾ ਦਿਨ ਬੰਦਗੀ ਦੇ ਖ਼ਜ਼ਾਨੇ ਨਾਲ ਭਰੇ ਰਹਿੰਦੇ ਸਨ ਤੇ ਇਕ ਭਾਂਡੇ ਉਹ ਸਨ ਜਿਹੜੇ ਸਿਰ ਤੋਂ ਪੈਰਾਂ ਤੱਕ ਵਾਸ਼ਨਾਵਾਂ ਵਿਚ



Sri Satguru Jagjit Singh Ji eLibrary NamdhariElibrary@gmail.com

ਡੁੱਬੇ ਰਹਿੰਦੇ ਸਨ। ਇਹ ਪ੍ਰਮਾਤਮਾ ਦੀ ਆਪਣੀ ਖੇਡ ਹੈ।

ਤੀਸਰਾ ਬਚਨ ਹੈ ਕਿ ਪ੍ਰਮਾਤਮਾ ਪਤਾ ਨਹੀਂ ਕਿਸ ਨੂੰ ਕਿੰਨੀ ਦਾਤ ਦੇਣੀ ਚਾਹੁੰਦਾ ਹੈ। ਮਾਂ ਇਕ ਕੁੱਖ ਤੋਂ ਦੋ ਪੁੱਤਰਾਂ ਨੂੰ ਜਨਮ ਦਿੰਦੀ ਹੈ। ਜਿਸ ਦਿਨ ਬੱਚੇ ਦਾ ਜਨਮ ਹੋਇਆ, ਮਾਂ ਨੇ ਜਿਸ ਸੀਨੇ ਵਿਚੋਂ ਅੰਮ੍ਰਿਤ ਦੁੱਧ ਪਹਿਲਾਂ ਵੱਡੇ ਪੁੱਤਰ ਨੂੰ ਪਿਲਾਇਆ, ਉਸੇ ਸੀਨੇ ਵਿਚੋਂ ਛੋਟੇ ਪੁੱਤਰ ਨੂੰ ਅੰਮ੍ਰਿਤ ਦੁੱਧ ਪਿਲਾਇਆ। ਮਾਂ ਜਦੋਂ ਕੱਪੜਾ ਖ਼ਰੀਦਣ ਗਈ, ਉਸ ਦੀ ਨਜ਼ਰ ਵਿਚ ਕਦੀ ਵੱਖਰੇਵਾਂ ਨਹੀਂ ਸੀ। ਉਸ ਨੇ ਇੱਕੋ ਦੁਕਾਨ ਤੋਂ ਇੱਕੋ ਜਿਹੇ ਵਸਤਰ ਖ਼ਰੀਦੇ। ਇੱਕੋ ਜਿਹੇ ਗਹਿਣੇ ਬੱਚਿਆਂ ਲਈ ਖ਼ਰੀਦੇ, ਇੱਕੋ ਜਿਹੇ ਭਾਂਡੇ ਵਿਚ ਇੱਕੋ ਜਿਹਾ ਭੋਜਨ ਬੱਚਿਆਂ ਨੂੰ ਦਿੱਤਾ ਤੇ ਕੋਈ ਮਾਂ ਨਹੀਂ ਚਾਹੁੰਦੀ ਕਿ ਮੇਰਾ ਪੁੱਤਰ ਨਾਲਾਇਕ ਅਨਪੜ੍ਹ ਹੋਵੇ। ਮਾਂ ਨੇ ਯਤਨ ਕੀਤਾ ਇੱਕੋ ਜਿਹਾ ਸਕੂਲ ਤੇ ਇੱਕੋ ਜਿਹੀ ਪੜ੍ਹਾਈ ਦੇਣ ਦੀ, ਪਰ ਪ੍ਰਮਾਤਮਾ ਦੀ ਖੇਡ ਇਸ ਤਰ੍ਹਾਂ ਦੀ ਹੈ ਕਿ ਮਾਪਿਆਂ ਨੇ ਯਤਨ ਕੀਤਾ ਤਾਲੀਮ ਇੱਕੋ ਜਿਹੀ ਦੇਣ ਦੀ, ਅਕਲ ਇੱਕੋ ਜਿਹੀ ਦੇਣ ਦੀ, ਜਿਸ ਦਿਨ ਮਾਪੇ ਬਜ਼ੁਰਗ ਹੋਏ, ਜ਼ਮੀਨ ਧਨ ਬਰਾਬਰ ਵੰਡ ਕੇ ਦੇ ਦਿੱਤੇ। ਘਰ ਵੰਡਣ ਤੱਕ ਮਾਪੇ ਬਰਾਬਰ ਪੁੱਤਰਾਂ ਨੂੰ ਸੁੱਖ ਦਿੰਦੇ ਰਹੇ। ਜਦੋਂ ਘਰ ਵੰਡ ਕੇ ਕਾਰੋਬਾਰ ਵੱਖਰੇ ਹੋਏ, ਪਰ ਮਾਪੇ ਕਿਸੇ ਦੇ ਮੱਥੇ ਦੇ ਲੇਖ ਇੱਕੋ ਜਿਹੇ ਨਾ ਲਿਖ ਸਕੇ। ਇਕ ਵਿਚਾਰਾ ਰੇਹੜੀ ਲਗਾਉਣ ਲੱਗ ਪਿਆ। ਦੂਸਰਾ ਅਰਬਾਂ-ਪਤੀ ਬਣ ਗਿਆ। ਮਾਂ ਬਾਪ ਨੇ ਯਤਨ ਕੀਤਾ ਕਿ ਸਾਰੀ ਜ਼ਿੰਦਗੀ ਇੱਕੋ ਜਿਹਾ ਸੁੱਖ ਮਾਣਨ, ਪਰ ਇਕ ਅਰਬਾਂ-ਪਤੀ ਤੇ ਇਕ ਵਿਚਾਰਾ ਦਿਹਾੜੀ ਕਰਨ ਲੱਗ ਪਿਆ। ਇਹ ਉਸ ਦੀ ਖੇਡ ਹੈ। ਕਦੀ ਮਾਂ ਬਾਪ ਬੱਚੇ ਦੇ ਕਰਮ ਇੱਕੋ ਜਿਹੇ ਨਹੀਂ ਲਿਖ ਸਕਦੇ।

ਇਕ ਸੱਜਣ ਨੇ ਛੋਟੀ ਜਿਹੀ ਕਹਾਣੀ ਲਿਖੀ ਹੈ। ਉਹ ਕਹਿੰਦਾ ਹੈ, ਇਕ ਸੇਠ ਅਮੀਰ ਪੁਰਸ਼ ਸੀ। ਉਸ ਦੇ ਘਰ ਦੇ ਸਾਹਮਣੇ ਕੋਈ ਲੋੜਵੰਦ ਬੰਦਾ ਆ ਗਿਆ। ਪਹਿਲਾਂ ਉਹ ਦਰਵਾਜ਼ੇ ਅੱਗੋਂ ਦੋ ਚਾਰ ਵਾਰ ਲੰਘਿਆ। ਪਰਤ ਕੇ ਉਹ ਦਰਵਾਜ਼ੇ ਦੇ ਸਾਹਮਣੇ ਖਲੋ ਗਿਆ। ਉਸ ਨੂੰ ਮੰਗਣਾ ਵੀ ਨਾ ਆਵੇ। ਉਹ ਦਰਵਾਜ਼ੇ ਵਿਚ ਖਲੋ ਕੇ ਕਹਿੰਦਾ ਹੈ ਕਿ ਮੇਰੇ ਕੋਲ ਕਮੀ ਕਿਸੇ ਚੀਜ਼ ਦੀ ਨਹੀਂ ਸੀ, ਪਰ ਰੱਬ ਨੇ ਇਹ ਦਿਨ ਦਿਖਾ ਦਿੱਤੇ ਹਨ। ਮੈਂ ਕਈ ਵਾਰੀ ਤੁਹਾਡੇ ਬੂਹੇ ਅੱਗੋਂ ਲੰਘਿਆ ਹਾਂ। ਮੰਗਣ ਦਾ ਯਤਨ ਕੀਤਾ ਹੈ, ਪਰ ਮੰਗ ਨਹੀਂ ਸਕਿਆ। ਮੈਨੂੰ ਭੁੱਖ ਬਹੁਤ ਲੱਗੀ ਹੈ। ਦੋ ਰੋਟੀਆਂ ਦੇ ਸਕਦੇ ਹੋ। ਮੇਰਾ ਦਿਲ ਨਹੀਂ ਸੀ ਕਰਦਾ ਮੰਗਣ ਨੂੰ, ਪਰ ਭੁੱਖ ਨੇ ਸਤਾ ਦਿੱਤਾ ਹੈ। ਅੰਦਰੋਂ ਸ਼ਾਹੂਕਾਰ ਨੇ ਨੌਕਰ ਨੂੰ ਆਵਾਜ਼ ਦਿੱਤੀ ਤੇ ਕਹਿਣ ਲੱਗਾ ਕਿ ਇਹ ਬੰਦਾ ਕਿੰਨੀ ਦੇਰ ਤੋਂ ਘੁੰਮੀ ਜਾ ਰਿਹਾ ਹੈ। ਇਸ ਨੂੰ ਧੱਕੇ ਮਾਰ ਕੇ ਘਰੋਂ ਬਾਹਰ ਕੱਢ। ਮੰਗਤਿਆਂ ਦਾ ਸੁਭਾਅ ਹੀ ਹੈ ਕਿ ਸਵੇਰੇ-ਸਵੇਰੇ ਬੂਹੇ ਅੱਗੇ ਆ ਕੇ ਚੱਕਰ ਮਾਰਨ ਲੱਗ ਪੈਂਦੇ ਹਨ।

ਨੌਕਰ ਨੇ ਪਹਿਲਾਂ ਸੋਚਿਆ, ਫਿਰ ਅੱਖਾਂ ਭਰ ਕੇ ਉਸ ਬੰਦੇ ਨੂੰ ਬਾਹੋਂ ਪਕੜਿਆ



Sri Satguru Jagjit Singh Ji eLibrary NamdhariElibrary@gmail.com

ਤੇ ਧੂਹ ਕੇ ਦਰਵਾਜ਼ੇ ਤੋਂ ਪਰ੍ਹਾਂ ਕਰ ਦਿੱਤਾ। ਉਹ ਬੰਦਾ ਅੱਖਾਂ ਭਰ ਕੇ ਚਲਾ ਗਿਆ।

ਪ੍ਰਮਾਤਮਾ ਦੀ ਖੇਡ ਐਸੀ ਵਾਪਰੀ ਕਿ ਜਿਹੜਾ ਅੱਜ ਤੱਕ ਲੋਕਾਂ ਨੂੰ ਧੱਕੇ ਮਾਰਦਾ ਸੀ, ਉਹ ਬੰਦਾ ਕੰਗਾਲ ਹੋ ਗਿਆ। ਜਿਸ ਘਰ ਵਿਚ ਰਹਿੰਦਾ ਸੀ, ਕਰਜ਼ਦਾਰਾਂ ਨੇ ਉਹ ਘਰ ਵੀ ਉਸ ਕੋਲੋਂ ਖੋਹ ਲਿਆ। ਉਸ ਦੇ ਨੌਕਰ ਨੇ ਕਿਹਾ, ਸੁਆਮੀ ! ਮੇਰਾ ਚਿਤ ਨਹੀਂ ਕਰਦਾ ਸੀ ਕਿ ਮੈਂ ਇਸ ਘਰ ਨੂੰ ਛੱਡ ਕੇ ਜਾਵਾਂ, ਪਰ ਮੇਰਾ ਵੀ ਪੇਟ ਹੈ, ਮੇਰੇ ਵੀ ਬੱਚੇ ਹਨ। ਅੱਜ ਤੇਰੇ ਬੱਚਿਆਂ ਲਈ ਖਾਣ ਲਈ ਕੁਝ ਨਹੀਂ ਰਿਹਾ ਤਾਂ ਤੂੰ ਮੈਨੂੰ ਕਿਸ ਤਰ੍ਹਾਂ ਦੇਵੇਂਗਾ। ਤੂੰ ਮੈਨੂੰ ਆਗਿਆ ਦੇ ਤਾਂ ਜੋ ਮੈਂ ਕਿਸੇ ਹੋਰ ਘਰ ਵਿਚ ਨੌਕਰੀ ਕਰ ਸਕਾਂ।

ਨੌਕਰ ਬੜਾ ਦਾਨਾ ਸੀ। ਰੋਜ਼ੀ ਲੱਭਣ ਤੁਰ ਪਿਆ। ਨੌਕਰ ਦੁਕਾਨਾਂ ਅੱਗੋਂ ਤੁਰਿਆ ਜਾਂਦਾ ਸੀ। ਇਕ ਸ਼ਾਹੂਕਾਰ ਆਪਣੀ ਦੁਕਾਨ ਵਿਚ ਬੈਠਾ ਸੀ। ਨੌਕਰ-ਚਾਕਰ ਉਸ ਕੋਲ ਬਹੁਤ ਸਨ। ਉਸ ਨੇ ਲੰਘਦੇ ਹੋਏ ਨੂੰ ਆਵਾਜ਼ ਦੇ ਕੇ ਕਿਹਾ ਕਿ ਤੂੰ ਕਿੰਨੀ ਦੇਰ ਤੋਂ ਮੇਰੀ ਦੁਕਾਨ ਅੱਗੋਂ ਲੰਘਦਾ ਪਿਆ ਹੈਂ। ਕੁਝ ਖ਼ਰੀਦਣਾ ਚਾਹੁੰਦਾ ਹੈਂ ? ਕਹਿਣ ਲੱਗਾ, ਮੈਂ ਖ਼ਰੀਦਣਾ ਨਹੀਂ ਚਾਹੁੰਦਾ, ਮਾਲਕ ਮੇਰਾ ਕੰਗਾਲ ਹੋ ਗਿਆ ਹੈ. ਮੈਂ ਨੌਕਰੀ ਲੱਭਣ ਆਇਆ ਹਾਂ। ਉਸ ਨੇ ਕਿਹਾ, ਜੀ ਸਦਕੇ। ਜਿੱਥੇ ਇੰਨੇ ਨੌਕਰ ਰੋਟੀ ਖਾਂਦੇ ਪਏ ਹਨ, ਉਥੇ ਤੂੰ ਵੀ ਆ ਜਾ। ਪ੍ਰਮਾਤਮਾ ਤੇਰੇ ਭਾਗਾਂ ਨਾਲ ਮੇਰੇ ਘਰ ਵਿਚ ਹੋਰ ਬਰਕਤ ਪਾ ਦੇਵੇਗਾ। ਨੌਕਰ ਨੇ ਨੌਕਰੀ ਸ਼ੁਰੂ ਕਰ ਦਿੱਤੀ ਅਤੇ ਦੁਕਾਨ 'ਤੇ ਕੰਮ ਕਰਨ ਲੱਗਾ। ਬਾਅਦ ਵਿਚ ਸ਼ਾਹੂਕਾਰ ਆਪਣੇ ਘਰ ਵਿਚ ਲੈ ਗਿਆ ਅਤੇ ਆਪਣਾ ਨਿਜੀ ਸੇਵਾਦਾਰ ਬਣਾ ਲਿਆ। ਪੁੱਤਰਾਂ ਦੀ ਤਰ੍ਹਾਂ ਰੱਖਣ ਲੱਗਾ।

ਅੱਜ ਸ਼ਾਹੂਕਾਰ ਦੇ ਘਰ ਅੱਗੇ ਸਵੇਰੇ-ਸਵੇਰੇ ਕੋਈ ਸੱਜਣ ਆਇਆ। ਉਹ ਮੰਗਤਾ ਸੀ। ਕੱਪੜੇ 'ਤੇ ਟਾਕੀਆਂ ਲੱਗੀਆਂ ਹੋਈਆਂ ਸਨ। ਵਾਲ ਖਿਲਰੇ ਹੋਏ ਸਨ। ਜਦੋਂ ਉਸ ਨੇ ਹੱਥ ਜੋੜ ਕੇ ਕਿਹਾ ਕਿ ਮੈਂ ਕਈ ਦਿਨਾਂ ਦਾ ਭੁੱਖਾ ਹਾਂ, ਮੈਨੂੰ ਰੋਟੀ ਦਾ ਇਕ ਟੁੱਕੜਾ ਹੀ ਦੇ ਦਿਉ। ਮਾਲਕ ਨੇ ਸੁਣਿਆ ਤੇ ਨੌਕਰ ਨੂੰ ਆਵਾਜ਼ ਮਾਰ ਕੇ ਕਿਹਾ ਕਿ ਲਿਆ ਇਸ ਨੂੰ ਪਕੜ ਕੇ ਅੰਦਰ। ਪਹਿਲਾਂ ਇਸ ਦਾ ਇਸ਼ਨਾਨ ਕਰਵਾ, ਫਿਰ ਇਸ ਨੂੰ ਪਾਉਣ ਵਾਸਤੇ ਸੋਹਣੇ ਵਸਤਰ ਦੇ ਤੇ ਘਰ ਵਿਚ ਚੰਗੀ ਜਗ੍ਹਾ 'ਤੇ ਬਿਠਾ ਕੇ ਇਸ ਨੂੰ ਭੋਜਨ ਛਕਾਈਂ ਤੇ ਤੁਰਨ ਲੱਗਿਆਂ ਇਸ ਦੀ ਜੇਬ ਵਿਚ ਪੈਸੇ ਜ਼ਰੂਰ ਪਾਈਂ।

ਨੌਕਰ ਨੇ ਉਸ ਨੂੰ ਲਿਆ ਕੇ ਇਸ਼ਨਾਨ ਕਰਾਇਆ। ਸੋਹਣੇ ਕੱਪੜੇ ਪਹਿਨਾਏ ਤੇ ਸੋਹਣਾ ਭੋਜਨ ਛਕਾਇਆ। ਜਦੋਂ ਆਪਣੇ ਹੱਥ ਨਾਲ ਪਕੜ ਕੇ ਪੈਸੇ ਉਸ ਦੀ ਜੇਬ ਵਿਚ ਪਾਉਣ ਲੱਗਾ ਤਾਂ ਉਸ ਬੰਦੇ ਨੂੰ, ਜਿਹੜਾ ਮੰਗਣ ਆਇਆ ਸੀ, ਉਸ ਨੂੰ ਅੱਗੋਂ ਧੰਨਵਾਦ ਕਰਨ ਦੀ ਜਾਚ ਨਾ ਆਈ। ਨੌਕਰ ਜਦੋਂ ਉਸ ਦੀ ਜੇਬ ਵਿਚ ਰੁਪਏ ਪਾਉਣ ਲੱਗਾ ਤਾਂ ਪਤਾ ਨਹੀਂ ਨੌਕਰ ਨੂੰ ਕੀ ਹੋਇਆ ਕਿ ਉਹ ਜ਼ਾਰੋ-ਜ਼ਾਰ ਉੱਚੀ-ਉੱਚੀ ਰੋਣ

ਲੱਗ ਪਿਆ। ਜਦੋਂ ਜ਼ਾਰੋ-ਜ਼ਾਰ ਰੋਇਆ ਤਾਂ ਉਸ ਮਾਲਕ ਨੇ ਕਿਹਾ, ਬੇਟਾ ! ਤੂੰ ਕਿਉਂ ਰੋ ਰਿਹਾ ਹੈਂ ? ਅਸੀਂ ਲੋੜਵੰਦ ਦੀ ਸੇਵਾ ਕੀਤੀ, ਲੋੜਵੰਦ ਨੂੰ ਭੋਜਨ ਛਕਾਇਆ, ਵਸਤਰ ਦਿੱਤੇ, ਪੈਸੇ ਦਿੱਤੇ, ਪਰ ਤੂੰ ਕਿਉਂ ਰੋਇਆ ਏਂ ? ਨੌਕਰ ਕਹਿੰਦਾ ਹੈ, ਮਾਲਕ ! ਮੈਂ ਰੋਇਆ ਇਸ ਕਰਕੇ ਹਾਂ, ਕਿਉਂਕਿ ਮੈਂ ਪਹਿਚਾਣ ਲਿਆ ਹੈ ਕਿ ਇਹ ਉਹੀ ਸ਼ਾਹੂਕਾਰ ਹੈ, ਜਿਸ ਨੇ ਕਦੀ ਤੈਨੂੰ ਆਪਣੇ ਘਰੋਂ ਧੱਕੇ ਮਰਵਾਏ ਸਨ ਮੇਰੇ ਕੋਲੋਂ ਤੇ ਅੱਜ ਰੱਬ ਨੇ ਤੈਨੂੰ ਦਾਤ ਦਿੱਤੀ ਤੇ ਤੂੰ ਬੁਲਾ ਕੇ ਇਸ ਨੂੰ ਜਲ ਪਾਣੀ ਛਕਾ ਦਿੱਤਾ। ਕੱਲ ਇਹ ਤੇਰੇ ਘਰ ਆਇਆ ਸੀ ਅਤੇ ਇਕ ਵਾਰ ਤੂੰ ਇਸ ਦੇ ਘਰ ਗਿਆ ਸੀ। ਮੈਨੂੰ ਪਤਾ ਹੈ ਮਾਲਕ ! ਮੈਂ ਤੈਨੂੰ ਵੀ ਪਹਿਚਾਣ ਲਿਆ ਹੈ ਤੇ ਇਸ ਨੂੰ ਵੀ ਪਹਿਚਾਣ ਲਿਆ ਹੈ। ਰੋਇਆ ਤਾਂ ਹਾਂ ਕਿ ਰੱਬ ਜੀ ! ਤੇਰੇ ਕੀ ਚੋਜ ਹਨ ? ਕਦੀ ਜਿਹੜਾ ਅੱਜ ਮੰਗਤਾ ਸੀ, ਕੱਲ ਇਹ ਮਾਲਕ ਸੀ ਤੇ ਜੋ ਅੱਜ ਮੇਰਾ ਮਾਲਕ ਹੈ, ਕਲ ਉਹ ਮੰਗਤਾ ਸੀ। ਮੇਰੇ ਕੋਲੋਂ ਉਸ ਨੇ ਤੈਨੂੰ ਧੱਕੇ ਮਰਵਾਏ ਸਨ। ਜਿਸ ਨੂੰ ਧੱਕੇ ਪਏ, ਅੱਜ ਉਹ ਮਾਲਕ ਬਣ ਗਿਆ। ਜਿਸ ਨੇ ਧੱਕੇ ਮਰਵਾਏ, ਉਹ ਅੱਜ ਭੇਖਾਰੀ ਬਣ ਗਿਆ।

ਬਾਬਾ ਬਕਾਲਾ ਸਾਹਿਬ ਦੇ ਨੇੜੇ ਇਕ ਪਿੰਡ ਹੈ ਬੁਟਾਲਾ। ਉਥੇ ਛੇਵੇਂ ਗੁਰਦੇਵ ਜੀ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ। ਉਥੇ ਇਕ ਬਜ਼ੁਰਗ ਮਾਈ ਰਹਿੰਦੀ ਸੀ। ਇਤਿਹਾਸ ਵਿਚ ਉਸ ਦਾ ਨਾਮ ਕਿਤੇ ਨਹੀਂ ਆਇਆ। ਉਸ ਪਿੰਡ ਦਾ ਇਤਿਹਾਸ ਦੱਸਦਾ ਹੈ ਕਿ ਉਸ ਮਾਈ ਦਾ ਨਾਮ ਸੰਤੀ ਸੀ। ਉਸ ਦੇ ਸਾਈਂ ਦੀ ਮੌਤ ਹੋ ਚੁੱਕੀ ਸੀ। ਇਕੋ-ਇਕ ਪੁੱਤਰ ਸੀ। ਗ਼ਰੀਬੀ ਅੱਤ ਦੀ ਸੀ, ਪਰ ਗੁਰੂ ਨੇ ਅੰਦਰ ਦੀ ਜਿਹੜੀ ਅਮੀਰੀ ਦਿੱਤੀ ਸੀ, ਉਸ ਦੇ ਵਰਗੀ ਸਾਰੇ ਪਿੰਡ ਵਿਚ ਹੋਰ ਕੋਈ ਨਹੀਂ ਸੀ। ਸਿਮਰਨ ਕਰਨ ਵਾਲੀ, ਬਾਣੀ ਪੜ੍ਹਨ ਵਾਲੀ, ਪ੍ਰਮਾਤਮਾ ਨੂੰ ਜੱਪਣ ਵਾਲੀ। ਹਜ਼ੂਰ ਗੁਰੂ ਹਰਿਗੋਬਿੰਦ ਸਾਹਿਬ ਜੀ ਉੱਥੇ ਗਏ। ਉਸ ਮਾਈ ਸੰਤੀ ਨੇ ਆਪਣੇ ਪੁੱਤਰ ਨੂੰ ਇਕ ਦਾਤ ਦਿੱਤੀ ਸੀ। ਇਸ ਉਡੀਕ ਵਿਚ ਬੁਟਾਲੇ ਬੱਚਾ ਬੈਠ ਗਿਆ ਕਿ ਮੇਰੀ ਮਾਂ ਨੇ ਕਿਹਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਆਉਣਗੇ। ਉਸ ਨੇ ਪੱਲੇ ਗੁੜ ਬੰਨ੍ਹਿਆ ਤੇ ਲੋਕਾਂ ਨੇ ਉਸ ਦਾ ਨਾਮ ਪੱਲੂ ਪਾ ਦਿੱਤਾ ਕਿ ਸੰਤੀ ਦਾ ਮੁੰਡਾ ਪੱਲੂ ਬਣ ਗਿਆ ਹੈ। ਜਿਉਂ-ਜਿਉਂ ਉਹ ਯਾਦ ਕਰੇ, ਤਿਉਂ-ਤਿਉਂ ਅੰਦਰ ਹੋਰ ਰੰਗਤ ਆ ਗਈ। ਇੰਨਾ ਸ਼ਬਦ ਜੱਪਿਆ ਉਸ ਬੱਚੇ ਨੇ ਕਿ ਗੁਰੂ-ਗੁਰੂ ਕਹਿਣ ਲੱਗ ਪਿਆ।

ਧੰਨ ਗੁਰੂ ਹਰਿਗੋਬਿੰਦ ਸਾਹਿਬ ਇਕ ਦਿਨ ਆ ਗਏ। ਜਿਸ ਦਿਨ ਆਏ ਤਾਂ ਇਹ ਬੰਨ੍ਹੇ ਉੱਪਰ ਖੇਤ ਵਿਚ ਬੈਠਾ ਸੀ। ਧੰਨ ਗੁਰੂ ਹਰਿਗੋਬਿੰਦ ਸਾਹਿਬ ਜਦੋਂ ਇਸ ਪਿੰਡ ਵਿਚ ਆਏ ਤਾਂ ਉਥੇ ਇਕ ਚੌਧਰੀ ਲੰਘਦਾ ਪਿਆ ਸੀ। ਉਸ ਕੋਲੋਂ ਹੱਸ ਕੇ ਪੁੱਛਿਆ ਕਿ ਇਸ ਪਿੰਡ ਦਾ ਚੌਧਰੀ ਕੌਣ ਹੈ ? ਉਸ ਮਾਈ ਦਾ ਮੁੰਡਾ ਬੰਨ੍ਹੇ 'ਤੇ ਬੈਠਾ ਸੀ। ਕਿਉਂਕਿ ਉਨ੍ਹਾਂ ਦੀ ਰੋਟੀ ਬਹੁਤ ਮੁਸ਼ਕਿਲ ਨਾਲ ਚੱਲਦੀ ਸੀ ਇਸ ਕਰਕੇ ਚੌਧਰੀ ਹੱਸ ਕੇ ਤੇ ਮਜ਼ਾਕ



Sri Satguru Jagjit Singh Ji eLibrary NamdhariElibrary@gmail.com

ਕਰਕੇ ਕਹਿਣ ਲੱਗਾ ਕਿ ਚੌਧਰੀ ਨੂੰ ਮਿਲਣਾ ਹੈ ਤਾਂ ਉਹ ਬੰਨ੍ਹੇ 'ਤੇ ਬੈਠਾ ਹੈ। ਗੁਰੂ ਜੀ ਗੰਭੀਰ ਹੋ ਕੇ ਕਹਿਣ ਲੱਗੇ ਕਿ ਜਿਸ ਦਾ ਅੱਜ ਗ਼ਰੀਬੀ ਕਰਕੇ ਚੌਧਰੀ ਕਹਿ ਕੇ ਮਜ਼ਾਕ ਉਡਾਉਂਦੇ ਹੋ, ਸਮਾਂ ਆਏਗਾ, ਇਸ ਪਿੰਡ ਦਾ ਚੌਧਰੀ ਇਹ ਹੀ ਬਣੇਗਾ। ਪਿੰਡ ਵਾਲੇ ਮਜ਼ਾਕ ਕਰਕੇ ਕਹਿੰਦੇ ਹਨ ਕਿ ਉਹ ਬੈਠਾ ਹੈ ਚੌਧਰੀ ਅਤੇ ਜਿਸ ਸ਼ਹਿਨਸ਼ਾਹ ਦੇ ਅੱਗੇ ਸਾਰੀ ਦੁਨੀਆਂ ਝੁੱਕਦੀ ਹੈ, ਉਹ ਘੋੜੇ ਤੋਂ ਉਤਰ ਕੇ ਬੱਚੇ ਨੂੰ ਆਪਣੀ ਗੋਦ ਵਿਚ ਲੈ ਕੇ ਕਹਿੰਦਾ ਹੈ, ਪੁੱਤਰ, ਭੁੱਖ ਲੱਗੀ ਹੈ, ਕੁਝ ਖਾਣ ਨੂੰ ਹੈ ਤਾਂ ਮੈਨੂੰ ਦੇ ਦੇ।

ਕੀ ਉਸ ਦਾਤੇ ਨੂੰ ਕਿਸੇ ਚੀਜ਼ ਦੀ ਕਮੀ ਹੈ ? ਕੀ ਉਸ ਦਾਤੇ ਨੂੰ ਕਿਸੇ ਚੀਜ਼ ਦਾ ਘਾਟਾ ਹੈ ? ਬਸ ਇਹ ਹੈ ਅੰਦਰ ਦੀ ਅਮੀਰੀ ਕਿ ਪਾਟੇ ਕੱਪੜੇ ਹੋਣ, ਪੱਲੇ ਕੁਝ ਨਾ ਹੋਵੇ ਤੇ ਗੁਰੂ ਗੋਦੀ ਵਿਚ ਬਿਠਾ ਕੇ ਆਪਣਾ ਪਿਆਰ ਦੇਵੇ, ਇਸ ਤੋਂ ਵੱਡੀ ਅਮੀਰੀ ਕੀ ਹੈ ?

ਗੁਰਮਤਿ ਦਾ ਪੈਮਾਨਾ ਕੀ ਹੈ ? ਜਿਸ ਦੇ ਅੰਦਰ ਨਾਮ ਨਹੀਂ, ਉਹ ਸਭ ਤੋਂ ਵੱਧ ਕੰਗਾਲ ਹੈ। ਸਾਡਾ ਨਜ਼ਰੀਆ ਤੇ ਗੁਰੂ ਸਾਹਿਬ ਦਾ ਨਜ਼ਰੀਆ ਇਸ ਵਿਚ ਜ਼ਮੀਨ ਆਸਮਾਨ ਦਾ ਫ਼ਰਕ ਨਿਕਲੇਗਾ। ਅਸੀਂ ਉਸ ਬੰਦੇ ਨੂੰ ਬੰਦਾ ਜਾਣਦੇ ਹਾਂ, ਜਿਸ ਕੋਲ ਸਹੂਲਤਾਂ ਦੀ ਭਰਮਾਰ ਹੋਵੇ, ਭਾਵੇਂ ਉਸ ਦੇ ਅੰਦਰ ਦੀ ਸਹੂਲਤ ਖ਼ਤਮ ਹੋ ਗਈ ਹੋਵੇ।

ਧੰਨ ਗੁਰੂ ਅਰਜਨ ਸਾਹਿਬ ਨੇ ਜਿਹੜੀਆਂ ਸਹੂਲਤਾਂ ਦਿੱਤੀਆਂ ਹਨ, ਸ਼ਾਇਦ ਉਹ ਕਿਸੇ ਕੋਲ ਅਜੇ ਤੱਕ ਨਾ ਹੋਣ। ਕਹਿੰਦੇ ਹਨ, ਧਨ ਇਹ ਨਹੀਂ ਜੋ ਸਹੂਲਤ ਤੈਨੂੰ ਦੇਵੇ। ਤੇਰੀ ਸੇਜ ਅੱਤ ਦੀ ਸੁੰਦਰ ਹੋਵੇ। ਹੁਸੀਨ ਸੇਜ ਹੋਵੇ ਤੇ ਫਿਰ ਤੇਰੇ ਘਰ ਦੀ ਉਸ ਸੇਜ ਵਿਚ ਕੀਮਤੀ ਹੀਰੇ ਮੋਤੀ ਜੜੇ ਹੋਣ। ਗਰਮੀ ਵਿਚ ਸੁੱਖ ਦੇ ਸਾਧਨ ਵੱਖਰੇ ਹੋਣ ਤੇ ਸਰਦੀ ਵਿਚ ਵੱਖਰੇ ਹੋਣ। ਪੱਤਝੜ ਵਿਚ ਠੰਢੀਆਂ ਹਵਾਵਾਂ ਵਿਚ ਤੇਰੇ ਘਰ ਦਾ ਮੌਸਮ ਆਪਣੇ ਆਪ ਬਦਲ ਜਾਵੇ। ਬਾਹਰ ਨਿਕਲੇਂ ਤਾਂ ਤੇਰੇ ਹੱਥ ਪੈਰ ਸੋਨੇ ਨਾਲ ਲੱਦੇ ਹੋਣ, ਪਰ ਗੁਰੂ ਜੀ ਨੇ ਬਚਨ ਕੀਤਾ ਕਿ ਦੁਨੀਆਂ ਦਾ ਹਰ ਸੁੱਖ ਮਾਨਣਾ ਹੋਵੇ ਤਾਂ ਲੋਕ ਕਹਿਣ ਇਸ ਦੇ ਵਰਗਾ ਧਨਾਢ ਕੋਈ ਨਹੀਂ। ਧੰਨ ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਜੇ ਸਾਡੇ ਸਾਹਮਣੇ ਕੋਈ ਆਏ ਤਾਂ ਅਸੀਂ ਇੱਕੋ ਗੱਲ ਕਹਾਂਗੇ ਕਿ ਸੁੱਖ ਲੈ ਕੇ ਵਿਸ਼ੇ ਨੂੰ ਭੋਗਣ ਵਾਲਿਆ ! ਇਕ ਗੰਦਗੀ ਦਾ ਕੀੜਾ ਪੈਦਾ ਹੋਇਆ ਸਮੇਂ ਨਾਲ ਆਪਣੇ-ਆਪ ਹੀ ਚਲਾ ਜਾਵੇਗਾ। ਸੁੰਦਰ ਸੇਜ ਹੋਵੇ, ਅਨੇਕ ਸੁੱਖ ਹੋਣ। ਮਨ ਜੇ ਅੱਧੀ ਰਾਤ ਨੂੰ ਕਹਿੰਦਾ ਹੈ ਕਿ ਮੈਨੂੰ ਇਹ ਚੀਜ਼ ਚਾਹੀਦੀ ਹੈ ਤਾਂ ਉਸੇ ਵੇਲੇ ਉਹ ਵਸਤੂ ਹਾਜ਼ਰ ਹੋ ਜਾਵੇ, ਪਰ ਗੁਰੂ ਜੀ ਕਹਿੰਦੇ ਹਨ ਕਿ ਜੇ ਵਾਹਿਗੁਰੂ ਜੀ ਦੀ ਅੰਦਰ ਯਾਦ ਨਹੀਂ ਤਾਂ ਗੰਦਗੀ ਦੇ ਕੀੜੇ ਤੋਂ ਵੱਧ ਕੇ ਉਸ ਦੀ ਕੋਈ ਹੈਸੀਅਤ ਨਹੀਂ। ਸਾਹਿਬ ਕਹਿੰਦੇ ਹਨ ਕਿ ਇਕ ਉਹ ਇਨਸਾਨ ਜਿਹੜਾ ਕੱਖਾਂ ਦੀ ਕੁੱਲੀ ਵਿਚ ਰਹਿੰਦਾ ਪਿਆ ਹੈ। ਇਸ ਦੇ ਤਨ 'ਤੇ ਵਸਤਰ ਵੀ ਦੋ ਹਨ। ਧਨ ਦੀ ਗ਼ਰੀਬੀ ਦੇ ਕਰਕੇ ਸੱਕੇ ਭਰਾ ਵੀ ਉਸ ਤੋਂ ਆਪਣਾ ਮੂੰਹ ਮੋੜ



Sri Satguru Jagjit Singh Ji eLibrary NamdhariElibrary@gmail.com

ਲੈਂਦੇ ਹਨ। ਜਿਸ ਦੇ ਕੋਲ ਕੱਖਾਂ ਦੀ ਕੁੱਲੀ ਹੋਵੇ, ਮਿੱਤਰ, ਭਰਾ ਕੋਈ ਨਹੀਂ, ਤਨ 'ਤੇ ਵਸਤਰ ਕੀਮਤੀ ਨਹੀਂ, ਪਰ ਉਸ ਦੇ ਅੰਦਰੋਂ ਰੱਬ ਦੀ ਯਾਦ ਕਦੀ ਨਹੀਂ ਭੁੱਲਦੀ। ਗੁਰੂ ਜੀ ! ਪਿੰਡ ਦੇ ਸਾਰੇ ਲੋਕ ਉਸ ਨੂੰ ਕਹਿੰਦੇ ਹਨ ਗ਼ਰੀਬੜਾ। ਗੁਰੂ ਜੀ ਕਹਿੰਦੇ ਹਨ, ਨਹੀਂ, ਜੇ ਮੇਰੇ ਕੋਲੋਂ ਪੁੱਛੋ ਤਾਂ ਉਹ ਸਾਰੀ ਧਰਤੀ ਦਾ ਸ਼ਹਿਨਸ਼ਾਹ ਹੈ। ਉਸ ਨੂੰ ਗ਼ਰੀਬ ਨਾ ਕਹੋ, ਉਸ ਦੇ ਚਰਨਾਂ ਦੀ ਮਿੱਟੀ ਮੱਥੇ 'ਤੇ ਲਗਾਉ, ਕਿਤੇ ਮਾੜੇ ਕਰਮ ਵੀ ਸਿੱਧੇ ਹੋ ਜਾਣਗੇ। ਜਿਹੜਾ ਨਾਮ ਵਿਚ ਭਿੱਜਾ ਹੈ, ਉਹ ਸਾਰੀ ਧਰਤੀ ਦਾ ਰਾਜਾ ਹੈ।

ਭਾਈ ਨੰਦ ਲਾਲ ਜੀ ਦਾ ਇਕ ਬਚਨ ਆਉਂਦਾ ਹੈ। ਕਹਿੰਦੇ ਹਨ, ਲੋਕੋ ! ਜਦੋਂ ਕੋਈ ਇਨਸਾਨ ਚੰਗਾ ਕਾਰਨਾਮਾ ਕਰਕੇ ਆਉਂਦਾ ਹੈ ਤਾਂ ਰਾਜੇ ਮਹਾਰਾਜੇ ਉਸ ਨੂੰ ਖ਼ਿਲਅੱਤ ਦਿੰਦੇ ਸਨ। ਅੱਜ ਜਦੋਂ ਬੱਚਾ ਡਿਗਰੀ ਲੈਂਦਾ ਹੈ ਤਾਂ ਡਿਗਰੀ ਲੈਣ ਵੇਲੇ ਜਿਹੜਾ ਡਿਗਰੀ ਦਿੰਦਾ ਹੈ, ਉਸ ਦੀ ਪੁਸ਼ਾਕ ਤੇ ਡਿਗਰੀ ਲੈਣ ਵਾਲੇ ਦੀ ਪੁਸ਼ਾਕ ਆਮ ਦਿਨਾਂ ਵਾਂਗ ਨਹੀਂ ਹੁੰਦੀ, ਕਿਉਂਕਿ ਅੱਜ ਉਸ ਨੂੰ ਕੁੱਝ ਮਿਲਣ ਲੱਗਾ ਹੈ, ਕਿਸੇ ਪਦਵੀ 'ਤੇ ਪਹੁੰਚਿਆ ਹੈ, ਉਸ ਦੀ ਪੁਸ਼ਾਕ ਵੱਖਰੀ ਹੈ। ਭਾਈ ਨੰਦ ਲਾਲ ਜੀ ਕਹਿੰਦੇ ਹਨ ਕਿ ਬਾਹਰੋਂ ਉਸ ਨੂੰ ਨਾ ਤੂੰ ਦੇਖ ਕਿ ਉਸ ਕੋਲ ਟੱਕੇ ਕਿੰਨੇ ਹਨ, ਉਸ ਪਿੱਛੇ ਲੋਕ ਕਿੰਨੇ ਹਨ, ਉਸ ਦਾ ਘਰ ਕਿੰਨਾ ਵੱਡਾ ਹੈ। ਕਦੀ ਉਸ ਬੰਦੇ ਨੂੰ ਤੂੰ ਦੇਖੀਂ, ਜਿਸ ਨੂੰ ਭਾਵਨਾ ਵਾਲੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਗਲੇ ਨਾਲ ਲਗਾ ਲਿਆ ਹੈ।

ਕਹਿੰਦੇ ਹਨ, ਸਤਿਗੁਰੂ ਨੇ ਇਕ ਪੁਸ਼ਾਕ ਦਿੱਤੀ, ਜਿਹੜੀ ਕਿਸੇ ਰੂਹਾਨੀਅਤ ਵਾਲੇ ਨੂੰ ਹੀ ਨਜ਼ਰ ਆਉਂਦੀ ਸੀ। ਉਸ ਪੁਸ਼ਾਕ ਦਾ ਨਾਂ ਬੰਦਗੀ ਸੀ। ਉਸ ਪੁਸ਼ਾਕ ਦਾ ਨਾਂ ਸੀ ਸਿਮਰਨ, ਉਸ ਪੁਸ਼ਾਕ ਦਾ ਨਾਮ ਸੀ ਪ੍ਰੇਮ ਪਟੋਲਾ। ਕਹਿੰਦੇ ਹਨ, ਦੇਖੋ ਜਿਸ ਨੂੰ ਕਲਗੀ ਵਾਲਾ ਰੂਹਾਨੀਅਤ ਦੀ ਪੁਸ਼ਾਕ ਦਿੰਦਾ ਹੈ, ਚਾਰ ਟੱਕਿਆਂ ਦੀ ਗੱਲ ਕੀ ਹੈ, ਅਸਮਾਨ ਤੇ ਰਾਤ ਨੂੰ ਚੰਦਰਮਾ ਸਮੁੰਦਰ ਨੂੰ ਪੂਰਨਮਾਸ਼ੀ ਦੀ ਰਾਤ ਨੂੰ ਖਿੱਚ ਪਾਉਂਦਾ ਹੈ। ਸਮੁੰਦਰ ਉੱਛਲ-ਉੱਛਲ ਕੇ ਬਾਹਰ ਨਿਕਲਦਾ ਹੈ। ਕਹਿੰਦੇ ਹਨ, ਮੇਰੇ ਸਤਿਗੁਰੂ ! ਜਿਸ ਨੂੰ ਤੂੰ ਰੂਹਾਨੀਅਤ ਦੀ ਪੁਸ਼ਾਕ ਦਿੰਦਾ ਹੈਂ, ਇਸ ਚੰਦਰਮਾ ਤੋਂ ਲੈ ਕੇ ਸਮੁੰਦਰ ਦੀ ਗਹਿਰਾਈ ਤੱਕ ਸਾਰੇ ਖ਼ਜ਼ਾਨੇ ਉਸ ਦਾ ਪਾਣੀ ਭਰਨ ਲੱਗ ਪੈਂਦੇ ਹਨ। ਬੰਦਗੀ ਦੀ ਪੁਸ਼ਾਕ ਸਾਹਮਣੇ ਰਾਜਿਆਂ-ਮਹਾਰਾਜਿਆਂ ਦੇ ਸਰੋਪਿਆਂ ਦੀ ਕੀਮਤੀ ਕੀ ਹੈ ? ਚੰਦਰਮਾ ਤੋਂ ਲੈ ਕੇ ਸਮੁੰਦਰ ਤੱਕ ਦੇ ਸਾਰੇ ਖ਼ਜ਼ਾਨੇ ਉਨ੍ਹਾਂ ਦੇ ਸਾਹਮਣੇ ਖਲੋ ਗਏ, ਜਿਨ੍ਹਾਂ ਨੂੰ ਤੂੰ ਕ੍ਰਿਪਾ ਕਰਕੇ ਨਾਮ ਦੀ ਦੌਲਤ ਦੇ ਦਿੱਤੀ।

ਇਕ ਕਮਾਈ ਵਾਲੇ ਮਹਾਂਪੁਰਸ਼ ਬਚਨ ਸੁਣਾਉਂਦੇ ਸਨ ਕਿ ਕਿਸੇ ਰਾਜੇ ਦੇ ਮਨ ਵਿਚ ਵੈਰਾਗ ਆਇਆ। ਰਾਜ ਗੱਦੀ 'ਤੇ ਬੈਠਾ, ਅਚਾਨਕ ਅੰਦਰ ਚੋਟ ਵੱਜੀ ਤੇ ਫ਼ਕੀਰ ਬਣ ਗਿਆ। ਬੰਦਗੀ ਕਰਨ ਲੱਗਾ ਤੇ ਕਈ ਸਾਲਾਂ ਤੋਂ ਬਾਅਦ ਵਾਪਸ ਆਇਆ। ਆਪਣੇ ਰਾਜ ਤੋਂ ਬਾਹਰ ਬੈਠ ਗਿਆ। ਅਚਾਨਕ ਪਿੰਡ ਦੇ ਲੋਕਾਂ ਨੇ ਦੇਖਿਆ ਤੇ ਕਤਾਰਾਂ



Sri Satguru Jagjit Singh Ji eLibrary NamdhariElibrary@gmail.com

ਲੱਗ ਗਈਆਂ ਕਿ ਫ਼ਕੀਰ ਆਇਆ ਹੈ। ਉਸ ਰਾਜੇ ਦੇ ਪੁੱਤਰ ਵੀ ਦੇਖਣ ਗਏ ਤੇ ਪਹਿਚਾਣ ਲਿਆ। ਉਸ ਦਾ ਦਾਹੜਾ ਵਧਿਆ ਹੋਇਆ ਸੀ। ਉਸ ਦੇ ਕੇਸ ਵੱਧੇ ਹੋਏ ਸਨ। ਰਾਣੀ ਨੇ ਪਹਿਚਾਣ ਲਿਆ। ਕਹਿਣ ਲੱਗੀ, ਬੇਟਾ ! ਇਹ ਤੁਹਾਡੇ ਪਿਤਾ ਹਨ ਜਿਹੜੇ ਕਈ ਸਾਲ ਪਹਿਲਾਂ ਰਾਜ ਛੱਡ ਕੇ ਚਲੇ ਗਏ। ਪੁੱਤਰਾਂ ਨੇ ਪੈਰ ਪਕੜੇ ਅਤੇ ਕਹਿਣ ਲੱਗੇ, ਪਿਤਾ ਜੀ ! ਕਿਹੜੇ ਕੱਪੜੇ ਪਾ ਕੇ ਬੈਠਾ ਹੈਂ ? ਕਿਸ ਚੀਜ਼ ਦੀ ਕਮੀ ਹੈ ? ਅਸੀਂ ਤੇਰਾ ਰਾਜ ਵੀ ਅੱਗੇ ਨਾਲੋਂ ਵਧਾ ਦਿੱਤਾ ਹੈ।

ਫ਼ਕੀਰ ਕਹਿਣ ਲੱਗਾ, ਪੁੱਤਰ, ਕਿਹੜੇ ਰਾਜੇ ਦੀ ਗੱਲ ਕਰਦੇ ਪਏ ਜੇ। ਕਹਿਣ ਲੱਗੇ, ਆਪਣੇ ਪਿਤਾ ਦੀ। ਉਹ ਕਹਿੰਦਾ ਹੈ ਕਿ ਉਹ ਕਦੋਂ ਦਾ ਮਰ ਗਿਆ ਹੈ। ਮਰੇ ਦਾ ਭਾਵ ਸਰੀਰ ਦਾ ਮਰਨਾ ਨਹੀਂ, ਅੰਦਰ ਮਰ ਜਾਏ ਤਾਂ ਸਮਝੋ ਪਹਿਲੀ ਬਿਰਤੀ ਮਰ ਗਈ। ਉਸ ਨੇ ਕਿਹਾ, ਰਾਜਾ ਤਾਂ ਮਰ ਗਿਆ। ਉਹਨਾਂ ਹੱਥ ਪੱਲਾ ਜੋੜਿਆ ਕਿ ਪਿਤਾ ਜੀ, ਸਾਡੀ ਬੇਇਜ਼ਤੀ ਕਿਉਂ ਕਰਾਉਂਦੇ ਹੋ। ਇੰਨਾ ਰਾਜ-ਭਾਗ ਲੈ ਕੇ ਰੁੱਖ ਥੱਲੇ ਬੈਠੇ ਹੋ। ਦੇਖੋ ਸਾਡੀਆਂ ਫ਼ੌਜਾਂ। ਉਸ ਨੇ ਕਿਹਾ, ਪੁੱਤਰ, ਤੁਹਾਡੇ ਕੋਲ ਬੜੀ ਤਾਕਤ ਆ ਗਈ ਹੈ ਮੇਰੇ ਤੋਂ ਬਾਅਦ। ਫ਼ਕੀਰ ਸੀ, ਜੇਬ ਦੇ ਨਾਲ ਇਕ ਸੂਈ ਲਾਈ ਹੋਈ ਸੀ। ਸੂਈ ਕੱਢ ਕੇ ਦਰਿਆ ਵਿਚ ਸੁੱਟ ਦਿੱਤੀ ਤੇ ਕਿਹਾ, ਪੁੱਤਰ, ਤੁਹਾਡੀ ਬੜੀ ਚੱਲਣ ਲੱਗ ਪਈ ਹੈ ਤਾਂ ਮੇਰੀ ਸੂਈ ਲੱਭ ਦਿਉ, ਮੈਂ ਘਰ ਜਾਵਾਂ। ਥਾਂ-ਥਾਂ 'ਤੇ ਸੂਈ ਦੇਖਣ, ਕਿਤੇ ਵੀ ਸੂਈ ਨਾ ਲੱਭੀ। ਕਹਿਣ ਲੱਗੇ, ਇਹ ਵੀ ਕੋਈ ਗੱਲ ਹੈ। ਤੁਸੀਂ ਜ਼ਿੱਦ ਕਰਕੇ ਬੈਠ ਗਏ ਹੋ। ਅਸੀਂ ਯਤਨ ਕਰ ਰਹੇ ਹਾਂ, ਤੁਸੀਂ ਘਰ ਚੱਲੋ। ਕਹਿਣ ਲੱਗੇ, ਨਹੀਂ, ਤੁਹਾਡੀ ਬੜੀ ਚੱਲਣ ਲੱਗ ਪਈ ਹੈ, ਮੈਨੂੰ ਸੂਈ ਲੱਭ ਕੇ ਦਿਉ। ਕਹਿਣ ਲੱਗੇ ਸਾਡੇ ਕੋਲੋਂ ਨਹੀਂ ਲੱਭੀ ਜਾਂਦੀ। ਫ਼ਕੀਰ ਨੇ ਨਜ਼ਰ ਭਰ ਕੇ ਪਾਣੀ ਵੱਲ ਦੇਖਿਆ। ਮੱਛੀ ਨੇ ਮੂੰਹ ਵਿਚ ਲਈ ਹੋਈ ਸੂਈ ਫ਼ਕੀਰ ਦੇ ਪੈਰਾਂ ਵਿਚ ਸੁੱਟ ਦਿੱਤੀ। ਫ਼ਕੀਰ ਕਹਿਣ ਲੱਗਾ, ਇਕ ਰਾਜ ਉਹ ਹੈ ਜਿਹੜਾ ਲੋਕਾਂ ਦੇ ਜਿਸਮ ਤੱਕ ਸੀਮਤ ਹੈ ਅਤੇ ਇਕ ਰਾਜ ਉਹ ਹੈ ਜਿਹੜਾ 84 ਲੱਖ ਜੂਨ 'ਤੇ ਰਾਜ ਕਰਾਉਂਦਾ ਹੈ।

ਬਾਬਾ ਫ਼ਰੀਦ ਜੀ ਅੱਜ ਕਹਿਣ ਲੱਗੇ :

**ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ॥**

ਇਕਨਾ ਦਾ ਅਰਥ ਹੈ—ਕਈਆਂ ਦੇ ਘਰ । ਅਗਲਾ ਦਾ ਅੱਖਰੀ ਅਰਥ ਹੈ—ਬਹੁਤ ਜ਼ਿਆਦਾ। ਹੇ ਖ਼ੁਦਾ ! ਕਈਆਂ ਦੇ ਘਰ ਇੰਨੇ ਧਨ ਪਦਾਰਥ ਹਨ ਕਿ ਕਿਸੇ ਚੀਜ਼ ਦੀ ਕਮੀ ਨਹੀਂ। ਇਕ ਵਿਚਾਰਾ ਉਹ ਹੈ ਜਿਸ ਦੇ ਘਰ ਲੂਣ ਵੀ ਨਹੀਂ ਲੱਭਦਾ ਪਿਆ। ਸੰਸਾਰ ਦੀ ਨਜ਼ਰ ਵਿਚ ਧਨ ਵਾਲੇ ਨੂੰ ਪੁੱਛਿਆ ਜਾਏਗਾ, ਪਰ ਗ਼ਰੀਬ ਨੂੰ ਨਹੀਂ, ਕਿਉਂਕਿ ਉਸ ਦੇ ਕੋਲ ਕੁਝ ਨਹੀਂ, ਪਰ ਫ਼ਰੀਦ ਜੀ ਕਹਿਣ ਲੱਗੇ :

**ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ॥** (ਅੰਗ ੧੩੮੦)



Sri Satguru Jagjit Singh Ji eLibrary NamdhariElibrary@gmail.com

ਸਾਰਾ ਕੁਝ ਛੱਡ ਕੇ ਜਦੋਂ ਅੱਗੇ ਤੁਰਨਗੇ ਤਾਂ ਉਥੇ ਜਾ ਕੇ ਪਤਾ ਲੱਗੇਗਾ ਕਿ ਠੋਕਰ ਕਿਸ ਨੂੰ ਪੈਣੀ ਹੈ। ਕੇਵਲ ਬਾਹਰ ਦੀਆਂ ਸਹੂਲਤਾਂ ਦੇਖ ਕੇ ਨਾ ਕਹੀਂ ਕਿ ਰੱਬ ਨੇ ਇਸ ਨੂੰ ਬੜੀਆਂ ਸਹੂਲਤਾਂ ਦਿੱਤੀਆਂ ਹਨ। ਕਮਾਈ ਵਾਲਿਆਂ ਨੂੰ ਤਾਂ ਰੱਬ ਆਪਣੇ ਸਿੰਘਾਸਣ ਦੇ ਦਿੰਦਾ ਹੈ। ਕਿਸੇ ਕੋਲ ਚਾਰ ਟਕੇ ਘੱਟ ਹੋ ਸਕਦੇ ਹਨ, ਕਿਸੇ ਕੋਲ ਵੱਧ ਹੋ ਸਕਦੇ ਹਨ, ਪਰ ਗੁਰੂ ਕੋਲ ਉਹ ਪ੍ਰਵਾਨ ਹੈ, ਜਿਸ ਦੇ ਕੋਲ ਬੰਦਗੀ ਹੈ। ਸਤਿਗੁਰੂ ਰਹਿਮਤ ਕਰਨ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆



Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਜਾਇ ਸੁਤੇ ਜੀਰਾਣ

ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ॥
ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ॥

(ਅੰਗ ੧੩੮੦)

ਪਰਮ ਸਨਮਾਨਯੋਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਬਾਬਾ ਫ਼ਰੀਦ ਜੀ ਦਾ ਅੱਜ ਜੋ ਪਵਿੱਤਰ ਸਲੋਕ ਆਪ ਨੇ ਸਰਵਨ ਕੀਤਾ ਹੈ, ਇਸ ਸਲੋਕ ਵਿਚ ਬਾਬਾ ਫ਼ਰੀਦ ਜੀ ਨੇ ਉਹਨਾਂ ਰਾਜਿਆਂ ਮਹਾਰਾਜਿਆਂ ਦਾ, ਉਹਨਾਂ ਸਮਰਾਟਾਂ ਅਤੇ ਸਿਪਾਹਸਾਲਾਰਾਂ ਦਾ ਜ਼ਿਕਰ ਕੀਤਾ ਹੈ ਕਿ ਜਿਨ੍ਹਾਂ ਦੀ ਤਾਕਤ ਦੇ ਸਾਹਮਣੇ, ਬੱਲ ਦੇ ਸਾਹਮਣੇ ਵੱਡੇ-ਵੱਡੇ ਵਾਹ-ਵਾਹ ਵਾਲੇ, ਤਾਕਤ ਵਾਲੇ ਝੁੱਕਦੇ ਸਨ ਤੇ ਜਦੋਂ ਉਹਨਾਂ ਨੇ ਬਾਹਰ ਨਿਕਲਣਾ, ਉਹਨਾਂ ਦੇ ਨਾਲ ਨਗਾਰੇ ਵੱਜਣੇ। ਉੱਚੀ-ਉੱਚੀ ਵਾਜਿਆਂ ਦੀ ਆਵਾਜ਼ ਹੋਣੀ। ਜਿਸ ਜਗ੍ਹਾ 'ਤੇ ਉਹਨਾਂ ਨੇ ਆਪਣਾ ਮੁਕਾਮ ਕਰਨਾ, ਉਹਨਾਂ ਦੀ ਸਿਫ਼ਤ ਗਾਉਣ ਵਾਲੇ ਕਵੀ ਉਸ ਤੋਂ ਪਹਿਲਾਂ ਪਹੁੰਚ ਜਾਣ।

ਬਾਬਾ ਜੀ ਸਾਨੂੰ ਇਸ ਦੁਨੀਆਂ ਦੀ ਹਕੀਕਤ ਤੋਂ ਜਾਣੂੰ ਕਰਾ ਰਹੇ ਹਨ। ਕਹਿੰਦੇ ਹਨ, ਦੇਖੋ ਕਬਰਾਂ ਵੱਲ ਝਾਤੀ ਮਾਰ ਕੇ। ਇਹਨਾਂ ਕਬਰਾਂ ਵਿਚ ਉਹ ਲੋਕ ਯਤੀਮਾਂ ਦੀ ਤਰ੍ਹਾਂ ਮਿੱਟੀ ਵਿਚ ਰੋਲ ਦਿੱਤੇ ਗਏ। ਜਿਨ੍ਹਾਂ ਦੇ ਅੱਗੇ ਕਦੀ ਨਗਾਰੇ ਵੱਜਦੇ ਸਨ, ਉਹਨਾਂ ਦੀ ਕਬਰ ਦੇ ਨੇੜੇ ਉਹਨਾਂ ਦੇ ਪਰਿਵਾਰ ਨੇ ਕਦੀ ਫੇਰਾ ਵੀ ਨਹੀਂ ਪਾਇਆ।

ਕਈਆਂ ਨੇ ਇਹ ਕਹਿ ਦਿੱਤਾ ਕਿ ਬਾਬਾ ਜੀ ਦੀ ਰਚਨਾ ਪੜ੍ਹਦੇ ਹਾਂ ਤਾਂ ਸਾਨੂੰ ਨਿਰਾਸਤਾ ਪੱਲੇ ਪੈਂਦੀ ਹੈ। ਕਈਆਂ ਨੇ ਕਹਿ ਦਿੱਤਾ ਕਿ ਹਰ ਇਕ ਸਲੋਕ ਦੇ ਵਿਚ ਮੌਤ ਦੀ ਗੱਲ ਹੈ, ਉਦਾਸੀਨਤਾ ਦੀ ਗੱਲ ਹੈ, ਪਰ ਸ਼ਾਇਦ ਉਹਨਾਂ ਨੂੰ ਇਹ ਪਤਾ ਨਹੀਂ ਕਿ ਬਾਬਾ ਫ਼ਰੀਦ ਜੀ ਦੀ ਬਾਣੀ ਦੇ ਵਿਚ ਤੇ ਖ਼ਾਸ ਕਰਕੇ ਗੁਰੂ ਤੇਗ਼ ਬਹਾਦਰ ਜੀ ਦੀ ਅੰਮ੍ਰਿਤ ਬਾਣੀ ਵਿਚ ਤਿੰਨ ਸ਼ਬਦ ਯਾਦ ਰੱਖਣੇ ਚਾਹੀਦੇ ਹਨ। ਪਹਿਲਾ ਸ਼ਬਦ ਹੈ



Sri Satguru Jagjit Singh Ji eLibrary NamdhariElibrary@gmail.com

ਬੈਰਾਗ। ਦੂਸਰਾ ਸ਼ਬਦ ਹੈ ਤਿਆਗ ਤੇ ਤੀਸਰਾ ਸ਼ਬਦ ਹੈ ਅਨੁਰਾਗ।

ਜਿੰਨੀ ਦੇਰ ਤੱਕ ਇਨਸਾਨ ਦੇ ਅੰਦਰ ਬੈਰਾਗ ਨਹੀਂ, ਉੱਨੀ ਦੇਰ ਤੱਕ ਬੰਦਾ ਕੁਝ ਵੀ ਤਿਆਗਣ ਲਈ ਤਿਆਰ ਨਹੀਂ। ਬੈਰਾਗੀ ਬੰਦੇ ਹੀ ਕੁਝ ਛੱਡ ਕੇ ਤੁਰਦੇ ਹਨ। ਯਾਦ ਰੱਖੋ, ਫੜਨ ਵਾਲੇ ਬੰਦੇ ਕਦੀ ਵੀ ਧੇਲੀ ਛੱਡਣ ਲਈ ਤਿਆਰ ਨਹੀਂ। ਬੈਰਾਗ ਹੈ ਤਾਂ ਤਿਆਗ ਦੀ ਬਿਰਤੀ ਆਏਗੀ, ਜਿਸ ਨੂੰ ਰੱਬ ਨੇ ਅੰਦਰ ਦਾ ਤਿਆਗ ਦੇ ਦਿੱਤਾ, ਸੱਚ ਜਾਣਿਉ, ਉਹ ਇਕ ਦਿਨ ਅਨੁਰਾਗ ਵਿਚ ਜ਼ਰੂਰ ਜਾਏਗਾ। ਅਨੁਰਾਗ ਦਾ ਅਰਥ ਹੁੰਦਾ ਹੈ ਪ੍ਰੇਮ। ਮਾਇਆ ਅਸੀਂ ਤਿਆਗ ਸਕਦੇ ਹਾਂ। ਜ਼ਮੀਨ ਤਿਆਗ ਸਕਦੇ ਹਾਂ, ਪਰ ਅੰਦਰ ਦੀ ਹਉਮੈ ਤਿਆਗੀ ਨਹੀਂ ਜਾਂਦੀ।

ਪਹਿਲਾ ਸ਼ਬਦ ਇਹ ਸੀ ਕਿ ਮੈਂ ਇੰਨੇ ਧਨ ਦਾ ਮਾਲਕ ਹਾਂ ਤੇ ਹੁਣ ਫ਼ਰਕ ਇੰਨਾ ਪੈ ਗਿਆ ਕਿ ਹੁਣ ਕਹਿ ਦਿੱਤਾ, ਮੈਂ ਇੰਨੇ ਧਨ ਦਾ ਦਾਨੀ ਹਾਂ। 'ਮੈਂ' ਤਾਂ ਉਥੇ ਹੀ ਖਲੋਤੀ ਹੈ। ਪਹਿਲਾਂ ਧਨ ਹੋਣ ਕਰਕੇ 'ਮੈਂ' ਸੀ ਤੇ ਹੁਣ ਤਿਆਗਣ ਕਰਕੇ 'ਮੈਂ' ਵਾਲਾ ਪਾਸਾ ਤਾਂ ਰੰਚਕ ਮਾਤਰ ਵੀ ਹਿੱਲਿਆ ਨਹੀਂ।

ਅਸੀਂ ਆਮ ਤੌਰ 'ਤੇ ਗੁਰਮਤਿ ਵਿਚ ਇਕ ਸ਼ਬਦ ਵਰਤਦੇ ਹਾਂ ਕਿ ਫਲਾਣਾ ਸੱਜਣ ਨਿਸ਼ਕਾਮੀ ਹੈ। ਗੁਰਮੁਖੋ ! ਨਿਸ਼ਕਾਮੀ ਤਾਂ ਕਰੋੜਾਂ ਵਿਚੋਂ ਕੋਈ ਇਕ ਅੱਧਾ ਹੀ ਹੁੰਦਾ ਹੈ, ਜਿਸ ਉੱਤੇ ਰੱਬ ਮੇਹਰ ਕਰੇ। ਨਿਸ਼ਕਾਮੀ ਦਾ ਅਰਥ ਹੁੰਦਾ ਹੈ, ਜਿਸ ਦੇ ਅੰਦਰ ਕਿਸੇ ਤਰ੍ਹਾਂ ਦੀ ਕੋਈ ਵੀ ਕਾਮਨਾ ਨਹੀਂ। ਦੂਜੇ ਅਰਥਾਂ ਵਿਚ ਨਿਸ਼ਕਾਮੀ ਦਾ ਅਰਥ ਮੁਰਦਾ ਹੈ। ਮਰਨ ਤੋਂ ਬਾਅਦ ਉਸ ਦੀ ਕੋਈ ਕਾਮਨਾ ਨਹੀਂ ਹੁੰਦੀ।

ਗੁਰਮਤਿ ਵਿਚ ਵੀ ਉਹ ਨਿਸ਼ਕਾਮੀ ਹੈ ਜਿਹੜਾ ਆਪਣੇ ਆਪ ਨੂੰ ਮਾਰ ਲੈਂਦਾ ਹੈ। ਨਿਸ਼ਕਾਮੀ ਸਹੀ ਅਰਥਾਂ ਵਿਚ ਉਹ ਹੈ ਜਿਸ ਨੇ ਹਰ ਤਰ੍ਹਾਂ ਦੀ ਕਾਮਨਾ ਨੂੰ ਮਾਰ ਦਿੱਤਾ ਹੈ। ਜਿਸ ਬੰਦੇ ਦੇ ਅੰਦਰ ਬੈਰਾਗ ਆ ਗਿਆ, ਉਸ ਅੰਦਰ ਤਿਆਗ ਜ਼ਰੂਰ ਆਵੇਗਾ। ਤਿਆਗ ਕੇਵਲ ਧਨ ਦਾ ਨਹੀਂ। ਉਹ ਜੀਉਂਦੇ ਜੀਅ ਅੰਦਰੋਂ ਵਾਸ਼ਨਾਵਾਂ ਵਾਲੀਆਂ ਬਿਰਤੀਆਂ ਨੂੰ ਤਿਆਗ ਦਿੰਦਾ ਹੈ। ਜਿਹੜੀ ਬਿਰਤੀ ਪਹਿਲਾਂ ਕਬਜ਼ੇ ਵਾਲੇ ਪਾਸੇ ਸੀ, ਹੁਣ ਉਸ ਦਾਤੇ ਨੇ ਮੇਹਰ ਕੀਤੀ, ਉਹ ਬਿਰਤੀ ਇਕੋ ਦੱਮ ਪਰਤ ਕੇ ਅਨੁਰਾਗ ਵਾਲੇ ਪਾਸੇ ਚਲੀ ਗਈ।

ਬਾਬਾ ਫ਼ਰੀਦ ਜੀ ਦੇ ਜਿੰਨੇ ਵੀ ਬਚਨ ਅਸੀਂ ਪੜ੍ਹਦੇ ਹਾਂ, ਬਾਰ-ਬਾਰ ਮੌਤ ਚੇਤੇ ਕਰਾਉਂਦੇ ਹਨ। ਸੱਚ ਜਾਣਿਉ, ਬੰਦੇ ਨੂੰ ਸਭ ਕੁਝ ਯਾਦ ਰਹਿੰਦਾ ਹੈ, ਪਰ ਇਸ ਨੂੰ ਮੌਤ ਯਾਦ ਨਹੀਂ। ਇਹ ਪਤਾ ਨਹੀਂ ਕਿ ਮੈਂ ਬਾਹਰ ਨਿਕਲਿਆ ਹਾਂ ਅਤੇ ਹੋ ਸਕਦਾ ਹੈ, ਮੈਂ ਇਕ ਕਦਮ ਚੱਲਾਂ ਤੇ ਮੇਰਾ ਖ਼ਾਤਮਾ ਹੋ ਜਾਏ। ਅਕਸਰ ਸਾਡੀ ਜ਼ਬਾਨ ਦੇ ਉੱਤੇ ਇਕ ਸ਼ਬਦ ਚੜ੍ਹ ਗਿਆ ਹੈ-- ਕੋਈ ਗੱਲ ਨਹੀਂ, ਅੱਧੀ ਨਿਕਲ ਗਈ ਹੈ ਤੇ ਅੱਧੀ ਰਹਿ ਗਈ



Sri Satguru Jagjit Singh Ji eLibrary NamdhariElibrary@gmail.com

ਹੈ। ਬਾਬਾ ਜੀ ਨੇ ਬਾਣੀ ਵਿਚ ਕਿਹਾ ਹੈ ਕਿ ਜਿਹੜਾ ਸਾਹ ਬਾਹਰ ਨਿਕਲਿਆ ਹੈ, ਕੀ ਪਤਾ ਉਸ ਨੇ ਅੰਦਰ ਆਉਣਾ ਹੈ ਜਾਂ ਨਹੀਂ।

ਬਾਬਾ ਫ਼ਰੀਦ ਜੀ ਇਹ ਗੱਲਾਂ ਚੇਤੇ ਕਿਉਂ ਕਰਾ ਰਹੇ ਹਨ ? ਇਹ ਅਤੀਤ ਦੀਆਂ ਗੱਲਾਂ ਯਾਦ ਕਰਾ ਕੇ ਸਾਡੇ ਵਰਤਮਾਨ ਵਿਚ ਰੂਹਾਨੀਅਤ ਦੀ ਜ਼ਿੰਦਗੀ ਜੀਉਣ ਦੀ ਪ੍ਰੇਰਨਾ ਪਏ ਦਿੰਦੇ ਹਨ। ਅੱਜ ਉਹਨਾਂ ਨੇ ਉਹ ਉਦਾਹਰਨ ਲਈ ਹੈ ਜਿਸ ਦੇ ਇਕ ਇਸ਼ਾਰੇ ਨਾਲ ਲੱਖਾਂ ਲੋਕਾਂ ਨੂੰ ਸਜ਼ਾ ਦਿੱਤੀ ਜਾ ਸਕਦੀ ਸੀ। ਅੱਜ ਉਸ ਮਹਾਂਪੁਰਸ਼ ਨੇ ਉਹਨਾਂ ਲੋਕਾਂ ਦਾ ਜ਼ਿਕਰ ਕੀਤਾ ਹੈ ਕਿ ਉਹ ਖ਼ੁਦ ਕਬਰਾਂ ਵਿਚ ਪਏ ਹੋਏ ਹਨ। ਯਤੀਮਾਂ ਦੀ ਤਰ੍ਹਾਂ ਕਦੀ ਕਿਸੇ ਨੇ ਉਨ੍ਹਾਂ ਦੀ ਸੰਭਾਲ ਨਹੀਂ ਕੀਤੀ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਇਕ ਮੌਤ ਅਜਿਹੀ ਹੈ ਜਿਸ ਨੇ ਹਰ ਵਿਤਕਰੇ ਨੂੰ ਖ਼ਤਮ ਕੀਤਾ ਹੈ। ਮੌਤ ਨੇ ਕਦੀ ਧਨਾਢ ਪੁਰਸ਼ ਦਾ ਲਿਹਾਜ਼ ਨਹੀਂ ਕੀਤਾਂ। ਮੌਤ ਨੇ ਕਦੀ ਕਿਸੇ ਗ਼ਰੀਬ ਦੇ ਰੋਣ ਪਿਟਣ ਦੀ ਪ੍ਰਵਾਹ ਨਹੀਂ ਕੀਤੀ। ਮੌਤ ਨੇ ਕਦੀ ਕਿਸੇ ਪਦਾਰਥਾਂ ਵਾਲੇ ਦੀ ਪ੍ਰਵਾਹ ਨਹੀਂ ਕੀਤੀ ਤੇ ਮੌਤ ਨੇ ਕਦੀ ਕਿਸੇ ਦੇ ਘਰ ਇਕ ਸਮੇਂ ਦੀ ਰੋਟੀ ਪੱਕਦੀ ਹੋਵੇ ਤਾਂ ਉਸ ਦੇ ਬੱਚਿਆਂ 'ਤੇ ਤਰਸ ਨਹੀਂ ਖਾਧਾ।

ਦੁਨੀਆਂ ਅੰਦਰ ਹਰ ਕੋਈ ਇਨਸਾਨ ਆਪਣੀ ਸੰਤਾਨ ਲਈ ਧਨ ਇਕੱਠਾ ਕਰਦਾ ਹੈ। ਉਹ ਪੰਜ-ਦਸ ਪੀੜ੍ਹੀਆਂ ਤੱਕ ਜਾਏਗਾ, ਪਰ ਉਹ ਇਕੱਠਾ ਕੀਤਾ ਧਨ ਜ਼ਰੂਰ ਮੁੱਕੇਗਾ। ਧੰਨ ਗੁਰੂ ਅਰਜਨ ਸਾਹਿਬ ਇੰਨੇ ਕਿਰਪਾਲੂ ਹੋਏ ਤੇ ਕਹਿਣ ਲੱਗੇ ਕਿ ਜੋ ਕੁਝ ਮੈਂ ਤੇਰੀ ਝੋਲੀ ਵਿਚ ਪਾ ਚੱਲਿਆ ਹਾਂ, ਉਹ ਤੂੰ ਇਕੱਲਾ ਨਹੀਂ, ਜਿੰਨੇ ਮਰਜ਼ੀ ਦੋਸਤ ਇਕੱਠੇ ਕਰਕੇ ਲੈ ਆਈਂ, ਜਿੰਨਾ ਵੀ ਕਥਾ-ਬਾਣੀ ਦੇ ਖ਼ਜ਼ਾਨੇ ਨੂੰ ਭੁੰਚੋਗੇ, ਮੁੱਕਣ ਨਹੀਂ ਲੱਗਾ। ਬਾਪ ਦਾ ਇਕੱਠਾ ਕੀਤਾ ਪੁੱਤਰ ਖਾਈ ਜਾਏ ਤਾਂ ਘਾਟੇ ਪੈਂਦੇ ਨੇ, ਪਰ ਤੂੰ ਸ਼ਬਦ ਦੇ ਖ਼ਜ਼ਾਨੇ ਨੂੰ ਜਿੰਨਾ ਮਰਜ਼ੀ ਖ਼ਰਚੀਂ, ਤੇਰੇ ਅੰਦਰ ਘਾਟਾ ਨਹੀਂ ਪੈਣ ਦੇਵਾਂਗਾ, ਇਸ ਨਾਲ ਵਾਧਾ ਹੀ ਹੋਵੇਗਾ। ਤਾਂ ਕੀ ਵਾਧਾ ਨਹੀਂ ਹੁੰਦਾ ? ਜਿੰਨਾ ਕੁ ਸਿੱਖ ਆਪਣਾ ਵੱਧ ਤੋਂ ਵੱਧ ਨੇਮ ਵਧਾਉਂਦਾ ਹੈ, ਸਿਮਰਨ ਕਰਦਾ ਹੈ, ਉੱਨਾ ਉਸ ਦੇ ਅੰਦਰ ਰੂਹਾਨੀਅਤ ਦਾ ਖ਼ਜ਼ਾਨਾ ਹੋਰ ਇਕੱਠਾ ਹੋਈ ਜਾਂਦਾ ਹੈ। ਕਦੀ ਵੀ ਘਾਟਾ ਨਹੀਂ ਪੈਂਦਾ, ਕਿਉਂਕਿ ਗੁਰੂ ਨੇ ਤਰੁੱਠ ਕੇ ਖ਼ਜ਼ਾਨਾ ਦਿੱਤਾ ਹੈ। ਇਹ ਚੋਰੀ ਦਾ ਖ਼ਜ਼ਾਨਾ ਨਹੀਂ, ਇਹ ਤਾਂ ਸਤਿਗੁਰੂ ਨੇ ਪ੍ਰਮਾਤਮਾ ਦੇ ਘਰੋਂ ਆਪ ਝੋਲੀਆਂ ਭਰ ਕੇ ਲਿਆਂਦਾ ਹੈ।

ਇਸ ਧਰਤੀ ਉੱਤੇ ਉਹ ਲੋਕ ਪੈਦਾ ਹੋ ਚੁੱਕੇ ਹਨ, ਮੱਧ ਯੁੱਗ ਵਿਚ ਵੀ, ਉਸ ਤੋਂ ਪਹਿਲਾਂ ਵੀ ਤੇ ਅੱਜ ਵੀ ਆਪ ਅੱਖਾਂ ਦੇ ਸਾਹਮਣੇ ਦੇਖਦੇ ਹੋ, ਪਤਾ ਨਹੀਂ ਕਿੰਨੇ ਕੁ ਸ਼ਕਤੀਸ਼ਾਲੀ ਰਾਜੇ ਆਏ ਅਤੇ ਅੱਜ ਉਹ ਸਿਰਫ਼ ਇਕ ਬੀਤੇ ਦੀ ਕਹਾਣੀ ਬਣ ਕੇ ਰਹਿ ਗਏ। ਗੁਰੂ ਸਾਹਿਬ ਨੇ ਬਾਣੀ ਵਿਚ ਬਚਨ ਕੀਤਾ ਹੈ ਕਿ ਰਾਜ-ਭਾਗ ਤੇ ਧਨ ਪਦਾਰਥ



Sri Satguru Jagjit Singh Ji eLibrary NamdhariElibrary@gmail.com

ਇਹ ਸਭ ਕੁਝ ਤਾਂ ਹੀ ਮਿਲਦਾ ਹੈ ਜੇਕਰ ਕਿਸੇ ਬੰਦੇ ਨੇ ਚੰਗੇ ਕਰਮ ਦਾ ਬੀਜ ਬੀਜਿਆ ਹੋਵੇ, ਪਰ ਜਿਸ ਦਿਨ ਉਹ ਸਿੰਘਾਸਨ ਉੱਤੇ ਬੈਠਾ, ਤਾਂ ਪਤਾ ਨਹੀਂ ਉਸ ਦਿਨ ਮੱਤ ਇੰਨੀ ਕੁ ਮਾਰੀ ਗਈ ਕਿ ਜਿਨ੍ਹਾਂ ਲੋਕਾਂ ਦੀ ਸੰਭਾਲ ਕਰਨੀ ਸੀ, ਆਪਣੇ ਸਿੰਘਾਸਨ ਦੇ ਪਾਵੇ ਵੀ ਮਜ਼ਲੂਮਾਂ ਦੇ ਸਿਰਾਂ ਦੇ ਬਣਾ ਲਏ। ਜਿੱਥੇ ਪੈਰ ਰੱਖਣਾ ਸੀ, ਉਥੇ ਵੀ ਨਿਰਦੋਸ਼ਾਂ ਦੀਆਂ ਲਾਸ਼ਾਂ ਵਿਛਾ ਕੇ ਉਹਨਾਂ ਉੱਤੇ ਪੈਰ ਰੱਖੇ। ਮੇਰੇ ਗੁਰੂ ਅਰਜਨ ਸਾਹਿਬ ਫ਼ਰਮਾਂਦੇ ਹਨ ਕਿ ਪੂਰਬਲੇ ਕੀਤੇ ਕਰਮਾਂ ਕਰਕੇ ਅੱਜ ਤੂੰ ਰਾਜ-ਭਾਗ ਮਾਣਦਾ ਹੈਂ। ਤੇਰੇ ਪੁੱਤਰ ਧੀਆਂ ਰਾਜ-ਭਾਗ ਮਾਣਦੇ ਹਨ। ਤੇਰੀ ਮੱਤ ਮਾਰੀ ਗਈ।

ਜਦੋਂ ਬੰਦੇ ਦਾ ਵਿਨਾਸ਼ ਹੋਣ 'ਤੇ ਆਵੇ ਤਾਂ ਉਦੋਂ ਮੱਤ ਮਾਰੀ ਜਾਂਦੀ ਹੈ। ਇਹੋ ਜਿਹੇ ਸਮਰਾਟ ਬੜੇ ਲੰਮੇ ਸਮੇਂ ਤੱਕ ਦੁੱਖ ਭੋਗਦੇ ਰਹੇ। ਪ੍ਰਮਾਤਮਾ ਨੇ ਆਪਣੇ ਹੱਥ ਵਿਚ ਹੀ ਸਾਰੀ ਸ਼ਕਤੀ ਰੱਖੀ ਹੈ। ਅਸੀਂ ਕਈ ਵਾਰ ਕਹਿੰਦੇ ਹਾਂ ਕਿ ਇਸ ਬੰਦੇ ਨੂੰ ਡੇਗਣ ਵਾਲਾ ਕੌਣ ਹੈ ? ਪਿਆਰਿਓ ! ਅਸੀਂ ਇਕ ਖ਼ਿੱਤੇ ਦਾ ਨਿੱਕਾ ਜਿਹਾ ਰਾਜ ਕਰਨ ਵਾਲੇ ਬੰਦੇ ਬਾਰੇ ਸੋਚਣ ਲੱਗ ਪੈਂਦੇ ਹਾਂ। ਕਿਸੇ ਮੁਲਕ ਦੇ ਹਾਕਮ ਬਾਰੇ ਸੋਚਣ ਲੱਗ ਪੈਂਦੇ ਹਾਂ, ਪਰ ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ, ਰੱਬ ਦੇ ਹੱਥ ਵਿਚ ਫੜੀ ਹੋਈ ਕੁੰਡੀ ਇੰਨੀ ਲੰਮੇਰੀ ਹੈ ਕਿ ਜਿਹੜੇ ਲੋਕ ਆਕਾਸ਼ ਤੱਕ ਚੜ੍ਹ ਕੇ ਜ਼ੁਲਮ ਕਰਨ, ਪ੍ਰਮਾਤਮਾ ਇਕੋ ਕੁੰਡੀ ਨੱਕ ਵਿਚ ਪਾ ਕੇ ਖਿੱਚ ਕੇ ਹੇਠਾਂ ਧਰਤੀ ਉੱਤੇ ਸੁੱਟਦਾ ਹੈ।

ਕਦੀ ਵੀ ਗੁਰੂ ਤੋਂ ਸਿਆਣੇ ਬਣਨ ਦਾ ਯਤਨ ਨਾ ਕਰੀਏ। ਜਿਸ ਨਜ਼ਰੀਏ ਨਾਲ ਗੁਰੂ ਜੀ ਨੇ ਦੇਖਿਆ, ਕਦੀ ਉਸ ਨਜ਼ਰੀਏ ਨਾਲ ਅਸੀਂ ਦੇਖੀਏ। ਭਗਤ ਨਾਮਦੇਵ ਜੀ ਨੇ ਚਾਰ ਬਚਨ ਕੀਤੇ। ਪਹਿਲਾ ਇਹ ਕਿ ਅਸੀਂ ਲੋਕ ਨੀਂਹਾਂ ਡੂੰਘੀਆਂ-ਡੂੰਘੀਆਂ ਖੋਦ ਕੇ ਉਸ ਉੱਤੇ ਮਹਿਲ ਬਣਾਉਂਦੇ ਹਾਂ। ਕਿਸ ਲਈ ? ਕਿਉਂਕਿ ਅਸੀਂ ਇਸ ਉੱਤੇ ਰਹਿਣਾ ਚਾਹੁੰਦੇ ਹਾਂ। ਸਤਿਗੁਰ ਕਹਿੰਦੇ ਹਨ, ਤੇਰੀ ਉਮਰ ਕਿੰਨੀ ਕੁ ਹੈ ? ਮਾਰਕੰਡੇ ਰਿਸ਼ੀ ਨਾਲੋਂ ਤੇਰੀ ਵੱਧ ਉਮਰ ਤਾਂ ਨਹੀਂ। ਕਈ ਸਾਲਾਂ ਦੀ ਉਮਰ ਲੈ ਕੇ ਵੀ ਉਹ ਰਿਸ਼ੀ ਕੱਖਾਂ ਦੀ ਕੁੱਲੀ ਥੱਲੇ, ਰੁੱਖਾਂ ਦੇ ਥੱਲੇ ਦਿਨ ਬਤੀਤ ਕਰਦਾ ਹੈ। ਜੇ ਕਿਸੇ ਨੇ ਪੁੱਛਿਆ ਕਿ ਤੂੰ ਮਹਿਲ ਕਿਉਂ ਨਹੀਂ ਬਣਾਉਂਦਾ ? ਉਹ ਕਹਿਣ ਲੱਗਾ ਕਿ ਭਾਵੇਂ ਕਰੋੜਾਂ ਸਾਲ ਹਨ, ਪਰ ਗਿਣਤੀ ਦੇ ਸਾਲ ਹਨ, ਇਕ ਦਿਨ ਖ਼ਤਮ ਹੋ ਜਾਣੇ ਹਨ। ਕਹਿਣ ਲੱਗਾ, ਸਾਡਾ ਕਰਨ ਵਾਲਾ ਰਾਮ ਹੈ ਤੇ ਉਸ ਪਿਆਰੇ ਨੂੰ ਮੈਂ ਪਿਆਰ ਕਰਦਾ ਹਾਂ।

ਦੁਰਯੋਧਨ, ਭੀਸ਼ਮ ਪਿਤਾਮਾ ਨੂੰ ਮਿਲਣ ਗਿਆ ਤੇ ੪੮ ਕੋਹ ਜਿੱਥੋਂ-ਜਿੱਥੋਂ ਲੰਘਿਆ, ਉਸ ਉੱਤੇ ਸੋਨੇ ਦੇ ਛੱਤਰ ਸਨ। ਕੀ ਇੰਨਾ ਧਨਾਢ ਅੱਜ ਕੋਈ ਪੁਰਸ਼ ਹੋ ਸਕੇਗਾ ? ਪਰ ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ, ਉਹਨਾਂ ਦੇ ਸਰੀਰ ਨੂੰ, ਜਿਨ੍ਹਾਂ ਦੇ ਸਿਰ ਉੱਤੇ ਸੋਨੇ ਦੇ ਛੱਤਰ ਝੁੱਲਦੇ ਸਨ, ਉਹਨਾਂ ਦੇ ਸਰੀਰ ਦਾ ਮਾਸ ਵੀ ਗਿਰਝਾਂ ਨੇ ਨੋਚ ਕੇ ਖਾਧਾ। ਜਿਸ ਕੋਲ ਸਾਰੀ ਸੋਨੇ ਦੀ ਲੰਕਾ ਸੀ, ਜਿਸ ਕੋਲ ਬੱਲ ਸ਼ਕਤੀ ਸਭ ਕੁਝ



Sri Satguru Jagjit Singh Ji eLibrary NamdhariElibrary@gmail.com

ਸੀ, ਇਕ ਖਿਨ ਲੱਗਾ ਤੇ ਸੋਨੇ ਦਾ ਮਾਲਕ ਵੀ ਜ਼ਮੀਨ ਉੱਤੇ ਰੁੱਲ ਗਿਆ। ਉਹਨਾਂ ਨੇ ਚੋਥਾ ਪ੍ਰਮਾਣ ਦਿੱਤਾ। ਪਹਿਲਾ ਪ੍ਰਮਾਣ ਦਿੱਤਾ ਉਹਨਾਂ ਨੇ ਮਾਰਕੰਡੇ ਦਾ ਕਿ ਇੰਨੀ ਉਮਰ ਲੈ ਕੇ ਵੀ ਉਸ ਨੇ ਕਿਸੇ ਖ਼ਿੱਤੇ ਦਾ ਦਾਅਵਾ ਨਹੀਂ ਰੱਖਿਆ। ਦੂਸਰਾ, ਇੱਥੇ ਦੁਰਯੋਧਨ ਦੇ ਭਰਾ ਕੈਰੋ ਜਿਹੜੇ ਇਹ ਕਹਿੰਦੇ ਸਨ ਕਿ ਸਾਡਾ ਵੀਰ ਬੜਾ ਮਹਾਂਬਲੀ ਹੈ। ਸੋਨੇ ਦੀਆਂ ਛੱਤਰੀਆਂ ਥੱਲੇ ਚੱਲਣ ਵਾਲਿਆਂ ਦਾ ਮਾਸ ਵੀ ਗਿਰਝਾਂ ਨੇ ਨੋਚ ਕੇ ਖਾਧਾ। ਜਿਸ ਦੀ ਲੰਕਾ ਸੋਨੇ ਦੀ ਸੀ, ਇਕ ਖਿਨ ਵਿਚ ਢਹਿ ਢੇਰੀ ਹੋ ਗਈ।

ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ, ਜਿਸ ਅਵਤਾਰ ਨੂੰ ਅੱਜ ਵੀ ਹਿੰਦੁਸਤਾਨ ਵਿਚ ਬਹੁਤ ਪੂਜਿਆ ਜਾਂਦਾ ਹੈ ਰਾਧੇ ਸ਼ਿਆਮ ਕਹਿ ਕੇ, ਉਸ ਦੀ ਆਪਣੀ ਯਾਦਵਾਂ ਦੀ ਕੁਲ ਨੇ ਦੁਰਭਾਸ਼ਾ ਰਿਸ਼ੀ ਨਾਲ ਮਜ਼ਾਕ ਕੀਤਾ। ਕਹਿਣ ਲੱਗੇ, ਲੋਕਾਂ ਦੀਆਂ ਕੁੱਲਾਂ ਨੂੰ ਆਬਾਦ ਕਰਨ ਵਾਲਾ, ਉਸ ਦੀ ਆਪਣੀ ਕੁੱਲ ਵੀ ਦੁਨੀਆਂ ਤੋਂ ਖ਼ਤਮ ਹੋ ਗਈ। ਮੈਂ ਇਨ੍ਹਾਂ ਬੀਤਿਆਂ ਹੋਇਆਂ ਨੂੰ ਦੇਖ ਕੇ ਪ੍ਰਮਾਤਮਾ ਦੀ ਸਿਫ਼ਤ ਪਿਆ ਕਰਦਾ ਹਾਂ, ਕਿਉਂਕਿ ਰੱਬ ਹੀ ਇਕ ਅਜਿਹਾ ਹੈ, ਜਿਸ ਨੇ ਕਦੀ ਜਾਣਾ ਨਹੀਂ ਹੈ, ਬਾਕੀ ਸਾਰੇ ਇਥੋਂ ਕੂਚ ਕਰ ਗਏ।

ਗੁਰੂ ਕਲਗੀਧਰ ਪਿਤਾ ਜੀ ਨੇ ਇਸ ਸਬੰਧੀ ਇਕ ਕਬਿੱਤ ਉਚਾਰਨ ਕੀਤਾ ਹੈ ਕਿ ਜਿਨ੍ਹਾਂ ਦੇ ਨਗਾਰੇ ਵੱਜਦੇ ਸਨ, ਅੱਜ ਉਹਨਾਂ ਦਾ ਕੋਈ ਨਾਮ ਲੈਣ ਵਾਲਾ ਨਹੀਂ। ਦੂਜਿਆਂ ਦੀ ਗੱਲ ਛੱਡੀਏ, ਕਦੀ ਆਪਣੇ ਘਰ ਵਿਚ ਬੈਠ ਕੇ ਆਪਣੇ ਬਜ਼ੁਰਗਾਂ ਦੇ ਨਾਮ ਚੇਤੇ ਕਰੀਏ। ਕਿੰਨਿਆਂ ਕੁ ਦੇ ਨਾਮ ਸਾਨੂੰ ਚੇਤੇ ਹਨ। ਸ਼ਾਇਦ ਕੋਈ ਦੂਰ ਤੱਕ ਜਾ ਸਕੇ, ਪਰ ਇਥੋਂ ਦੇ ਨਿਆਣਿਆਂ ਨੂੰ ਪੁੱਛ ਕੇ ਦੇਖੋ, ਹੋ ਸਕਦਾ ਹੈ ਆਪਣੇ ਦਾਦੇ ਦਾ ਨਾਮ ਵੀ ਸ਼ਾਇਦ ਚੇਤੇ ਨਾ ਹੋਵੇ, ਪਰ ਉਸ ਵੇਲੇ ਮਨ ਨੂੰ ਸਮਝਾਈਏ ਕਿ ਮਨਾਂ ! ਅੱਜ ਜਿੱਥੇ ਤੇਰਾ ਬਾਬਾ ਜਾ ਚੁੱਕਾ ਹੈ, ਤੇਰੀ ਹੋਂਦ ਦੇ ਹੁੰਦਿਆਂ, ਸਰੀਰ ਦੇ ਹੁੰਦਿਆਂ ਤੇਰੀ ਸੰਤਾਨ ਨੂੰ ਨਹੀਂ ਪਤਾ ਕਿ ਤੇਰੇ ਬਾਬੇ ਦਾ ਨਾਮ, ਤੇਰੀ ਸੰਤਾਨ ਦਾ ਨਾਮ ਕੀ ਸੀ, ਪਰ ਜਦੋਂ ਕੱਲ ਤੂੰ ਬਾਬਾ ਬਣੇਂਗਾ, ਤੇਰੇ ਪੋਤੇ ਅੱਗੇ ਆਉਣਗੇ, ਤੇਰੇ ਪੋਤੇ ਤੇਰੇ ਨਾਮ ਨੂੰ ਕਿੰਨਾ ਕੁ ਜਾਣਨਗੇ। ਇਹ ਆਪਣੇ ਘਰ ਦੀ ਗੱਲ ਹੈ। ਗੁਆਂਢੀ ਕਦੀ ਯਾਦ ਨਹੀਂ ਰੱਖਦੇ। ਆਪਣੇ ਘਰ ਦੀ ਚਾਰ ਦੀਵਾਰੀ ਵਿਚ ਦੇਖ ਕਿ ਤੇਰੇ ਬਾਪ ਦੇ ਨਾਮ ਨੂੰ ਤੇਰੇ ਪੁੱਤਰ ਨਹੀਂ ਜਾਣਦੇ ਪਏ। ਕੱਲ ਨੂੰ ਜਦੋਂ ਤੂੰ ਬਾਬਾ ਬਣੇਂਗਾ, ਫਿਰ ਤੇਰੇ ਪੋਤਿਆਂ ਨੇ ਤੈਨੂੰ ਕਿੱਥੇ ਜਾਣਨਾ ਹੈ। ਸਤਿਗੁਰੂ ਨੇ ਬਾਣੀ ਵਿਚ ਬਚਨ ਕੀਤਾ :

**ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ**
**ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤੁ ਹੈਂ॥**
**ਬਡੇ ਬਡੇ ਰਾਜਨ ਕੇ ਦਾਬਤਿ ਫਿਰਤਿ ਦੇਸ**
**ਬਡੇ ਬਡੇ ਰਾਜਨ ਕੇ ਦ੍ਰਪ ਕੋ ਦਲਤ ਹੈਂ॥** (ਅਕਾਲ ਉਸਤਤਿ)



Sri Satguru Jagjit Singh Ji eLibrary NamdhariElibrary@gmail.com

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ, ਇਸ ਨੂੰ ਅੰਦਰੋਂ ਸੋਚ।

ਇਕ ਵਿਦਵਾਨ ਨੇ ਕੁਝ ਸਤਰਾਂ ਲਿਖੀਆਂ ਹਨ ਸਮਝਾਉਣ ਲਈ। ਉਹ ਕਹਿੰਦਾ ਹੈ, ਬੰਦਾ ਚਾਰ ਕੁ ਚੀਜ਼ਾਂ ਆਪਣੇ ਨੇੜੇ ਇਕੱਠੀਆਂ ਕਰਦਾ ਹੈ ਸਿਰਫ਼ ਆਪਣੀ ਹਿਫ਼ਾਜ਼ਤ ਲਈ। ਪਹਿਲੀ ਗੱਲ ਕਿ ਉਹ ਯਤਨ ਕਰਦਾ ਹੈ ਆਪਣੇ ਸਰੀਰ ਨੂੰ ਬਚਾਉਣ ਲਈ ਔਸ਼ਦੀ ਨਾਲ, ਦਵਾਈ ਨਾਲ ਕਿ ਮੈਨੂੰ ਕੋਈ ਦੁੱਖ ਜਾਂ ਮੌਤ ਨੇੜੇ ਨਾ ਆਵੇ। ਮੈਂ ਰਿਸ਼ਟ ਪੁਸ਼ਟ ਰਹਾਂ। ਦੂਜਾ ਬੰਦਾ ਯਤਨ ਕਰਦਾ ਹੈ ਕਿ ਧਨ ਮੇਰੇ ਕੋਲ ਹੋਵੇ ਤੇ ਇਹ ਧਨ ਔਖੇ ਵੇਲੇ ਕੰਮ ਆਵੇਗਾ ਤੇ ਅਸੀਂ ਆਪਣੇ ਘਰਾਂ ਵਿਚ ਇਹ ਸੁਣਦੇ ਹਾਂ ਤੇ ਆਪਣੀ ਜ਼ਬਾਨ ਤੋਂ ਵੀ ਇਹ ਕਹਿੰਦੇ ਹਾਂ ਕਿ ਚੱਲੋ ਅੱਜ ਮਿਹਨਤ ਕਰਕੇ ਇਕੱਠਾ ਕਰ ਲਉ, ਕੱਲ ਨੂੰ ਔਖੇ ਵੇਲੇ ਕੰਮ ਆਵੇਗਾ। ਤੀਸਰਾ, ਆਪਣੇ ਨੇੜੇ ਸਿਆਣੇ ਬੰਦੇ, ਸੂਝਵਾਨ ਬੰਦੇ ਤਾਂ ਰੱਖਦੇ ਹਾਂ ਤਾਂ ਕਿ ਮੈਂ ਆਪਣੀ ਜ਼ਿੰਦਗੀ ਵਿਚ ਜਿੰਨੇ ਕਦਮ ਪੁੱਟਾਂ, ਕੋਈ ਵੀ ਕਦਮ ਮੇਰਾ ਕਾਮਯਾਬੀ ਤੋਂ ਖਿੜਕੇ ਨਾ। ਮੇਰੇ ਸਲਾਹਕਾਰ ਉਹ ਹੋਣ ਜਿਹੜੇ ਹਰ ਥਾਂ 'ਤੇ ਮੈਨੂੰ ਸਲਾਹ ਦੇ ਕੇ ਜਿੱਤ ਦਵਾਉਣ। ਚੌਥਾ, ਅਸੀਂ ਆਪਣੇ ਪਰਿਵਾਰ ਨੂੰ, ਆਪਣੇ ਪੁੱਤਰਾਂ, ਧੀਆਂ ਨੂੰ, ਇਸਤਰੀ ਨੂੰ ਇਸ ਕਰਕੇ ਪਿਆਰ ਕਰਦੇ ਹਾਂ ਕਿ ਇਹ ਮੇਰੇ ਅੰਤ ਦੇ ਨਜ਼ਦੀਕੀ ਹਨ।

ਸਿਕੰਦਰ ਨੇ ਇਕ ਸੁਪਨਾ ਲਿਆ ਸੀ ਦੁਨੀਆਂ ਨੂੰ ਜਿੱਤਣ ਦਾ। ਜਿਸ ਵੇਲੇ ਉਸ ਦੀ ਮੌਤ ਆਈ ਤਾਂ ਜ਼ਮੀਨ ਉੱਤੇ ਲੇਟੇ ਹੋਏ ਨੇ ਸਭ ਤੋਂ ਪਹਿਲਾਂ ਸਾਰੇ ਹਕੀਮਾਂ ਨੂੰ ਇਹ ਆਵਾਜ਼ ਦੇ ਕੇ ਕਿਹਾ ਕਿ ਤੁਹਾਡੀ ਔਸ਼ਧੀ ਦਾ ਸੰਸਾਰ ਲੋਹਾ ਮੰਨਦਾ ਹੈ। ਕੋਈ ਦਵਾਈ ਇਹੋ ਜਿਹੀ ਤੁਸੀਂ ਬਣਾ ਕੇ ਰੱਖੀ ਹੈ ਕਿ ਸਾਹਮਣੇ ਮੌਤ ਆਉਂਦੀ ਪਈ ਹੈ, ਤੁਸੀਂ ਦਵਾਈ ਦਿਉ ਤੇ ਮੈਂ ਬਚ ਜਾਵਾਂ। ਵੈਦਾਂ ਨੇ ਨੀਵੀਂ ਪਾ ਲਈ। ਕਹਿਣ ਲੱਗੇ, ਦਵਾਈਆਂ ਤਾਂ ਬੜੀਆਂ ਤੇਜ਼ ਤੇ ਕੀਮਤੀ ਬਣਾਈਆਂ ਹਨ, ਪਰ ਯਾਦ ਰੱਖੀਂ, ਉਹ ਵੀ ਅਸਰ ਤਾਂ ਕਰਦੀਆਂ ਹਨ ਜੇ ਸੁਆਸ ਚੱਲਦੇ ਹਨ। ਸੁਆਸ ਨਿਕਲਣ 'ਤੇ ਆ ਜਾਣ ਤਾਂ ਫਿਰ ਦਵਾਈ ਵੀ ਕੋਈ ਕੰਮ ਨਹੀਂ ਕਰਦੀ।

ਸਿਕੰਦਰ ਨੇ ਫਿਰ ਆਪਣੇ ਸਲਾਹਕਾਰ ਬੁਲਾਏ। ਕਹਿਣ ਲੱਗਾ, ਮੈਂ ਹਰ ਮੁਹਿੰਮ 'ਤੇ ਜਾਣ ਲੱਗਿਆਂ ਤੁਹਾਡੀ ਸਲਾਹ ਦੀ ਕਦਰ ਕੀਤੀ। ਤੁਹਾਡੀ ਸਲਾਹ ਮੰਨੀ ਅਤੇ ਮੈਨੂੰ ਫ਼ਤਹਿ ਵੀ ਮਿਲੀ। ਵੱਡੇ ਤੋਂ ਵੱਡੇ ਬੱਲ ਵਾਲੇ ਮੇਰੇ ਸਾਹਮਣੇ ਝੁੱਕਦੇ ਦਿੱਸੇ, ਪਰ ਅੱਜ ਜਿਸ ਦਾ ਮੇਰੇ ਨਾਲ ਟਾਕਰਾ ਹੋਣ ਲੱਗਾ ਹੈ, ਉਸ ਨੂੰ ਮੌਤ ਕਹਿੰਦੇ ਹਨ। ਮੈਨੂੰ ਕੋਈ ਅਜਿਹੀ ਸਲਾਹ ਦਿਉ ਕਿ ਮੈਂ ਮੌਤ ਉੱਤੇ ਫ਼ਤਹਿ ਪਾ ਸਕਾਂ। ਕੀ ਇਸ ਮੁਹਿੰਮ ਨੂੰ ਮੈਂ ਜਿੱਤ ਸਕਾਂਗਾ ? ਸਾਰੇ ਨੀਵੀਂ ਪਾ ਕੇ ਬੈਠ ਗਏ। ਕਹਿਣ ਲੱਗੇ, ਜਿੱਧਰ ਤੂੰ ਟੱਕਰ ਲਾਉਣ ਲੱਗਾ ਹੈਂ, ਉਥੇ ਅਸੀਂ ਵੀ ਇਕ ਦਿਨ ਹਾਰਨਾ ਹੈ। ਉਸ ਨੇ ਫਿਰ ਆਪਣਾ ਪਰਿਵਾਰ ਬੁਲਾਇਆ। ਬੇਗਮਾਂ ਨੂੰ ਆਵਾਜ਼ ਦਿੱਤੀ ਕਿ ਮੈਂ ਜਿੱਥੇ ਵੀ ਗਿਆ, ਤੁਹਾਡੀ ਹਰ



Sri Satguru Jagjit Singh Ji eLibrary NamdhariElibrary@gmail.com

ਮਨ-ਪਸੰਦ ਚੀਜ਼ ਲੁੱਟ ਕੇ, ਖੋਹ ਕੇ ਲਿਆਇਆ, ਪਰ ਮੈਨੂੰ ਘੱਟੋ ਘੱਟ ਦੱਸੋ ਕਿ ਮੈਂ ਤੁਹਾਡੇ ਲਈ ਇੰਨਾ ਕੁਝ ਕੀਤਾ, ਕੀ ਕੋਈ ਮੇਰੀ ਥਾਂ ਮੌਤ ਵਾਲੇ ਮੰਜੇ ਉੱਪਰ ਲੇਟਣ ਲਈ ਤਿਆਰ ਹੈ ?

ਉਸ ਨੇ ਚੌਥਾ ਕੰਮ ਕੀਤਾ। ਕਹਿੰਦਾ ਹੈ, ਘੱਟੋ ਘੱਟ ਸੋਨੇ ਦੀਆਂ ਮੋਹਰਾਂ ਤਾਂ ਲੈ ਕੇ ਆਉ। ਜਦੋਂ ਸੋਨੇ ਦੀਆਂ ਮੋਹਰਾਂ ਦਾ ਉਸ ਕੋਲ ਢੇਰ ਲਾ ਦਿੱਤਾ ਤਾਂ ਕਹਿੰਦਾ ਹੈ, ਮੇਰਾ ਸਿਰ ਚੁੱਕੋ। ਸਿਰ ਉਠਾਇਆ। ਭਰ ਕੇ ਮੁੱਠ ਮੋਹਰਾਂ ਦੀ ਆਪਣੀ ਛਾਤੀ ਉੱਤੇ ਇਵੇਂ ਉਡਾਈ ਜਿਵੇਂ ਹੱਥ ਵਿਚੋਂ ਕੋਈ ਦਾਣੇ ਛੱਡਦਾ ਹੈ। ਸਿਕੰਦਰ ਮੋਹਰ ਨੂੰ ਰੋ ਕੇ ਕਹਿੰਦਾ ਹੈ, ਮੈਂ ਤੇਰੀ ਖ਼ਾਤਿਰ ਹਰ ਪਾਪ ਕੀਤਾ। ਇੰਨੇ ਢੇਰ ਮੈਂ ਇਕੱਠੇ ਕੀਤੇ, ਕਮਲੀਏ, ਹੁਣ ਤੂੰ ਹੀ ਮੇਰਾ ਸਾਥ ਦੇ ਦੇ। ਹੁਣ ਤੂੰ ਹੀ ਮੌਤ ਨਾਲ ਸੌਦਾ ਕਰ, ਕੀ ਮੈਨੂੰ ਬਚਾਅ ਸਕਦੀ ਹੈਂ?

ਚੇਤੇ ਰੱਖਿਉ, ਗੁਰਮਤਿ ਵਿਚ ਰਾਜ ਤੋਂ ਘ੍ਰਿਣਾ ਨਹੀਂ, ਪਰ ਜਿਹੜਾ ਗੁਰਮਤਿ ਦਾ ਰਾਜ ਹੈ, ਉਸ ਦਾ ਤਾਂ ਨਜ਼ਾਰਾ ਹੀ ਕੁਝ ਵੱਖਰਾ ਹੈ। ਇਥੇ ਲੋਕ ਉੱਨੀ ਦੇਰ ਤੱਕ ਜੋੜੇ ਝਾੜਦੇ ਦੇਖੇ ਹਨ ਜਿੰਨੀ ਦੇਰ ਤੱਕ ਪੱਦਵੀਆਂ ਨਹੀਂ ਮਿਲੀਆਂ। ਖਿਮਾ ਕਰਿਉ, ਜਿਸ ਦਿਨ ਪ੍ਰਧਾਨਗੀ ਚਲੀ ਜਾਏ, ਉਸ ਦਿਨ ਮੱਥਾ ਟੇਕਣ ਵੀ ਗੁਰਦੁਆਰੇ ਨਹੀਂ ਆਉਂਦੇ, ਪਰ ਇਕ ਉਹ ਸਿੱਖ ਵੀ ਹੈ ਜਿਹੜਾ ਸਾਰਾ ਦਿਨ ਲਿੱਦ ਚੁੱਕਦਾ ਸੀ ਜੱਸਾ ਸਿੰਘ ਆਹਲੂਵਾਲੀਆ, ਜਿਸ ਨੇ 7 ਸਾਲ ਮਾਤਾ ਸੁੰਦਰੀ ਕੋਲੋਂ ਕੀਰਤਨ ਸਿੱਖਿਆ ਤੇ ਜਦੋਂ ਦਿੱਲੀ ਤੋਂ ਕੀਰਤਨ ਸਿਖ ਕੇ ਪੰਜਾਬ ਨੂੰ ਤੁਰਨ ਲੱਗਾ ਤਾਂ ਜੱਸਾ ਸਿੰਘ ਦੀ ਮਾਂ ਨੇ ਇਕੋ ਸ਼ਬਦ ਕਿਹਾ ਸੀ ਕਿ ਮਾਤਾ ਜੀ ! ਇਸ ਦੇ ਸਿਰ ਉੱਤੇ ਪਿਤਾ ਦਾ ਸਾਇਆ ਨਹੀਂ ਹੈ ਤਾਂ ਮਾਂ ਨੇ ਹੱਸ ਕੇ ਕਿਹਾ ਸੀ ਕਿ ਯੇਹ ਹੈ ਪਾਤਿਸ਼ਾਹੀ ਪੰਥ। ਇਹ ਪੰਥ ਦਾ ਪਾਤਿਸ਼ਾਹ ਬਣੇਗਾ, ਪੰਥ ਇਸ ਨੂੰ ਪੱਦਵੀ ਦੇਵੇਗਾ। ਕਹਿਣ ਲੱਗੇ ਤੂੰ ਕਹਿੰਦੀ ਹੈਂ ਇਸ ਦੇ ਸਿਰ ਉੱਤੇ ਕੋਈ ਸਾਇਆ ਨਹੀਂ, ਪਰ ਦੇਖੀਂ, ਇਸ ਦੇ ਦੁਆਲੇ ਚੋਬਦਾਰ ਖੜੇ ਹੋਇਆ ਕਰਨਗੇ। ਗੁਰੂ ਗੋਬਿੰਦ ਸਿੰਘ ਜੀ ਕਹਿਣ ਲੱਗੇ :

**ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛੱਤ੍ਰਧਾਰੀ**
**ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤੁ ਹੈਂ॥**
**ਬਡੇ ਬਡੇ ਰਾਜਨ ਕੇ ਦਾਬਤਿ ਫਿਰਤਿ ਦੇਸ**
**ਬਡੇ ਬਡੇ ਰਾਜਨ ਕੇ ਦ੍ਰਪ ਕੋ ਦਲਤ ਹੈਂ॥**
**ਮਾਨ ਸੇ ਮਹੀਪ ਔ ਦਲੀਪ ਕੈਸੇ ਛੱਤ੍ਰਧਾਰੀ**
**ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈਂ॥**
**ਦਾਰਾ ਸੇ ਦਿਲੀਸਰ ਦ੍ਰਯੋਧਨ ਸੇ ਮਾਨਧਾਰੀ**
**ਭੋਗ ਭੋਗ ਭੂੰਮ ਅੰਤ ਭੂੰਮ ਮੈ ਮਿਲਤ ਹੈਂ॥** (ਅਕਾਲ ਉਸਤਤਿ)



Sri Satguru Jagjit Singh Ji eLibrary NamdhariElibrary@gmail.com

ਸੰਸਾਰ ਦੇ ਪਦਾਰਥ ਭੋਗਦਿਆਂ ਇਕ ਦਿਨ ਉਹ ਚੱਲੇ ਗਏ। ਅੱਜ ਉਹ ਜ਼ਮੀਨ ਦੇ ਥੱਲੇ ਲੁੱਕੇ ਹੋਏ ਹਨ। ਹਜ਼ੂਰ ਨੇ ਅੱਜ ਦੀ ਅੰਮ੍ਰਿਤ ਬਾਣੀ ਵਿਚ ਇਹ ਬਚਨ ਕਹੇ ਹਨ :

**ਪਾਸਿ ਦਮਾਮੇ**

ਪਾਸਿ ਦਾ ਅੱਖਰੀ ਅਰਥ ਹੈ ਕੋਲ। ਦਮਾਮੇ ਦਾ ਅਰਥ ਹੈ ਨਗਾਰਾ। ਕਹਿੰਦੇ ਹਨ, ਉਹ ਲੋਕ ਜਿਹੜੇ ਜਿੱਥੇ ਵੀ ਜਾਂਦੇ ਸਨ ਉਥੇ ਨਗਾਰੇ ਵੱਜਦੇ ਸਨ।

**ਛਤੁ ਸਿਰਿ**

ਜਿਨ੍ਹਾਂ ਦੇ ਸਿਰ ਉੱਤੇ ਸੋਨੇ ਦੇ ਛਤਰ ਝੁੱਲਦੇ ਸਨ।

**ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ॥**

ਭੇਰੀ ਦਾ ਅਰਥ ਹੈ ਤੂਤੀਆਂ ਵਜਾਉਣੀਆਂ। ਸਡੋ ਦਾ ਅੱਖਰੀ ਅਰਥ ਹੁੰਦਾ ਹੈ ਸੱਦ ਦੇਣੀ, ਆਵਾਜ਼ ਦੇਣੀ। ਰਡ ਦਾ ਅੱਖਰੀ ਅਰਥ ਹੈ ਇਕ ਛੰਦ। ਜਿਨ੍ਹਾਂ ਦੇ ਕੋਲ ਨਗਾਰੇ ਵੱਜਦੇ ਸਨ, ਜਿਨ੍ਹਾਂ ਦੇ ਕੋਲ ਵਾਜਿਆਂ ਦੀਆਂ ਤੂਤੀਆਂ ਦੀ ਆਵਾਜ਼ ਆਉਂਦੀ ਸੀ। ਸਿਰ ਉੱਤੇ ਛੱਤਰ ਸਨ ਤੇ ਉਹਨਾਂ ਦੀ ਸਿਫ਼ਤ ਵਿਚ ਉੱਚੀ-ਉੱਚੀ ਛੰਦ ਉਚਾਰਨ ਕੀਤੇ ਜਾਂਦੇ ਸਨ। ਦਰਬਾਰ ਵਿਚ ਆਉਣ ਤੋਂ ਪਹਿਲਾਂ ਦਰਬਾਰੀਆਂ ਨੇ ਉੱਚੀ-ਉੱਚੀ ਨਗਾਰੇ ਵਜਾਉਣੇ। ਬਾਬਾ ਜੀ ਕਹਿੰਦੇ ਹਨ, ਅੱਜ ਮੌਤ ਆਈ ਤਾਂ ਉਸ ਬੰਦੇ ਦੀ ਅਰਥੀ ਘਰੋਂ ਉੱਠੀ। ਜਿਹੜਾ ਪਾਲਕੀ ਵਿਚ ਜਾਂਦਾ ਸੀ, ਰੱਥ ਵਿਚ ਚੜ੍ਹ ਕੇ ਜਾਂਦਾ ਸੀ, ਅੱਜ ਉਸ ਦੀ ਅਰਥੀ ਤਿਆਰ ਕੀਤੀ ਗਈ। ਨਗਾਰੇ ਕੋਲ ਪਏ ਸਨ ਜਿਹੜੇ ਕਈ ਸਾਲਾਂ ਤੋਂ ਵੱਜਦੇ ਸਨ, ਅੱਜ ਅਰਥੀ ਉੱਠੀ, ਪਰ ਕਿਸੇ ਨਗਾਰਚੀ ਨੇ ਨਗਾਰੇ ਉੱਤੇ ਡਗਾ ਮਾਰ ਕੇ ਉਸ ਵਿਚੋਂ ਆਵਾਜ਼ ਬਾਹਰ ਨਹੀਂ ਕੱਢੀ। ਜਿਹੜੇ ਕਵੀ ਸਨ, ਰੋਜ਼ ਨਵੀਆਂ ਕਵਿਤਾਵਾਂ ਲਿਖ ਕੇ ਲਿਆਉਂਦੇ ਸਨ, ਅੱਜ ਉਹ ਵੀ ਕਾਗ਼ਜ਼ ਘਰ ਛੱਡ ਕੇ ਆ ਗਏ। ਬਾਬਾ ਜੀ ਕਹਿੰਦੇ ਹਨ, ਦੇਖੋ, ਪਹਿਲਾਂ ਜਾਂਦਾ ਸੀ ਤਾਂ ਗ਼ਲੀਚੇ ਵਿੱਛੇ ਹੋਣੇ, ਫੁੱਲਾਂ ਦੀ ਵਰਖਾ ਕਰਨੀ। ਅੱਜ ਇਸ ਨੂੰ ਦਰਬਾਰ ਵਿਚ ਲਿਜਾਣ ਦੀ ਥਾਂ, ਕਬਰਸਤਾਨ ਵੱਲ ਲੈ ਗਏ। ਜਦੋਂ ਉਸ ਦੀ ਕਬਰ ਪੁੱਟੀ ਜਾ ਰਹੀ ਸੀ ਤਾਂ ਨਜ਼ਦੀਕ ਦੇ ਬੰਦੇ ਹਟਕੋਰੇ ਲੈ ਰਹੇ ਸਨ। ਜਿਸ ਬਾਦਸ਼ਾਹ ਨੂੰ ਕਦੀ ਵੀ ਇਕੱਲਿਆਂ ਛੱਡਿਆ ਨਹੀਂ ਜਾਂਦਾ ਸੀ, ਅੱਜ ਉਸ ਨੂੰ ਕਬਰ ਵਿਚ ਲਿਟਾ ਦਿੱਤਾ। ਸਿਰਹਾਣੇ ਇੱਟ ਰੱਖ ਦਿੱਤੀ। ਉੱਤੇ ਬਸਤਰ ਪਾ ਦਿੱਤਾ। ਸਰੀਰ ਮਿੱਟੀ ਵਿਚ ਦੱਬ ਦਿੱਤਾ। ਸ਼ਾਮ ਪਈ ਤਾਂ ਸਾਰੇ ਘਰਾਂ ਨੂੰ ਚਲੇ ਗਏ। ਯਤੀਮਾਂ ਦੀ ਤਰ੍ਹਾਂ ਉਹ ਕਬਰਸਤਾਨ ਵਿਚ ਬੈਠਾ ਹੈ।

**ਜਾਇ ਸੁਤੇ ਜੀਰਾਣ ਮਹਿ**

ਜੀਰਾਣ ਦਾ ਅੱਖਰੀ ਅਰਥ ਹੈ ਸ਼ਮਸ਼ਾਨ। ਬਾਬਾ ਜੀ ਕਹਿੰਦੇ ਹਨ, ਇਹੋ ਜਿਹੇ



Sri Satguru Jagjit Singh Ji eLibrary NamdhariElibrary@gmail.com

ਸੌਂ ਗਏ ਕਿ ਹੁਣ ਉੱਠਦੇ ਹੀ ਨਹੀਂ ਪਏ।

**ਥੀਏ ਅਤੀਮਾ ਗਡ॥** (ਅੰਗ ੧੩੮੦)

ਅਤੀਮਾ ਦਾ ਅਰਥ ਹੈ ਯਤੀਮ। ਜਿਸ ਦਾ ਕੋਈ ਨਾ ਹੋਵੇ। ਕਹਿਣ ਲੱਗੇ, ਦੇਖ ਬਾਦਸ਼ਾਹ, ਅੱਜ ਯਤੀਮ ਦੀ ਤਰ੍ਹਾਂ ਤੈਨੂੰ ਘਰੋਂ ਬਾਹਰ ਕੱਢ ਦਿੱਤਾ ਹੈ। ਪਿਆਰਿਓ ! ਤੇਲੀ ਦਾ ਬਲਦ ਸਾਰਾ ਦਿਨ ਕੋਹਲੂ ਦੇ ਦੁਆਲੇ ਘੁੰਮਦਾ ਹੈ, ਪਰ ਵਿਚਾਰਾ ਜਿਥੋਂ ਸਵੇਰੇ ਖੁੱਲ੍ਹਦਾ ਹੈ, ਸ਼ਾਮ ਨੂੰ ਉਥੇ ਬੱਝਦਾ ਹੈ। ਫ਼ਾਇਦਾ ਤਾਂ ਹੈ ਜੇ ਸਿਮਰਨ ਕਰੀਏ। ਬਾਣੀ ਨਾਲ ਜੁੜੀਏ। ਜਿਨ੍ਹਾਂ ਨੇ ਅੰਮ੍ਰਿਤ ਦੀ ਦਾਤ ਨਹੀਂ ਲਈ, ਉਹ ਉਸ ਗੁਰੂ ਤੋਂ ਅੰਮ੍ਰਿਤ ਲਵੋ, ਜਿਸ ਸਮਰੱਥ ਸਤਿਗੁਰੂ ਨੇ ਬਾਂਹ ਫੜਨੀ ਹੈ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆



Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਕੂੜਾ ਸਉਦਾ ਕਰਿ ਗਏ

**ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ॥**
**ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ॥**

(ਅੰਗ ੧੩੮੦)

ਪਰਮ ਸਨਮਾਨਯੋਕਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਅੰਦਰ ਸੁਭਾਇਮਾਨ ਸਤਿਸੰਗੀ ਜਨੋਂ !

**ਵਾਹਿਗੁਰੂ ਜੀ ਕਾ ਖ਼ਾਲਸਾ॥**

**ਵਾਹਿਗੁਰੂ ਜੀ ਕੀ ਫ਼ਤਹਿ॥**

ਬਾਬਾ ਫ਼ਰੀਦ ਜੀ ਨੇ ਹਰ ਇਕ ਇਨਸਾਨ ਨੂੰ ਇਸ ਹਕੀਕਤ ਤੋਂ ਜਾਣੂੰ ਕਰਵਾਇਆ ਹੈ ਕਿ ਮਨੁੱਖ ਇਸ ਧਰਤੀ 'ਤੇ ਅਨੇਕਾਂ ਆਏ, ਜਿਨ੍ਹਾਂ ਨੇ ਇਸ ਸੰਸਾਰ ਵਿਚ ਆਪਣੀ ਸ਼ਾਨੋ ਸ਼ੌਕਤ ਲਈ ਕਿਸੇ ਨੇ ਕੋਠੇ ਬਣਾਏ, ਕਿਸੇ ਨੇ ਮਹਿਲ ਉਸਾਰੇ। ਏਨਾ ਵੱਡਾ ਅਡੰਬਰ ਕਰਨ ਵਾਲੇ ਲੋਕ ਸਾਰੀ ਜ਼ਿੰਦਗੀ ਜਿਨ੍ਹਾਂ ਨੂੰ ਵੇਹਲ ਨਾ ਮਿਲਿਆ ਆਪਣੇ ਇਸ ਕੰਮ ਤੋਂ, ਬਾਬਾ ਫ਼ਰੀਦ ਜੀ ਕਹਿੰਦੇ ਹਨ, ਉਹ ਕੂੜਾ ਸੌਦਾ ਕਰਕੇ ਜ਼ਿੰਦਗੀ ਤੋਂ ਚੱਲੇ ਗਏ। ਉਹ ਕੂੜਾ ਸੌਦਾ ਕਰਨ ਵਾਲਿਆਂ ਦੇ ਤਨ, ਸਰੀਰ ਕਬਰਾਂ ਵਿਚ ਆ ਪਏ। ਸਾਹਿਬ ਕਹਿੰਦੇ ਹਨ, ਕੋਈ ਵੀ ਇਨਸਾਨ ਇਥੇ ਨਾ ਖ਼ਾਲੀ ਹੱਥ ਆਇਆ ਹੈ ਤੇ ਨਾ ਕਿਸੇ ਇਨਸਾਨ ਨੇ ਇਸ ਸੰਸਾਰ ਤੋਂ ਖ਼ਾਲੀ ਹੱਥ ਜਾਣਾ ਹੈ। ਇਨਸਾਨ ਸੋਚਦਾ ਹੈ ਕਿ ਨਾਲ ਕੁੱਝ ਲੈ ਕੇ ਨਹੀਂ ਜਾਣਾ। ਸਾਹਿਬ ਕਹਿੰਦੇ ਹਨ, ਹਰ ਬੰਦਾ ਪ੍ਰਮਾਤਮਾ ਦੇ ਘਰ ਵਿਚੋਂ ਇਸ ਧਰਤੀ ਉੱਤੇ ਜੀਊਣ ਵਾਸਤੇ ਉਮਰ ਆਪਣੇ ਨਾਲ ਲੈ ਕੇ ਆਇਆ ਹੈ। ਜਦੋਂ ਦੁਨੀਆਂ ਤੋਂ ਕੂਚ ਕਰਦਾ ਹੈ ਤਾਂ ਸਰੀਰ ਨਾਲ ਨਹੀਂ ਜਾਂਦਾ। ਕਈ ਗੁਣਾਂ ਤੇ ਬੰਦਗੀ ਦੇ ਭੰਡਾਰੇ ਨਾਲ ਲੈ ਕੇ ਜਾਂਦੇ ਹਨ ਤੇ ਕਈ ਸਾਰੀ ਜ਼ਿੰਦਗੀ ਪਾਪ ਨਾਲ ਲੈ ਕੇ ਜਾਂਦੇ ਹਨ। ਬਾਬਾ ਜੀ ਕਹਿੰਦੇ ਹਨ, ਇਹੋ ਜਿਹੇ ਕਰਮ ਨਾ ਕਰ ਕਿ ਰੱਬ ਦੀ ਦਰਗਾਹ ਵਿਚ ਸ਼ਰਮਸਾਰ ਹੋਵੇਂ। ਬਾਬਾ ਜੀ ਕਹਿੰਦੇ ਹਨ :

**ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥**

ਤੇ ਫਿਰ ਆਪਣੀਆਂ ਚੰਗੀਆਈਆਂ ਤੇ ਬੁਰਾਈਆਂ ਕਰਕੇ :

**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥** (ਜਪੁ ਜੀ ਸਾਹਿਬ)



Sri Satguru Jagjit Singh Ji eLibrary NamdhariElibrary@gmail.com

ਹਰ ਬੰਦਾ ਆਪਣੇ ਨਾਲ ਸੁਆਸਾਂ ਦੀ ਪੂੰਜੀ ਤੇ ਮਨੁੱਖਾ ਸਰੀਰ ਲੈ ਕੇ ਆਇਆ ਹੈ, ਪਰ ਜਦੋਂ ਉਹ ਕੂਚ ਕਰਦਾ ਹੈ ਤਾਂ ਖ਼ਾਲੀ ਹੱਥ ਨਹੀਂ ਗਿਆ। ਕੋਈ ਬੰਦਾ ਬੰਦਗੀ ਲੈ ਕੇ ਜਾਵੇਗਾ ਤੇ ਕੋਈ ਬੰਦਾ ਕੇਵਲ ਔਗੁਣ ਤੇ ਕੂੜ ਵਿਹਾਰ ਲੈ ਕੇ ਜਾਵੇਗਾ। ਸਾਹਿਬ ਕਹਿੰਦੇ ਹਨ, ਹਰ ਬੰਦਾ ਵਪਾਰੀ ਬਣ ਕੇ ਆਇਆ ਹੈ। ਵਪਾਰ ਕਿਸੇ ਹੋਰ ਥਾਂ 'ਤੇ ਕੀਤਾ ਜਾਂਦਾ ਹੈ ਤੇ ਰਹਿਣ ਬਸੇਰੇ ਕਿਸੇ ਹੋਰ ਥਾਂ ਬਣਾਏ ਜਾਂਦੇ ਹਨ।

ਅਸੀਂ ਬਜ਼ਾਰ ਵਿਚ ਜਾਂਦੇ ਹਾਂ ਤਾਂ ਉਥੇ ਕੇਵਲ ਦੁਕਾਨ ਹੈ। ਦੁਕਾਨ ਵਿਚ ਟਿਕਾਣਾ ਨਹੀਂ। ਜੇ ਕੋਈ ਦੁਕਾਨ ਵਿਚ ਅੱਠ-ਦਸ ਘੰਟੇ ਬੈਠਦਾ ਹੈ ਤਾਂ ਉਹ ਇਸ ਕਰਕੇ ਬੈਠਦਾ ਹੈ ਕਿ ਉਹ ਇਹੋ ਜਿਹਾ ਘਰ ਬਣਾ ਸਕੇ, ਜਿਸ ਨਾਲ ਉਸ ਦੀ ਰੋਜ਼ ਦੀ ਭਟਕਣਾ ਹੀ ਮੁੱਕ ਜਾਵੇ, ਪਰ ਦੁਕਾਨ ਕਦੀ ਘਰ ਨਹੀਂ ਬਣਦੀ। ਜਿਹੜਾ ਦੁਕਾਨ ਵਿਚ ਬੈਠ ਕੇ ਕੁਝ ਕਮਾਉਂਦਾ ਹੈ, ਘਰ ਉਸ ਦਾ ਹੀ ਬਣਦਾ ਹੈ। ਸਾਹਿਬ ਕਹਿੰਦੇ ਹਨ, ਵਾਪਾਰ ਕਰਨ ਵਾਲੇ ਲੋਕ ਸਵੇਰੇ ਸੂਰਜ ਦੇ ਚਾਨਣ ਵਿਚ ਤੇ ਰਾਤ ਨੂੰ ਆਪਣੇ ਬਾਲੇ ਹੋਏ ਬੱਤੀਆਂ ਦੇ ਲੈਂਪਾਂ ਵਿਚ ਵਾਪਾਰ ਕਰਦੇ ਹਨ। ਸਾਹਿਬ ਕਹਿੰਦੇ ਹਨ, ਜਿਸ ਧਰਤੀ 'ਤੇ ਤੂੰ ਆਇਆ ਹੈਂ, ਇਹ ਇਕ ਬਾਜ਼ਾਰ ਹੈ। ਇਸ ਬਾਜ਼ਾਰ ਵਿਚ ਪੂੰਜੀ ਪ੍ਰਮਾਤਮਾ ਨੇ ਤੈਨੂੰ ਆਪਣੇ ਘਰੋਂ ਦੇ ਕੇ ਭੇਜੀ ਹੈ, ਪਰ ਇਸ ਬਾਜ਼ਾਰ ਵਿਚ ਦਿਨ ਨੂੰ ਸੂਰਜ ਚੜ੍ਹਦਾ ਹੈ ਤੇ ਰਾਤ ਨੂੰ ਚੰਦਰਮਾ। ਇਹ ਚੌਦਾਂ ਤਪਕ ਜਿੰਨਾ ਸੰਸਾਰ ਹੈ, ਇਹ ਸਾਰਾ ਬਾਜ਼ਾਰ ਹੈ ਤੇ ਜਿਸ ਦਿਨ ਬੱਚੇ ਦਾ ਜਨਮ ਹੁੰਦਾ ਹੈ, ਅਸੀਂ ਦੁਨੀਆਂ ਦੀ ਦੁਕਾਨ ਕੁਝ ਸਾਲ ਲਿਆਕਤ ਸਿੱਖਣ ਤੋਂ ਬਾਅਦ ਖੋਲ੍ਹਦੇ ਹਾਂ, ਪਰ ਇਹ ਦੁਨੀਆਂ ਦੀ ਦੁਕਾਨ 'ਤੇ ਉਸ ਦਿਨ ਹੀ ਬੰਦਾ ਬੈਠ ਜਾਂਦਾ ਹੈ, ਜਿਸ ਦਿਨ ਜਨਮ ਲੈ ਕੇ ਪਹਿਲਾ ਸੁਆਸ ਲੈਂਦਾ ਹੈ। ਜਿਸ ਦਿਨ ਜਨਮ ਹੋਇਆ, ਉਸ ਦਿਨ ਬੰਦੇ ਦੀ ਹੱਟੀ ਖੁੱਲ੍ਹ ਗਈ ਸੀ। ਇਸ ਦੁਕਾਨ ਵਿਚ ਜਿਹੜਾ ਬੈਠ ਗਿਆ, ਉਹ ਇਕ ਗੱਲ ਯਾਦ ਰੱਖੇ, ਜਿਸ ਗੱਦੀ 'ਤੇ ਅੱਜ ਮੈਂ ਬੈਠਾ ਹਾਂ, ਮੈਨੂੰ ਇਕ ਦਿਨ ਬਾਜ਼ਾਰ ਛੱਡ ਕੇ ਜਾਣਾ ਪੈਣਾ ਹੈ। ਸਾਹਿਬ ਕਹਿੰਦੇ ਹਨ, ਬਾਜ਼ਾਰ ਵਿਚ ਕੋਈ ਸਾਮਾਨ ਖ਼ਰੀਦਦਾ ਹੈ। ਉਸ ਦੇ ਚੰਗੇ ਦੀ, ਮੰਦੇ ਦੀ, ਅਸਲੀ ਦੀ, ਨਕਲੀ ਦੀ ਕੋਈ ਨਾ ਕੋਈ ਪਹਿਚਾਣ ਜ਼ਰੂਰ ਕਰਦਾ ਹੈ ਕਿ ਉਸ ਨਾਲ ਕੋਈ ਧੋਖਾ ਨਾ ਹੋ ਜਾਵੇ।

ਸਾਹਿਬ ਕਹਿੰਦੇ ਹਨ, ਜਿਹੜੇ ਰੱਬੀ ਪੁਰਸ਼ ਪ੍ਰਮਾਤਮਾ ਨੇ ਇਸ ਧਰਤੀ 'ਤੇ ਭੇਜੇ, ਜਿਨ੍ਹਾਂ ਨੇ ਮਰਿਆਦਾ ਬਣਾਈ, ਧਰਮ ਬਣਾਇਆ। ਧਰਮ ਇਕ ਦਲਾਲ ਹੈ। ਜਿਹੜੇ ਤੂੰ ਕਰਮ ਕਰਦਾ ਹੈਂ, ਰੋਜ਼ ਨਿਸ਼ਾਨ ਲਗਾਈ ਜਾਂਦਾ ਹੈ ਕਿ ਇਹ ਕਰਤੂਤ ਤੈਨੂੰ ਸ਼ਰਮਸਾਰ ਕਰੇਗੀ ਤੇ ਇਹ ਕਰਮ ਤੈਨੂੰ ਰੱਬ ਦੀ ਦਰਗਾਹ ਵਿਚ ਛੁਡਾ ਦੇਵੇਗਾ। ਧਰਮ ਨਿਸ਼ਾਨ ਲਗਾਉਂਦਾ ਹੈ ਕਿ ਇਨ੍ਹਾਂ ਕਰਮਾਂ ਕਰਕੇ ਜੇ ਕੋਈ ਬੰਦਾ ਕਹਿੰਦਾ ਹੈ ਕਿ ਮੈਨੂੰ ਸਮਝ ਨਹੀਂ ਤਾਂ ਸਾਹਿਬ ਕਹਿੰਦੇ ਹਨ ਕਿ ਜਿਸ ਬੰਦੇ ਦੀਆਂ ਦੋਨੋਂ ਅੱਖਾਂ ਬੰਦ ਹਨ, ਨਜ਼ਰ ਨਹੀਂ ਆਉਂਦਾ, ਉਹ ਵਿਚਾਰਾ ਤੁਰੇ ਤੇ ਕਿਸੇ ਖੱਡੇ ਵਿਚ ਜਾਂ ਠੋਕਰ ਲੱਗ ਕੇ ਡਿੱਗ



Sri Satguru Jagjit Singh Ji eLibrary NamdhariElibrary@gmail.com

ਜਾਏ ਤਾਂ ਅਸੀਂ ਉਸ ਉੱਪਰ ਤਰਸ ਖਾ ਕੇ ਹਮਦਰਦੀ ਪ੍ਰਗਟ ਕਰਾਂਗੇ। ਜਿਸ ਬੰਦੇ ਦੀਆਂ ਅੱਖਾਂ ਦੀ ਚਮਕ ਹੋਵੇ, ਜੋਤ ਹੋਵੇ ਤੇ ਹੱਥ ਵਿਚ ਲੈਂਪ ਫੜਿਆ ਹੋਵੇ, ਇਸ ਦੇ ਬਾਵਜੂਦ ਵੀ ਉਹ ਖੂਹ ਵਿਚ ਛਾਲ ਮਾਰੇ ਤਾਂ ਉਸ ਉੱਪਰ ਤਰਸ ਨਹੀਂ, ਸਗੋਂ ਉਸ ਨੂੰ ਝਿੜਕਾਂ ਪੈਂਦੀਆਂ ਹਨ ਕਿ ਤੂੰ ਦੀਵੇ ਦੀ ਨਿਰਾਦਰੀ ਕਰ ਦਿੱਤੀ, ਇਹ ਤਾਂ ਹਨੇਰੇ ਨੂੰ ਚਾਨਣ ਦਿੰਦਾ ਹੈ। ਸਾਹਿਬ ਕਹਿੰਦੇ ਹਨ, ਕਿਸ ਬੰਦੇ ਨੂੰ ਪਤਾ ਨਹੀਂ ਕਿ ਇੰਨਾ ਕਰਮਾਂ ਕਰਕੇ ਮੇਰੇ ਗੁਰੂ ਨੇ ਮੈਨੂੰ ਵਰਜਿਆ ਹੈ। ਇਕ ਤਾਂ ਰੱਬ ਨੇ ਤੈਨੂੰ ਅਕਲ ਦਿੱਤੀ ਕਿ ਰੱਬੀ ਬਾਣੀ ਪੜ੍ਹਨ ਲੱਗ ਪਿਆ ਹੈਂ ਤੇ ਦੂਸਰਾ ਰੱਬ ਨੇ ਸ਼ਬਦ ਦਾ ਦੀਵਾ ਦੇ ਦਿੱਤਾ। ਜੇ ਸ਼ਬਦ ਦਾ ਦੀਵਾ ਲੈ ਕੇ ਵੀ ਤੂੰ ਛਾਲ ਮਾਰਦਾ ਹੈਂ ਤਾਂ ਉਸ ਵਿਚ ਤੇਰੀ ਕਿਹੜੀ ਸਿਆਣਪ ਹੈ।

ਸਾਹਿਬ ਕਹਿੰਦੇ ਹਨ ਕਿ ਜਦੋਂ ਅਸੀਂ ਮਾੜਾ ਕਰਮ ਕਰਦੇ ਹਾਂ ਤਾਂ ਉਦੋਂ ਮਾੜੇ ਨੂੰ ਰੱਬ 'ਤੇ ਥੋਪਦੇ ਹਾਂ। ਜੇ ਚੰਗਾ ਕੰਮ ਕਰਦੇ ਹਾਂ ਤਾਂ ਉਹ ਆਪਣੇ ਲੇਖੇ ਵਿਚ ਪਵਾਈ ਜਾਂਦੇ ਹਾਂ। ਸਾਹਿਬ ਕਹਿੰਦੇ ਹਨ :

**ਕਬੀਰ ਸਾਚਾ ਸਤਿਗੁਰੁ ਕਿਆ ਕਰੈ**

ਕੀ ਕਰੇਗਾ ਸਮਰੱਥ ਗੁਰੂ ਉਥੇ ?

**ਜਉ ਸਿਖਾ ਮਹਿ ਚੂਕ॥**
**ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥**

(ਅੰਗ ੧੩੭੨)

ਬਾਂਸ ਵਿਚ ਫੂਕ ਮਾਰੀਏ ਤਾਂ ਇਕ ਪਾਸਿਉਂ ਫੂਕ ਮਾਰੀ ਦੂਸਰੇ ਪਾਸਿਉਂ ਨਿਕਲ ਗਈ। ਇਸ ਵਿਚ ਫੂਕ ਮਾਰਨ ਵਾਲੇ ਦਾ ਦੋਸ਼ ਨਹੀਂ। ਕਹਿੰਦੇ ਹਨ, ਬਾਂਸ ਹੀ ਬਦਕਿਸਮਤ ਹੈ। ਜੇ ਉਸ ਨੂੰ ਹਵਾ ਰੋਕਣ ਦੀ ਜਾਚ ਆ ਜਾਵੇ ਤਾਂ ਸ਼ਾਇਦ ਉਸ ਵਿਚੋਂ ਰਾਮ ਦਾ ਜਨਮ ਹੋ ਜਾਂਦਾ। ਸਾਹਿਬ ਕਹਿੰਦੇ ਹਨ, ਦੀਵੇ ਦਾ ਕਸੂਰ ਨਹੀਂ, ਚੱਲਣ ਵਾਲਿਆ ! ਸੰਭਲ ਕੇ ਚਲ। ਫੂਕ ਮਾਰਨ ਵਾਲੇ ਦਾ ਦੋਸ਼ ਨਹੀਂ, ਬਾਂਸ ਦੀ ਮੋਰੀ ਕੁਝ ਨਹੀਂ ਰੋਕ ਸਕਦੀ।

ਸਾਹਿਬ ਕਹਿੰਦੇ ਹਨ, ਇਸ ਧਰਤੀ 'ਤੇ ਸਾਰੇ ਅਸੀਂ ਵਾਪਾਰੀ ਬਣ ਕੇ ਆਏ ਹਾਂ। ਜੀਵ ਬਾਜ਼ਾਰ ਵਿਚ ਗਿਆ। ਬਾਜ਼ਾਰ ਵਿਚ ਕਮਾਉਣ ਤੋਂ ਬਾਅਦ ਉਸ ਨੇ ਘਰ ਜਾਣਾ ਹੈ। ਹਰ ਇਨਸਾਨ ਬਾਜ਼ਾਰ ਵਿਚ ਆਇਆ ਹੈ, ਪਰ ਘਰ ਉਦੋਂ ਜਾਣਾ ਹੈ ਜਦੋਂ ਚਾਰ ਭਰਾਵਾਂ ਨੇ ਚੁੱਕ ਕੇ ਲੈ ਕੇ ਜਾਣਾ ਹੈ। ਫਿਰ ਉਥੇ ਕੀਮਤ ਪਵੇਗੀ ਕਿ ਤੂੰ ਖੱਟ ਕੇ ਕੀ ਲਿਆਇਆ ਹੈਂ। ਸਾਹਿਬ ਕਹਿੰਦੇ ਹਨ, ਇਕ ਬੱਚੀ ਘਰ ਵਿਚ ਜਨਮ ਲੈਂਦੀ ਹੈ। ਕਈ ਵਾਰੀ ਲਾਡ ਵਿਚ ਉਸ ਧੀ ਨੂੰ ਕੰਮ ਵੀ ਨਹੀਂ ਕਰਨ ਦਿੱਤਾ ਜਾਂਦਾ, ਪਰ ਜਿਸ ਧੀ ਨੂੰ ਪੇਕੇ ਘਰ ਵਿਚ ਕੁਝ ਵੀ ਨਾ ਆਇਆ, ਇੱਥੋਂ ਤੱਕ ਕਿ ਵੱਡਿਆਂ ਨਾਲ ਬੋਲਣ ਦਾ



Sri Satguru Jagjit Singh Ji eLibrary NamdhariElibrary@gmail.com

ਸਲੀਕਾ ਵੀ ਨਹੀਂ ਆਇਆ ਤਾਂ ਜਿੰਨਾ ਮਰਜ਼ੀ ਦਾਜ ਦੇ ਕੇ ਧੀ ਨੂੰ ਵਿਆਹ ਦੇਵੋ, ਪਰ ਦਾਜ ਕਦੀ ਅਕਲ ਉੱਤੇ ਪਰਦੇ ਨਹੀਂ ਪਾ ਸਕਦਾ। ਕਹਿੰਦੇ ਹਨ, ਸੌਹਰੇ ਘਰ ਦੇ ਲੋਕ ਦਾਜ ਦੇਖ ਕੇ ਖ਼ੁਸ਼ ਹੋ ਜਾਣਗੇ, ਪਰ ਸੌਹਰੇ ਪਿੰਡ ਵਿਚ ਕੀਮਤ ਤਾਂ ਹੀ ਪੈਣੀ ਹੈ, ਜੇ ਰੱਬ ਵੱਲੋਂ ਪਰਿਵਾਰ ਵਿਚੋਂ ਕਿਸੇ ਨੇ ਤੈਨੂੰ ਗੁਣ ਵੀ ਸਿਖਾਇਆ ਹੋਵੇ। ਸੌਹਰੇ ਘਰ ਗੁਣਾਂ ਕਰਕੇ ਕੀਮਤ ਪੈਣੀ ਹੈ। ਸਾਹਿਬ ਕਹਿੰਦੇ ਹਨ, ਸਾਈਂ ਨਾਲ ਪਿਆਰ ਉਹ ਹੀ ਮਾਣੇਗਾ, ਜਿਸ ਕੋਲ ਪ੍ਰਮਾਤਮਾ ਦੀ ਬੰਦਗੀ ਹੈ। ਪੇਕੇ ਘਰ ਰੁਪਏ ਨਾਲ ਪਰਦੇ ਢੱਕੇ ਜਾਂਦੇ ਹਨ, ਪਰ ਰੱਬ ਦੇ ਘਰ ਧਨ ਨਾਲ ਪਰਦੇ ਨਹੀਂ ਢੱਕੇ ਜਾਣੇ, ਉਥੇ ਤਾਂ ਕੇਵਲ ਪ੍ਰਮਾਤਮਾ ਦੀ ਬੰਦਗੀ ਕਰਕੇ ਹੀ ਕੀਮਤ ਪੈਣੀ ਹੈ।

ਸਾਹਿਬ ਕਹਿੰਦੇ ਹਨ, ਦੋ ਭਰਾ ਸਨ। ਪਿਤਾ ਨੇ ਇਕੱਠੀ ਪੂੰਜੀ ਦੇ ਕੇ ਵਾਪਾਰ ਕਰਨ ਲਈ ਤੋਰੇ ਸਨ। ਤੁਰਦਿਆਂ ਪਿਤਾ ਨੇ ਕਿਹਾ ਕਿ ਪੁੱਤਰ, ਮੈਂ ਆਪਣੀ ਪੂੰਜੀ ਵਿੱਚੋਂ ਤੁਹਾਨੂੰ ਕੁਝ ਦੇਣ ਲੱਗਾ ਹਾਂ। ਜਦੋਂ ਵਾਪਸ ਪਰਤੋ ਤਾਂ ਇਸ ਪੂੰਜੀ ਵਿਚ ਕੁਝ ਮੁਨਾਫਾ ਲੈ ਕੇ ਆਇਓ। ਦੋਨੋਂ ਚਲੇ ਗਏ। ਵਾਪਾਰ ਕੀਤਾ। ਇਕ ਨੇ ਸਮਝ-ਸਮਝ ਕੇ ਰੁਪਇਆ ਖ਼ਰਚਿਆ। ਉਸ ਨੇ ਬਾਪ ਦੀ ਪੂੰਜੀ ਵਿਚ ਵਾਧਾ ਕਰਕੇ ਲਾਹਾ ਲੈ ਲਿਆ। ਬਾਪ ਨੇ ਕਿਹਾ ਸੀ ਕਿ ਮੈਂ ਸੁਨੇਹਾ ਭੇਜਾਂਗਾ ਕਿ ਇੰਨੀ ਦੇਰ ਤੱਕ ਤੁਸੀਂ ਵਾਪਾਰ ਕਰਨਾ ਹੈ ਤੇ ਮੇਰਾ ਸੁਨੇਹਾ ਮਿਲਦਿਆਂ ਹੀ ਆ ਜਾਣਾ। ਜਿੰਨੇ ਬਾਪ ਦੀ ਪੂੰਜੀ ਨਾਲ ਕੁਝ ਕਮਾਇਆ ਸੀ, ਉਹ ਸੁਨੇਹੇ ਦਾ ਇੰਤਜ਼ਾਰ ਕਰਦਾ ਹੈ। ਜਿਸ ਨੇ ਬਾਪ ਦੀ ਪੂੰਜੀ ਗਵਾਈ, ਉਹ ਡੁਬਕੀ ਮਾਰ ਕੇ ਲੁੱਕਣ ਦਾ ਯਤਨ ਕਰਦਾ ਹੈ ਕਿ ਸੁਨੇਹਾ ਆਵੇ ਤਾਂ ਮੇਰੇ ਕੰਨਾਂ ਤੱਕ ਸੁਨੇਹਾ ਪਹੁੰਚੇ ਨਾ।

ਪ੍ਰਮਾਤਮਾ ਨੇ ਸੁਆਸਾਂ ਦੀ ਪੂੰਜੀ ਇਕੱਠੀ ਦਿੱਤੀ। ਕਹਿਣ ਲੱਗੇ, ਇਹ ਮੈਂ ਤੈਨੂੰ ਦੇ ਕੇ ਤੋਰਨ ਲੱਗਾ ਹਾਂ। ਇਨਸਾਨ ਵਾਧਾ ਕਰਕੇ ਆਇਆ, ਮਹੁਲਤ ਲੈ ਕੇ ਆਇਆ। ਕਹਿਣ ਲੱਗੇ, ਇਹ ਸੁਆਸ ਉਥੇ ਖ਼ਰਚੀਂ ਜਿੱਥੇ ਲਾਹਾ ਮਿਲੇ। ਇਕ ਨੇ ਸ਼ੁਰੂ ਤੋਂ ਇੰਨੀ ਬੰਦਗੀ ਸ਼ੁਰੂ ਕਰ ਦਿੱਤੀ, ਇੰਨਾ ਨਾਮ ਜੱਪਿਆ ਕਿ ਜਿਸ ਮੌਤ ਦੇ ਸੁਨੇਹੇ ਤੋਂ ਲੋਕ ਡਰਦੇ ਹਨ, ਉਹ ਮਹਾਂਪੁਰਸ਼ ਕਹਿੰਦਾ ਹੈ :

**ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥** (ਅੰਗ ੧੩੬੫)

ਮੈਂ ਇਸ ਕਰਕੇ ਪ੍ਰਸੰਨ ਹਾਂ ਕਿ ਬਾਪੂ, ਤੇਰੇ ਕੋਲ ਜਾ ਕੇ ਦੱਸਾਂ ਕਿ ਤੁਸੀਂ ਇਹ ਜੋ ਪੂੰਜੀ ਦਿੱਤੀ ਸੀ, ਮੈਂ ਤੇਰੀ ਉਸ ਪੂੰਜੀ 'ਚੋਂ ਕੁਝ ਖ਼ਰੀਦ ਕੇ ਲੈ ਕੇ ਆਇਆ ਹਾਂ। ਜਿਨ੍ਹਾਂ ਨੇ ਪੂੰਜੀ ਤਬਾਹ ਕੀਤੀ, ਉਹ ਬਾਪ ਦੇ ਮੱਥੇ ਲੱਗਣ ਤੋਂ ਡਰਦੇ ਹਨ ਤੇ ਜਿਨ੍ਹਾਂ ਨੇ ਕੁਝ ਕਮਾਇਆ ਹੈ, ਉਹ ਹੱਸ ਕੇ ਪਿਤਾ ਦੇ ਸੁਨੇਹੇ ਨੂੰ ਕਬੂਲ ਕਰਦੇ ਹਨ। ਇਹ ਹੀ ਕਾਰਨ ਹੈ ਕਿ ਜਿਨ੍ਹਾਂ ਨੇ ਬੰਦਗੀ ਕੀਤੀ, ਉਹ ਤੁਰਨ ਲੱਗਿਆਂ ਪ੍ਰਸੰਨ ਹਨ ਅਤੇ ਜ਼ਿਨ੍ਹਾਂ ਨੇ ਸਾਰੀ ਜ਼ਿੰਦਗੀ ਕਮਾਇਆ ਕੁਝ ਨਹੀਂ, ਉਹ ਮਰਦਿਆਂ ਵੀ ਕਹਿੰਦੇ ਹਨ ਕਿ



Sri Satguru Jagjit Singh Ji eLibrary NamdhariElibrary@gmail.com

ਚਾਰ ਸਾਹ ਹੋਰ ਕਿਤੇ ਮਿਲ ਜਾਣ ਤਾਂ ਸਮਾਂ ਟੱਲ ਹੀ ਜਾਵੇ।

ਸਾਹਿਬ ਕਹਿੰਦੇ ਹਨ, ਪਿਆਰਿਆ ! ਜੇ ਤੈਨੂੰ ਮਨੁੱਖਾ ਜਨਮ ਮਿਲ ਗਿਆ ਹੈ, ਤੈਨੂੰ ਸੁਆਸ ਮਿਲ ਗਏ ਹਨ ਤਾਂ ਤੇਰੀ ਉਸ ਘਰ ਵਿਚ ਕੀਮਤ ਤਾਂ ਹੀ ਹੈ ਜੇ ਸਤਿਸੰਗ ਵਿਚ ਬੈਠ ਕੇ ਗੁਰੂ ਦੇ ਦਰ 'ਤੇ ਆਪਣੇ ਆਪ ਨੂੰ ਪਹਿਚਾਣ।

ਕੂੜਾ ਸੌਦਾ ਕੀ ਹੈ ? ਕੂੜ ਦਾ ਅਸਲੀ ਅਰਥ ਹੈ ਝੂਠ, ਜਿਸ ਨੇ ਨਿਵਣਾ ਨਹੀਂ। ਸਾਹਿਬ ਕਹਿੰਦੇ ਹਨ ਕਿ ਜਦੋਂ ਜਨਮ ਹੁੰਦਾ ਹੈ ਤਾਂ ਬੱਚਾ ਮਾਂ ਦਾ ਦੁੱਧ ਚੁੰਗਦਾ ਹੈਂ। ਸਭ ਤੋਂ ਪਹਿਲਾਂ ਉਸ ਦੇ ਅੰਦਰ ਦੀ ਖਿੱਚ, ਪੇਟ ਦੀ ਭੁੱਖ ਤੇ ਮਾਂ ਦਾ ਦੁੱਧ ਹੈ। ਫਿਰ ਜਿਸ ਮਾਂ ਦਾ ਦੁੱਧ ਪੀਂਦਾ ਹੈ, ਉਸ ਦੇ ਚਿਹਰੇ ਦੀ ਪਹਿਚਾਣ ਕਰਨ ਲੱਗਦਾ ਹੈ। ਉਸ ਦੇ ਬਾਅਦ ਭੈਣ-ਭਰਾਵਾਂ ਨਾਲ ਸਾਂਝ ਬਣਦੀ ਹੈ। ਇਸ ਤੋਂ ਬਾਅਦ ਘਰ ਦੇ ਵਿਹੜੇ ਵਿਚ ਖੇਡਣਾ ਸ਼ੁਰੂ ਕਰ ਦਿੰਦਾ ਹੈ। ਸਾਹਿਬ ਕਹਿੰਦੇ ਹਨ, ਫਿਰ ਜੀਭ ਦਾ ਰਸ ਸ਼ੁਰੂ ਹੁੰਦਾ ਹੈ ਅਤੇ ਉਸ ਤੋਂ ਬਾਅਦ ਅੰਤੜੀਆਂ ਦਾ ਸੁਆਦ। ਸਾਹਿਬ ਕਹਿੰਦੇ ਹਨ :

**ਪਹਿਲੈ ਪਿਆਰਿ ਲਗਾ ਥਣ ਦੁਧਿ॥**

ਸਿਰਫ਼ ਦੁੱਧ ਦਾ ਹੀ ਪਤਾ ਹੈ।

**ਦੂਜੈ ਮਾਏ ਬਾਪ ਕੀ ਸੁਧਿ॥**

ਜਨਮ ਦੇਣ ਵਾਲੀ ਮਾਂ ਤੇ ਉਂਗਲ ਪਕੜਨ ਵਾਲੇ ਬਾਪੂ ਦੀ ਸਮਝ, ਹੋਰ ਤੀਜੀ ਕੋਈ ਨਹੀਂ।

**ਤੀਜੈ ਭਯਾ ਭਾਭੀ ਬੇਬ॥**

ਭਰਾ, ਭਾਬੀ ਤੇ ਬੇਬ ਦਾ ਅਰਥ ਹੈ ਬੇਬੇ। ਸਮਝ ਆ ਗਈ ਕਿ ਇਹ ਮੇਰਾ ਭਰਾ, ਭਾਬੀ ਤੇ ਬੇਬੇ ਹੈ। ਸਾਹਿਬ ਕਹਿੰਦੇ ਹਨ, ਮਾਂ ! ਤੂੰ ਬੱਚੇ ਨੂੰ ਸਿਰਫ਼ ਇਹ ਦੱਸਿਆ ਹੈ ਕਿ ਇਹ ਤੇਰਾ ਬਾਪ ਹੈ, ਮੈਂ ਤੇਰੀ ਮਾਂ ਹਾਂ, ਇਹ ਤੇਰੇ ਭਰਾ ਹਨ, ਇਹ ਤੇਰੀਆਂ ਭੈਣਾਂ ਹਨ। ਕਿੰਨਾ ਚੰਗਾ ਹੁੰਦਾ ਮਾਂ ! ਜਦੋਂ ਬੋਲਣ ਲੱਗਾ ਸੀ ਤਾਂ ਤੂੰ ਕੰਨ ਕੋਲ ਆਵਾਜ਼ ਦੇ ਕੇ ਕਹਿੰਦੀ ਕਿ ਪੁੱਤਰ, ਬੋਲ ਵਾਹਿਗੁਰੂ। ਅਸਲੀ ਬਾਪੂ ਦੀ ਸਮਝ ਪੈ ਜਾਂਦੀ। ਸਾਹਿਬ ਕਹਿੰਦੇ ਹਨ :

**ਚਉਥੈ ਪਿਆਰਿ ਉਪੰਨੀ ਖੇਡ॥**

ਹੁਣ ਖੇਡਣ ਦਾ ਸਾਮਾਨ ਆ ਗਿਆ। ਨਿਆਣਾ ਖੇਡਦਾ ਹੈ।

**ਪੰਜਵੈ ਖਾਣ ਪੀਅਣ ਕੀ ਧਾਤੁ॥**

ਖਾਧਾ, ਪੀਤਾ, ਹੱਸਿਆ ਖੇਡਿਆ, ਨੱਚਿਆ ਟੱਪਿਆ।

**ਛਿਵੈ ਕਾਮੁ ਨ ਪੁਛੈ ਜਾਤਿ॥ ਸਤਵੈ ਸੰਜਿ ਕੀਆ ਘਰ ਵਾਸੁ॥**

ਘਰ ਵਿਚ ਪੈਸੇ ਇਕੱਠੇ ਕਰ ਲਏ। ਘਰ ਬਣ ਗਿਆ ਤਾਂ ਮਾਂ-ਬਾਪ ਜਨਮ ਦੇਣ



Sri Satguru Jagjit Singh Ji eLibrary NamdhariElibrary@gmail.com

ਵਾਲੇ ਵੀ ਭੁੱਲ ਗਏ। ਅੱਗੋਂ ਬੱਚੇ ਹੋਏ। ਫਿਰ ਗ਼ੁੱਸਾ ਚੜ੍ਹਨ ਲੱਗਾ।

**ਅਠਵੈ ਕ੍ਰੋਧੁ ਹੋਆ ਤਨ ਨਾਸੁ॥**

ਜਿਉਂ-ਜਿਉਂ ਗ਼ੁੱਸਾ ਕੀਤਾ, ਸਰੀਰ ਬਿਲਕੁਲ ਨਾਸ ਹੋ ਗਿਆ।

**ਨਾਵੈ ਧਉਲੇ ਉਭੇ ਸਾਹ॥**

ਕੇਸ ਚਿੱਟੇ ਹੋ ਗਏ। ਸਾਹ ਔਖੇ ਲੈਣ ਲੱਗਾ।

**ਦਸਵੈ ਦਧਾ ਹੋਆ ਸੁਆਹ॥** (ਅੰਗ ੧੩੭)

ਦਸ ਪੜਾਅ ਨਿਕਲ ਗਏ, ਪਰ ਕੋਈ ਥਾਂ ਇਸ ਤਰ੍ਹਾਂ ਦੀ ਨਹੀਂ ਆਈ ਜਿਥੇ ਬੈਠ ਕੇ ਰੱਬ ਦੀ ਗੱਲ ਚਲਦੀ। ਸਾਹਿਬ ਕਹਿੰਦੇ ਹਨ :

**ਗਏ ਸਿਗੀਤ ਪੁਕਾਰੀ ਧਾਹ॥ ਉਡਿਆ ਹੰਸੁ ਦਸਾਏ ਰਾਹ॥**

ਉੱਚੀ ਸਾਰੀ ਢਾਹ ਮਾਰ ਕੇ ਕਿਹਾ ਕਿ ਸਾਡਾ ਸ਼ੇਰ ਚਲਾ ਗਿਆ। ਬਾਬਾ ਜੀ ਕਹਿੰਦੇ ਹਨ, ਇਸ ਬੰਦੇ ਨੂੰ ਜਿਹੜਾ ਕੂੜਾ ਸੌਦਾ ਕਰਕੇ ਗਿਆ, ਇਸ ਦੀ ਆਤਮਾ ਨੂੰ ਪੁੱਛ ਕੇ ਦੇਖੋ, ਇਹ ਪੁੱਛਦੀ ਪਈ ਹੈ ਕਿ ਮੈਨੂੰ ਹਨੇਰਾ ਦਿੱਸਦਾ ਪਿਆ ਹੈ, ਕੋਈ ਰਾਹ ਦੱਸੋ, ਕਿਹੜੇ ਪਾਸੇ ਮੈਨੂੰ ਟਿਕਾਣਾ ਮਿਲੇਗਾ।

**ਆਇਆ ਗਇਆ ਮੁਇਆ ਨਾਉ॥** (ਅੰਗ ੧੩੮)

ਜਨਮ ਹੋਇਆ, ਨਾਮ ਮਿਟ ਗਿਆ :

**ਕੂੜਾ ਸਉਦਾ ਕਰਿ ਗਏ** (ਅੰਗ ੧੩੮੦)
**ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥**
**ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥** (ਅੰਗ ੧੫੬)
**ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ॥**
**ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ॥**

(ਅੰਗ ੧੩੭੯)

ਸਾਹਿਬ ਕਹਿੰਦੇ ਹਨ, ਜੇ ਕੂੜੇ ਸੌਦੇ ਤੋਂ ਬਚਣਾ ਹੈ ਤਾਂ ਸੱਚਾ ਸੌਦਾ ਕਰ। ਪ੍ਰਮਾਤਮਾ ਦਾ ਨਾਮ ਪੂੰਜੀ ਹੈ ਤੇ ਮਨ ਵਾਪਾਰੀ ਹੈ। ਹਰ ਰੋਜ਼ ਵਾਹਿਗੁਰੂ ਦਾ ਨਾਮ ਇਕੱਠਾ ਕਰ। ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਨੇ ਸਾਡੇ 'ਤੇ ਇੰਨਾ ਕੁ ਤਰਸ ਖਾਧਾ ਕਿ ਸਿੱਖ ਦਾ ਰੋਮ-ਰੋਮ ਕਲਗੀ ਵਾਲੇ ਦਾ ਕਰਜ਼ਾਈ ਹੈ।

ਸਾਹਿਬ ਕਹਿੰਦੇ ਹਨ, ਸੱਚਾ ਸੌਦਾ ਤੇ ਕੂੜਾ ਸੌਦਾ ਕੀ ਹੈ ? ਬਾਬਾ ਜੀ ਨੇ ਕਿਹਾ ਕਿ ਜਿਨ੍ਹਾਂ ਨੇ ਕੋਠੇ ਬਣਾਏ, ਮਕਾਨ ਬਣਾਏ, ਉਹ ਕਬਰਾਂ ਵਿਚ ਸੁੱਤੇ ਪਏ ਹਨ ਤੇ ਜਿਹੜੇ ਸੱਚਾ ਸੌਦਾ ਕਰਕੇ ਗਏ, ਉਹਨਾਂ ਜਿੱਥੇ ਚਰਨ ਪਾ ਦਿੱਤੇ, ਉਥੇ ਸੋਨੇ ਦੇ ਛਤਰ ਝੁੱਲਦੇ ਜਾਂਦੇ ਹਨ। ਦੋ ਪੱਖ ਹਨ—ਔਰੰਗਜ਼ੇਬ ਦੇ ਅਖ਼ੀਰਲੇ ਸ਼ਬਦ ਤੇ ਧੰਨ ਗੁਰੂ



Sri Satguru Jagjit Singh Ji eLibrary NamdhariElibrary@gmail.com

ਦਸਮੇਸ਼ ਪਿਤਾ ਦੇ ਅੰਤਲੇ ਬਚਨ। ਹਜ਼ੂਰ ਨੇ ਸੰਨ 1708 ਵਿਚ ਪਿਆਨਾ ਕੀਤਾ। ਔਰੰਗਜ਼ੇਬ ਨੇ 1707 ਨੂੰ ਪਿਆਨਾ ਕੀਤਾ। ਉਸ ਦੇ ਸੰਬੰਧੀ ਜੋ ਪੰਜਾਬੀ ਵਿਚ ਤਰਜਮਾਨ ਮਿਲਿਆ ਪੜ੍ਹਨ ਲਈ, ਉਸ ਨੂੰ ਮਰਨ ਦੇ ਕਿਨਾਰੇ ਪਾਇਆ। ਮਰਨ ਤੋਂ ਪਹਿਲਾਂ ਉਸ ਨੇ ਕਾਗ਼ਜ਼ ਦੇ ਟੁਕੜਿਆਂ 'ਤੇ ਆਪਣੀ ਵਸੀਅਤ ਲਿਖੀ। ਉਸ ਵਸੀਅਤ ਵਿਚ ਲਿਖਿਆ ਕਿ ਦੁਨੀਆਂ 'ਤੇ ਆਇਆ ਸਾਂ। ਬਾਦਸ਼ਾਹ ਬਣ ਕੇ ਰਿਹਾ, ਪਰ ਇਹ ਸੱਚ ਹੈ ਕਿ ਤੁਰਿਆ ਮੈਂ ਭਿਖਾਰੀਆਂ ਤੋਂ ਵੀ ਨਖਿੱਧ ਹੋ ਕੇ। ਇਕ ਕੰਮ ਕਰਿਉ, ਮੇਰੇ ਸਰੀਰ ਨੂੰ ਉਥੇ ਦਫਨ ਕਰਨਾ ਜਿੱਥੇ ਨੇੜੇ ਕੋਈ ਰੁੱਖ ਵੀ ਨਾ ਹੋਵੇ। ਨਾ ਮੇਰੀ ਕਬਰ 'ਤੇ ਰੁੱਖ ਲਗਾਉਣਾ, ਕਿਉਂਕਿ ਜਿੰਨੇ ਪਾਪ ਮੈਂ ਕੀਤੇ ਹਨ, ਮੇਰੇ ਸਰੀਰ ਨੂੰ ਰੁੱਖ ਦੀ ਛਾਂ ਵੀ ਨਸੀਬ ਨਹੀਂ ਹੋਣੀ ਚਾਹੀਦੀ। ਅੱਗੋਂ ਕਹਿਣ ਲੱਗਾ, ਜਦੋਂ ਮੈਨੂੰ ਕਬਰ ਵਿਚ ਦਫਨਾਇਆ ਜਾਏ ਤਾਂ ਮੇਰੇ ਚਿਹਰੇ ਨੂੰ ਕੱਪੜੇ ਨਾਲ ਨਾ ਢੱਕਣਾ। ਮੈਂ ਸੁਣਿਆ ਹੈ ਕਿ ਜੇ ਬੰਦੇ ਦਾ ਚਿਹਰਾ ਨਾ ਢੱਕਿਆ ਜਾਏ ਤਾਂ ਰੱਬ ਉਸ ਪਾਪੀ ਦੇ ਗੁਨਾਹ ਬਖ਼ਸ਼ ਦਿੰਦਾ ਹੈ। ਨਾਲ ਕਹਿੰਦਾ ਹੈ, ਖ਼ਜ਼ਾਨਾ ਖ਼ਾਲੀ ਹੈ। ਫ਼ੌਜਾਂ ਨੂੰ ਤਨਖ਼ਾਹ ਦੇਣ ਵਾਲੀ ਹੈ। ਅੰਦਰ ਦਾ ਦੁੱਖ ਰੋ ਕੇ ਹਾਰਿਆ ਹੋਇਆ ਬੰਦਾ ਜਾ ਰਿਹਾ ਹੈ।

ਇਧਰ ਦੇਖੋ ਚੋਜੀ ਪ੍ਰੀਤਮ ਦੀਆਂ ਖੇਡਾਂ। ਚਾਰ ਪੁੱਤਰ ਸ਼ਹੀਦ ਹੋ ਗਏ। ਉਸ ਨੇ ਤਾਂ ਇਹੋ ਹੀ ਕਿਹਾ ਕਿ ਗੋਬਿੰਦ ਸਿੰਘ ਦਾ ਨਾਮੋ-ਨਿਸ਼ਾਨ ਮਿਟਾ ਦੇਵਾਂਗਾ, ਪਰ ਉਹ ਹਾਰੇ ਹੋਏ ਨਹੀਂ। ਚਾਰ ਪੁੱਤਰਾਂ ਦੀ ਸ਼ਹਾਦਤ ਤੋਂ ਬਾਅਦ ਵੀ ਸੱਚੇ ਸੌਦੇ ਦਾ ਵਾਪਾਰੀ ਸੱਚ ਨੂੰ ਵਿਹਾਜਨ ਦੀ ਜਾਚ ਦੱਸਣ ਵਾਲਾ ਗੁਰੂ ਉਹ ਕਲਮ ਚੁੱਕ ਕੇ ਜ਼ਫ਼ਰਨਾਮਾ ਲਿਖਦਾ ਹੈ ਤੇ ਪਹਿਲਾ ਬਚਨ ਇਹ ਕਹਿੰਦਾ ਹੈ ਕਿ ਵਾਹਿਗੁਰੂ ਜੀ ! ਮੈਂ ਤੇਰੀਆਂ ਅਲੌਕਿਕ ਸ਼ਕਤੀਆਂ ਦਾ ਕਾਇਲ ਹਾਂ, ਕਿਉਂਕਿ ਤੂੰ ਰਿਜ਼ਕ ਦਿੰਦਾ ਹੈਂ ਤੇ ਲੋਕਾਂ ਦਾ ਬੰਧਨ ਕੱਟਣ ਵਾਲਾ ਹੈਂ। ਆਪਣੀ ਸ਼ਰਨ ਵਿਚ ਪਏ ਹੋਏ ਦੀ ਲਾਜ ਰੱਖਣ ਵਾਲਾ ਹੈਂ। ਕਿੰਨੀ ਪ੍ਰਸੰਨਤਾ ਹੈ, ਜਿੱਤ ਹੈ। ਕਹਿਣ ਲੱਗੇ, ਦੁਨੀਆਂ ਦੀ ਨਜ਼ਰ ਵਿਚ ਅੱਜ ਮੇਰੇ ਪਾਸ ਸਿੰਘਾਸਣ ਨਹੀਂ, ਫ਼ੌਜ ਨਹੀਂ, ਪਰ ਮੇਰੇ ਅੰਦਰ ਨੂੰ ਪੁੱਛ ਕੇ ਦੇਖੋ, ਮੇਰੇ ਰੱਬ ਨੇ ਮੈਨੂੰ ਜਿਹੜਾ ਅੰਦਰ ਦਾ ਸੁੱਖ ਦਿੱਤਾ ਹੈ, ਇਹ ਰੋੜਾਂ ਉੱਤੇ ਬੈਠ ਕੇ ਵੀ ਅੰਦਰ ਚਿੰਤਾ ਨਹੀਂ ਪੈਦਾ ਹੋਣ ਦਿੰਦਾ। ਤੁਰਦਿਆਂ ਹਜ਼ੂਰ ਨੇ ਇਕ ਗੱਲ ਕਹੀ ਕਿ ਔਰੰਗਜ਼ੇਬ ਤੁਰਦਾ ਹੈ ਤੇ ਨਿਰਾਸ਼ ਹੋ ਕੇ ਜਾਂਦਾ ਹੈ, ਪਰ ਧੰਨ ਗੁਰੂ ਗੋਬਿੰਦ ਸਿੰਘ ਜੀ ਤੁਰਨ ਲੱਗਦੇ ਹਨ ਤਾਂ ਸਿੱਖ ਪੁੱਛਦੇ ਹਨ—ਗਰੀਬ ਨਿਵਾਜ਼ ! ਇਹ ਜੋ ਸੰਗਤ ਹੈ ਤੇਰੀ—ਤਿਸ ਦਾ ਕੀ ਹਵਾਲ। ਇਹ ਸੰਗਤ ਨੂੰ ਕਿਸ ਦੇ ਲੜ ਲਗਾਇਆ ਜੇ ? ਤਾਂ ਅੱਗੋਂ ਮੁਸਕਰਾ ਕੇ ਤੁਰਨ ਤੋਂ ਪਹਿਲਾਂ ਕਹਿੰਦੇ ਹਨ—

**ਗ੍ਰੰਥ ਹੈ ਗੁਰੂ ਲੜ ਪਕੜੋ ਅਕਾਲ॥**

ਆਪਸ ਵਿਚ ਪਿਆਰ ਕਰਨਾ, ਪੰਥ ਦੇ ਵਾਧੇ ਨੂੰ ਲੋਚਣਾ, ਆਗਿਆ ਗ੍ਰੰਥ ਜੀ ਦੀ



Sri Satguru Jagjit Singh Ji eLibrary NamdhariElibrary@gmail.com

ਕਰਨੀ ਤੇ ਸ਼ਬਦ ਦੀ ਖੋਜ ਕਰਨੀ। ਭਾਈ ਪ੍ਰਹਿਲਾਦ ਸਿੰਘ ਇਸ ਦੇ ਗਵਾਹ ਹਨ। ਉਹ ਕਹਿੰਦਾ ਹੈ, ਹਜ਼ੂਰ ਨੇ ਉਥੇ ਅਖ਼ੀਰਲੇ ਬਚਨ ਕਹੇ, ਉਨ੍ਹਾਂ ਪਰਤ ਕੇ ਰਹਿਤਨਾਮੇ ਵੀ ਦਿੱਤੇ। ਕਹਿਣ ਲੱਗੇ :

**ਅਕਾਲ ਪੁਰਖ ਕੇ ਬਚਨ ਸਿਉ ਪ੍ਰਗਟ ਚਲਾਉ ਪੰਥ॥**
**ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥**
**ਗੁਰੂ ਗ੍ਰੰਥ ਜੀ ਮਾਨਿਉ ਪ੍ਰਗਟ ਗੁਰਾਂ ਕੀ ਦੇਹ॥**
**ਜੋ ਪ੍ਰਭ ਮਿਲਬੋ ਚਾਹੈ ਖੋਜ ਸ਼ਬਦ ਮੈਂ ਲੇਹ॥**

ਤੁਰਦਿਆਂ ਉਹ ਲਿਖਦੇ ਹਨ, ਚਿਹਰੇ 'ਤੇ ਮੁਸਕਰਾਹਟ ਸੀ। ਕੋਈ ਹਾਰ ਨਹੀਂ। ਚਿਹਰਾ ਮੁਸਕਰਾਉਂਦਾ ਹੋਇਆ, ਖ਼ਾਲਸਾ ਖਲੋਤਾ ਹੈ ਤੇ ਉਹ ਕਹਿੰਦਾ ਹੈ ਕਿ ਧੀਮੀ ਆਵਾਜ਼ ਵਿਚ ਗੁਰੂ ਜੀ ਨੇ ਬਚਨ ਕਹੇ :

**ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ॥**
**ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ॥**
**ਅਬ ਮੋਹਿ ਜੀਵਨ ਪਦਵੀ ਪਾਈ॥**
**ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ॥**

(ਅੰਗ ੧੦੦੦)

ਬਾਬਾ ਫ਼ਰੀਦ ਜੀ ਕਹਿੰਦੇ ਹਨ ਕਿ ਕੂੜੇ ਸੌਦੇ ਕਰਕੇ ਲੋਕ ਚਲੇ ਗਏ। ਔਰੰਗਜ਼ੇਬ ਦੀ ਕਬਰ ਅੱਜ ਵੀ ਉਜਾੜ ਵਿਚ ਹੈ। ਕਬਰ 'ਤੇ ਦੀਵਾ ਬਾਲਣ ਵਾਲਾ, ਇਕ ਕਿਹਾ ਜਾਂਦਾ ਹੈ। ਜਿਹੜੇ ਦੇਖ ਕੇ ਆਏ ਹਨ, ਕਹਿੰਦੇ ਹਨ, ਉਥੇ ਉਜਾੜ ਹੈ, ਉਹ ਟਕਾ-ਟਕਾ ਮੰਗ ਕੇ ਦੀਵਾ ਬਾਲਣ ਦਾ ਯਤਨ ਕਰਦਾ ਹੈ। ਕਿਸੇ ਪਿਆਸੇ ਨੂੰ ਉਥੇ ਪਾਣੀ ਨਹੀਂ, ਕਿਸੇ ਨੂੰ ਰੋਟੀ ਨਹੀਂ, ਕੋਈ ਉਸ ਦੀ ਕਬਰ ਉੱਤੇ ਇਕੱਠ ਨਹੀਂ, ਪਰ ਚੋਜੀ ਪ੍ਰੀਤਮ ਦੇ ਪੁੱਤਰਾਂ ਦੀਆਂ ਖ਼ੂਨ ਦੀਆਂ ਬੂੰਦਾਂ ਜਿੱਥੇ ਡਿੱਗੀਆਂ, ਉਥੇ ਉਜਾੜ ਨਹੀਂ, ਉਥੇ ਅੱਜ ਵੀ ਸੋਨੇ ਦੇ ਗੁੰਬਦ ਉੱਤੇ ਝੰਡੇ ਝੂਲਦੇ ਪਏ ਹਨ। ਉਥੇ ਸੰਗਤਾਂ ਇਕੱਠੀਆਂ ਹੁੰਦੀਆਂ ਹਨ। ਉਥੇ ਅੱਜ ਵੀ ਬਾਬਾ ਫ਼ਤਹਿ ਸਿੰਘ, ਬਾਬਾ ਜ਼ੋਰਾਵਰ ਸਿੰਘ ਦਾ ਨਾਮ ਲੈ ਕੇ ਸਿੱਖਾਂ ਦੇ ਅੰਦਰ ਬੈਰਾਗ ਨਾਲ ਭਿੱਜ ਜਾਂਦੇ ਹਨ, ਪਰ ਜਿਹੜਾ ਸਾਰੀ ਜ਼ਿੰਦਗੀ ਹਕੂਮਤ ਕਰਦਾ ਰਿਹਾ, ਸਾਲਾਂ ਤੱਕ ਜਿਸ ਦੇ ਸਿਰ 'ਤੇ ਸੋਨੇ ਦਾ ਛਤਰ ਰਿਹਾ, ਅੱਜ ਉਸ ਦੀ ਕਬਰ 'ਤੇ ਧੁੱਪ ਪੈਂਦੀ ਹੈ। ਕੋਈ ਚਾਨਣੀ ਲਗਾ ਕੇ ਧੁੱਪ ਨੂੰ ਰੋਕਣ ਦਾ ਯਤਨ ਨਹੀਂ ਕਰਦਾ। ਬਾਬਾ ਫ਼ਰੀਦ ਜੀ ਦੇ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਚਨ ਹੈ :

**ਫਰੀਦਾ ਕੋਠੇ ਮੰਡਪ ਮਾੜੀਆ**

ਕੋਠੇ ਦਾ ਅਰਥ ਹੈ ਇਕ ਛੱਤ ਵਾਲਾ ਮਕਾਨ, ਮੰਡਪ ਜਿਹੜਾ ਖੁੱਲ੍ਹਾ ਹੋਵੇ, ਚਾਰ-ਚੁਫੇਰੇ ਫੁੱਲ ਬੂਟੇ ਹੋਣ ਤੇ ਮਾੜੀਆ ਦਾ ਅਰਥ ਹੈ ਕਿ ਮਕਾਨ ਦੇ ਉੱਪਰ ਚੁਬਾਰੇ ਹੋਣ।



Sri Satguru Jagjit Singh Ji eLibrary NamdhariElibrary@gmail.com

ਕੋਠੇ ਬਣਾਉਣ ਵਾਲੇ, ਮੰਡਪ ਬਣਾਉਣ ਵਾਲੇ ਤੇ ਵੱਡੇ-ਵੱਡੇ ਮਹਿਲ ਬਣਾਉਣ ਵਾਲੇ:

**ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ॥**

ਇਨ੍ਹਾਂ ਨੂੰ ਉਸਾਰਨ ਵਾਲੇ ਚਲੇ ਗਏ।

**ਕੂੜਾ ਸਉਦਾ ਕਰਿ ਗਏ**

ਝੂਠੇ ਸਉਦੇ ਕਰਕੇ ਚੱਲੇ ਗਏ।

**ਗੋਰੀ ਆਇ ਪਏ॥**

ਕਬਰਾਂ ਵਿਚ ਆ ਕੇ ਸੌਂ ਗਏ। ਮਹਿਲਾਂ ਦੇ ਮਾਲਕ ਜ਼ਮੀਨ ਥੱਲੇ ਲੇਟੇ ਪਏ ਹਨ। ਸਾਹਿਬ ਕਹਿੰਦੇ ਹਨ ਕਿ ਸੰਸਾਰ ਇਕ ਬਾਜ਼ਾਰ ਹੈ। ਬਾਜ਼ਾਰ ਤੋਂ ਕਮਾਏ ਗਏ ਧਨ ਨਾਲ ਘਰ ਬਣਦੇ ਹਨ। ਘਰਾਂ ਵਿਚ ਵੱਸੇ ਹੋਏ ਫਿਰ ਕਦੀ ਨਿਕਲਦੇ ਨਹੀਂ। ਧੰਨ ਗੁਰੂ ਅਰਜਨ ਸਾਹਿਬ ਉਸ ਵਾਪਾਰ ਨੂੰ ਕਰਨ ਲਈ ਰੋਜ਼ ਇਕ ਬਚਨ ਕਹਿੰਦੇ ਹਨ। ਉਹ ਬਚਨ ਹੈ—ਕੂੜਾ ਸਉਦਾ ਨਹੀਂ ਖਰਾ ਸਉਦਾ ਹੈ ਕਿ :

**ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ॥**
**ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥ ੧ ॥**

ਬਾਜ਼ਾਰ ਵਿਚ ਖੱਟ ਤਾਂ ਹੀ ਵੱਸਣ ਵਾਲੀ ਥਾਂ ਬਣੇਗੀ।

**ਅਉਧ ਘਟੈ ਦਿਨਸੁ ਰੈਣਾਰੇ॥**
**ਮਨ ਗੁਰ ਮਿਲਿ ਕਾਜ ਸਵਾਰੇ॥ ੧ ॥ ਰਹਾਉ॥**
**ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ॥**
**ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ॥ ੨ ॥**
**ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ॥**

ਦੁਕਾਨ 'ਤੇ ਬੈਠ ਕੇ ਸਉਦੇ ਕਰ, ਪਰ ਇਹੋ ਜਿਹਾ ਸਉਦਾ ਕਰ ਜਾਈਂ ਕਿ ਅੱਗੇ ਤੇਰਾ ਘਰ ਬਣ ਜਾਏ, ਕਿਉਂਕਿ ਬਾਜ਼ਾਰ ਘਰ ਨਹੀਂ ਹੁੰਦੇ। ਬਾਜ਼ਾਰ ਸਿਰਫ਼ ਕਮਾਈ ਵਾਸਤੇ ਹੁੰਦੇ ਨੇ। ਸੰਸਾਰ ਬਾਜ਼ਾਰ ਹੈ, ਇਹ ਖੱਟਣ ਵਾਸਤੇ ਮਿਲਿਆ ਹੈ, ਰਹਿਣ ਵਾਸਤੇ ਨਹੀਂ ਮਿਲਿਆ। ਬਾਬਾ ਜੀ ਨੇ ਕਿਹਾ :

**ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥ ੩ ॥**
**ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥**
**ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ॥ ੪ ॥**

**(ਕੀਰਤਨ ਸੋਹਿਲਾ)**

ਫਿਰ ਜ਼ਰੂਰ ਬਾਜ਼ਾਰ ਵਿਚ ਪਰਤ-ਪਰਤ ਕੇ ਆਉਣਾ ਹੈ। ਇਕੋ ਵਾਰੀ ਟਿਕਾਣਾ ਚੰਗਾ ਬਣਾ ਲੈ। ਫਿਰ ਕਿਹਾ ਬਾਬਾ ਜੀ, ਕਿਉਂ ? ਕਹਿੰਦੇ ਹਨ, ਜਿਹੜੇ ਉਹ ਸਉਦਾ



Sri Satguru Jagjit Singh Ji eLibrary NamdhariElibrary@gmail.com

ਕਰ ਜਾਂਦੇ ਹਨ, ਉਨ੍ਹਾਂ ਦੇ ਘਰ ਵਿਚ :

***ਹਰਖ ਅਨੰਤ ਸੋਗ ਨਹੀ ਬੀਆ॥ ਸੋ ਘਰੁ ਗੁਰਿ ਨਾਨਕ ਕਉ ਦੀਆ॥***

**(ਅੰਗ ੧੮੬)**

ਸਾਹਿਬ ਕਹਿੰਦੇ ਹਨ, ਉਥੇ ਜਿਸ ਦਾ ਘਰ ਬਣ ਜਾਏ, ਉਹ ਵਿਕਦੇ ਨਹੀਂ। ਉਥੇ ਘਰਾਂ ਅੱਗੇ ਪਹਿਰੇ ਨਹੀਂ। ਉਹ ਘਰ ਬਣਾਇਆ ਭਗਤ ਰਵਿਦਾਸ ਜੀ ਨੇ। ਉਨ੍ਹਾਂ ਦੇ ਘਰਾਂ ਦੀਆਂ ਹਵਾਵਾਂ ਬਹੁਤ ਚੰਗੀਆਂ ਨੇ। ਬਾਬਾ ਜੀ ਰਹਿੰਦੇ ਕਿੱਥੇ ਹਨ ? ਕੱਖਾਂ ਦੀ ਕੁੱਲੀ ਵਿਚ। ਸਾਰਾ ਦਿਨ ਜੋੜੇ ਗੰਢਦੇ ਹਨ, ਪਰ ਜਦੋਂ ਉਹ ਬਾਜ਼ਾਰ ਵਿਚ ਬੈਠੇ ਅੰਦਰ ਦੇ ਘਰ ਦੀ ਗੱਲ ਕਰਦੇ ਹਨ ਤਾਂ ਫਿਰ ਉਹ ਕਹਿੰਦੇ ਹਨ ਕਿ ਮੈਨੂੰ ਆਪਣਾ ਵਤਨ ਮਿਲ ਗਿਆ। ਉਥੇ ਦੂਜੇ ਤੀਜੇ ਦਰਜੇ ਦੇ ਸ਼ਹਿਰੀ ਨਹੀਂ, ਸਾਰੇ ਪਹਿਲੇ ਨੰਬਰ ਦੇ ਸ਼ਹਿਰੀ ਰਹਿੰਦੇ ਹਨ। ਕੂੜੇ ਸਉਦੇ ਵਾਲੇ ਨਹੀਂ, ਸਾਰੇ ਸੱਚੇ ਸਉਦੇ ਵਾਲੇ ਧਨਾਢ ਰਹਿੰਦੇ ਹਨ। ਉਥੇ ਸਾਰੇ ਖ਼ਾਲਸੇ ਰਹਿੰਦੇ ਹਨ। ਇਥੇ ਸਿਰਫ਼ ਅਸੀਂ ਵਾਪਾਰ ਕਰਨ ਲਈ ਆਏ ਹਾਂ। ਪ੍ਰਮਾਤਮਾ ਨੇ ਸਾਨੂੰ ਸੁਆਸਾਂ ਦੀ ਪੂੰਜੀ ਦਿੱਤੀ ਹੈ। ਇਸ ਦੇ ਨਾਲ ਕੁਝ ਖੱਟ ਲੈ। ਸਾਰੀ ਜ਼ਿੰਦਗੀ ਕੂੜ ਨਾਲ ਵਿਹਾਜਦਾ ਨਾ ਰਹੀਂ। ਵਾਹਿਗੁਰੂ ਮਿਹਰ ਕਰੇ ਕਿ ਸਾਨੂੰ ਅੰਦਰ ਸੱਚਾ ਸਉਦਾ ਨਾਮ ਦਾ ਬਖ਼ਸ਼ੇ। ਜਿਹੜੇ ਸਉਦੇ ਕਰ ਕੇ ਜਾਊ ਤੇ ਜਾਂਦਿਆਂ ਸਾਰ ਰੱਬ ਸਾਈਂ ਨੂੰ ਕਹੋ :

**ਮਾਈ ਖਾਟਿ ਆਇਓ ਘਰਿ ਪੂਤਾ॥**
**ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ॥**

**(ਅੰਗ ੪੯੫)**

ਪਰ ਜਿਨ੍ਹਾਂ ਨੇ ਨਹੀਂ ਕਮਾਇਆ, ਉਨ੍ਹਾਂ ਨੂੰ ਬਾਬਾ ਜੀ ਨੇ ਕਿਹਾ :

**ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ॥**

ਸਤਿਗੁਰੂ ਰਹਿਮਤ ਕਰਨ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

**ਵਾਹਿਗੁਰੂ ਜੀ ਕਾ ਖ਼ਾਲਸਾ॥**

**ਵਾਹਿਗੁਰੂ ਜੀ ਕੀ ਫ਼ਤਹਿ॥**

★★★



Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਮੰਦੇ ਅਮਲੁ ਕਰੇਦਿਆ

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ॥
ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ॥

(ਅੰਗ ੧੩੮੦)

ਪਰਮ ਸਨਮਾਨਯੋਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਬਾਬਾ ਫ਼ਰੀਦ ਜੀ ਅੱਜ ਦੇ ਇਸ ਪਾਵਨ ਪਵਿੱਤਰ ਸਲੋਕ ਦੇ ਅੰਦਰ ਉਹਨਾਂ ਲੋਕਾਂ ਨੂੰ ਚੇਤਾਵਨੀ ਦੇ ਰਹੇ ਹਨ ਜਿਨ੍ਹਾਂ ਨੇ ਸਾਰੀ ਜ਼ਿੰਦਗੀ ਕੇਵਲ ਮੰਦੇ ਕਰਮ ਹੀ ਕੀਤੇ ਤੇ ਮੰਦੇ ਕਰਮ ਕਰਨ ਤੋਂ ਬਾਅਦ ਉਹਨਾਂ ਨੂੰ ਕੀ ਸਜ਼ਾ ਮਿਲੇਗੀ। ਬਾਬਾ ਜੀ ਨੇ ਸਾਡੇ ਦ੍ਰਿਸ਼ਟਮਾਨ ਸੰਸਾਰ ਵਿਚ ਦਿੱਸਦੀਆਂ ਹੋਈਆਂ ਕੁਝ ਵਸਤੂਆਂ ਨੂੰ ਆਧਾਰ ਬਣਾ ਕੇ ਉਦਾਹਰਨ ਵਜੋਂ ਸਾਨੂੰ ਸਮਝਾਉਣ ਦਾ ਯਤਨ ਕੀਤਾ ਹੈ। ਜਿਵੇਂ ਕਪਾਹ ਦੇ ਉੱਪਰ ਅਸੀਂ ਅਨੇਕਾਂ ਆਏ ਹੋਏ ਦੁੱਖ, ਤਕਲੀਫ਼ਾਂ ਨੂੰ ਦੇਖਦੇ ਹਾਂ। ਕਮਾਦ ਨੂੰ ਪੀੜਿਆ ਜਾਂਦਾ ਹੈ। ਤਿੱਲਾਂ ਦੀ ਘਾਣੀ ਬਣਾ ਕੇ ਉਹਨਾਂ ਨੂੰ ਪੀੜਿਆ ਜਾਂਦਾ ਹੈ। ਮਿੱਟੀ ਦਾ ਭਾਂਡਾ ਹਰ ਸਮੇਂ ਅੱਗ ਉੱਤੇ ਤੱਪਦਾ ਰਹਿੰਦਾ ਹੈ। ਕੋਇਲੇ ਪਹਿਲਾਂ ਲੱਕੜਾਂ ਫੂਕ ਕੇ ਬਣਾਏ ਜਾਂਦੇ ਹਨ, ਫਿਰ ਉਹਨਾਂ ਨੂੰ ਅੱਗ ਵਿਚ ਸਾੜਿਆ ਜਾਂਦਾ ਹੈ। ਕਾਗ਼ਜ਼ ਬਣਾਉਣ ਲਈ ਸਣ ਨੂੰ ਗਾਲ ਕੇ ਜਾਂ ਤਾੜੀ ਦੇ ਰੁੱਖ ਦਾ ਬੁਰਾਦਾ ਬਣਾ ਕੇ ਉਸ ਦਾ ਕਾਗ਼ਜ਼ ਬਣਾਇਆ ਜਾਂਦਾ ਹੈ।

ਬਾਬਾ ਜੀ ਨੇ ਇਸ ਸੰਸਾਰ ਦੀਆਂ ਦ੍ਰਿਸ਼ਟਮਾਨ ਉਦਾਹਰਨਾਂ ਲੈ ਕੇ ਸਾਨੂੰ ਅਦ੍ਰਿਸ਼ਟ ਸਬੰਧੀ ਇਕ ਜਾਣਕਾਰੀ ਦਿੱਤੀ ਹੈ ਕਿ ਜਿਹੋ ਜਿਹੇ ਮਨੁੱਖ ਕਰਮ ਕਰਦਾ ਹੈ, ਉਸ ਨੂੰ ਉਹੋ ਜਿਹਾ ਫਲ ਜ਼ਰੂਰ ਪ੍ਰਾਪਤ ਹੋਵੇਗਾ। ਆਰੰਭ ਵਿਚ ਇਕ ਅਰਜ਼ ਜ਼ਰੂਰ ਕਰਾਂਗਾ, ਕਿਉਂਕਿ ਅੱਜ ਇਸ ਗੱਲ ਨੂੰ ਮੰਨਣ ਲਈ ਕੋਈ ਤਿਆਰ ਹੀ ਨਹੀਂ ਕਿ ਜੀਵ ਨੂੰ ਕੋਈ ਹੋਰ ਲੇਖਾ ਵੀ, ਕਿਤੇ ਜੀਵ ਦੇ ਕੀਤੇ ਹੋਏ ਕਰਮਾਂ ਦਾ ਹਿਸਾਬ ਕਿਤਾਬ ਵੀ



Sri Satguru Jagjit Singh Ji eLibrary NamdhariElibrary@gmail.com

ਦੇਣਾ ਹੈ, ਕਿਤੇ ਇਸ ਨੂੰ ਕੋਈ ਸਜ਼ਾ ਦੇਣ ਵਾਲਾ ਵੀ ਹੈ। ਉਹ ਸਿਰਫ਼ ਇਕੋ ਸ਼ਬਦ ਆਪਣੀ ਜ਼ਬਾਨ ਉੱਤੇ ਰੱਖੀ ਫਿਰਦੇ ਹਨ :

**ਇਹ ਜਗ ਮਿਠਾ ਅਗਲਾ ਕਿਨ ਡਿਠਾ॥**

ਜੋ ਕੁਝ ਹੈ, ਇਥੇ ਹੀ ਹੈ। ਕੇਵਲ ਇਥੇ ਹੀ ਨਹੀਂ, ਉਥੇ ਵੀ ਜਗ੍ਹਾ ਹੈ। ਕੇਵਲ ਹਲਤ ਹੀ ਨਹੀਂ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹਲਤ ਤੋਂ ਅੱਗੇ ਪਲਤ ਦੀ ਵੀ ਗੱਲ ਕਰਦੀ ਹੈ।

ਧੰਨ ਗੁਰੂ ਨਾਨਕ ਦੇਵ ਜੀ ਦੇ ਅਸੀਂ ਬਾਣੀ ਵਿਚ ਬਚਨ ਪੜ੍ਹਦੇ ਹਾਂ। ਜਿੱਥੇ ਅਸੀਂ ਵਸੇਬਾ ਕੀਤਾ ਹੈ, ਇਸ ਨੂੰ ਧਰਤੀ ਕਹਿੰਦੇ ਹਾਂ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਕੇਵਲ ਇਹ ਜ਼ਮੀਨ ਹੀ ਨਹੀਂ, ਧਰਤੀ ਹੀ ਨਹੀਂ, ਇਕ ਸ਼ਬਦ ਹੈ ਇਹ ਤੇਰੀ ਕਰਮਭੂਮੀ ਹੈ ਅਤੇ ਦੂਸਰਾ ਸ਼ਬਦ ਹੈ ਕਿ ਇਹ ਤੇਰੀ ਧਰਮਸ਼ਾਲਾ ਹੈ। ਕਰਮਭੂਮੀ ਭਾਵ ਕਿ ਜਿਸ ਧਰਤੀ ਉੱਤੇ ਤੂੰ ਕਰਮ ਕਰਦਾ ਪਿਆ ਹੈਂ, ਕੁਝ ਨਾ ਕੁਝ ਤੂੰ ਕਰਨ ਆਇਆ ਹੈਂ। ਇਹ ਕਰਮਭੂਮੀ ਕੇਵਲ ਸੰਸਾਰ ਦੇ ਧੰਦੇ ਕਰਨ ਲਈ ਨਹੀਂ, ਇਹ ਕਰਮਭੂਮੀ ਧਰਮਸ਼ਾਲਾ ਹੈ ਜਿੱਥੇ ਬੈਠ ਕੇ ਤੂੰ ਧਰਮ ਕਮਾਉਣ ਲਈ ਆਇਆ ਹੈਂ। ਅਸੀਂ ਜਪੁ ਜੀ ਸਾਹਿਬ ਦੇ ਬਚਨ ਪੜ੍ਹਦੇ ਹਾਂ :

**ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥**
**ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥**
**ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥ ਤਿਨ ਕੇ ਨਾਮ ਅਨੇਕ ਅਨੰਤ॥**
**ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥**

**(ਜਪੁ ਜੀ ਸਾਹਿਬ)**

ਗੁਰੂ ਗ੍ਰੰਥ ਸਾਹਿਬ ਜੀ ਦਾ ਜੇਕਰ ਸ਼ਬਦ ਪੜ੍ਹਦੇ ਹਾਂ ਤਾਂ ਇਸ ਨੂੰ ਮੁਹਾਵਰੇ ਕਹਿ ਕੇ, ਇਸ ਨੂੰ ਡਰਾਵਾ ਕਹਿ ਕੇ, ਇਸ ਨੂੰ ਮਿੱਥ ਕਹਿ-ਕਹਿ ਕੇ ਅਸੀਂ ਗੁਰੂ ਦੀ ਬਾਣੀ ਤੋਂ ਮੁਖ ਨਾ ਫੇਰੀਏ। ਜੀਵ ਦੇ ਕੀਤੇ ਹੋਏ ਕਰਮਾਂ ਅਨੁਸਾਰ ਉਥੇ ਵਿਚਾਰ ਹੋਵੇਗੀ। ਭਾਵੇਂ ਅਸੀਂ ਇਹ ਕਹਿੰਦੇ ਹਾਂ ਕਿ ਸਿੱਖ ਜਮਦੂਤ ਨੂੰ ਨਹੀਂ ਮੰਨਦਾ। ਸਿੱਖ ਚਿਤਰ ਗੁਪਤ ਨੂੰ ਨਹੀਂ ਮੰਨਦਾ। ਸਿੱਖ ਕਿਸੇ ਜਮਦੂਤ ਨੂੰ ਨਹੀਂ ਮੰਨਦਾ, ਇਸ ਦੇ ਵਿਚ ਕੋਈ ਸ਼ੱਕ ਨਹੀਂ, ਪਰ ਜਿਸ ਬੰਦੇ ਨੇ ਸ਼ਬਦ ਨਹੀਂ ਕਮਾਇਆ, ਉਸ ਲਈ ਧਰਮਰਾਜ ਹੈ। ਉਸ ਦੇ ਲਈ ਜਮਦੂਤ ਹੈ, ਪਰ ਜਿਹੜਾ ਸ਼ਬਦ ਨਾਲ, ਨਾਮ ਨਾਲ, ਸਿਮਰਨ ਨਾਲ ਜੁੜ ਗਿਆ, ਉਸ ਲਈ ਇਹਨਾਂ ਦੀ ਕੋਈ ਹੈਸੀਅਤ ਨਹੀਂ।

ਇਕ ਤਾਂ ਪ੍ਰਮਾਤਮਾ ਆਪ ਸੱਚਾ ਹੈ ਤੇ ਦੂਸਰਾ ਉਸ ਦਾ ਦਰਬਾਰ ਸੱਚਾ ਹੈ। ਦਰਬਾਰ ਵਿਚ ਅਨੇਕਾਂ ਉਸ ਦੇ ਅਹਿਲਕਾਰ ਹਨ। ਅਨੇਕਾਂ ਉਸ ਦੇ ਸੇਵਕ ਹਨ ਜਿਹੜੇ



Sri Satguru Jagjit Singh Ji eLibrary NamdhariElibrary@gmail.com

ਉਸ ਦੇ ਦਰ ਉੱਤੇ ਖਲੋ ਕੇ ਉਸ ਦੀਆਂ ਸਿਫ਼ਤਾਂ ਕਰਦੇ ਹਨ। ਕਈ ਵਾਰੀ ਅਸੀਂ ਕਹਿੰਦੇ ਹਾਂ ਕਿ ਇਸ ਮੁਲਕ ਦਾ ਰਾਜਾ ਸੱਚਾਈ ਪਸੰਦ, ਇਨਸਾਫ਼ ਉੱਤੇ ਪੈਹਰਾ ਦੇਣ ਵਾਲਾ ਹੈ, ਪਰ ਜਿਹੜੇ ਅੱਗੇ ਅਹਿਲਕਾਰ ਤੇ ਦਰਬਾਰੀ ਹਨ, ਉਹ ਬੇਈਮਾਨ ਤੇ ਝੂਠੇ ਹਨ। ਉਸ ਰਾਜੇ ਵਿਚਾਰੇ ਦੀ ਪੇਸ਼ ਕੋਈ ਨਹੀਂ ਜਾਂਦੀ, ਕਿਉਂਕਿ ਉਸ ਦੇ ਅਹਿਲਕਾਰ ਦਾਲ ਗਲਣ ਨਹੀਂ ਦਿੰਦੇ। ਉਹਨਾਂ ਦੀ ਰਗ-ਰਗ ਵਿਚ ਝੂਠ ਰਚਿਆ ਹੈ, ਪਰ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਦੁਨੀਆਂ ਦਾ ਬਾਦਸ਼ਾਹ ਕਈ ਵਾਰੀ ਸੱਚਾ ਮਿਲਦਾ ਹੈ, ਅੱਗੇ ਦਰਬਾਰੀ ਝੂਠੇ ਮਿਲਦੇ ਹਨ, ਪਰ ਮੇਰਾ ਰੱਬ ਆਪ ਵੀ ਸੱਚਾ ਹੈ ਤੇ ਉਸ ਦੇ ਦਰਬਾਰ ਵਿਚ ਵੀ ਸੱਚਾਈ ਹੈ।

**ਸਚਾ ਆਪਿ ਸਚਾ ਦਰਬਾਰੁ॥ ਤਿਥੈ ਸੋਹਨਿ ਪੰਚ ਪਰਵਾਣੁ॥**
**ਨਦਰੀ ਕਰਮਿ ਪਵੈ ਨੀਸਾਣੁ॥**

ਜਿਨ੍ਹਾਂ ਉੱਤੇ ਉਸ ਦੀ ਨਦਰੇ-ਕਰਮ ਹੋਵੇ, ਉਸ ਦੀ ਬਖ਼ਸ਼ਿਸ਼ ਹੋਵੇ, ਉਹਨਾਂ ਦੇ ਮਸਤਕ 'ਤੇ ਪ੍ਰਮਾਤਮਾ ਦਾ ਨਿਸ਼ਾਨ ਪੈ ਜਾਂਦਾ ਹੈ।

**ਕਚ ਪਕਾਈ ਓਥੈ ਪਾਇ॥ ਨਾਨਕ ਗਇਆ ਜਾਪੈ ਜਾਇ॥**

(ਜਪੁ ਜੀ ਸਾਹਿਬ)

**ਪੁੰਨੀ ਪਾਪੀ ਆਖਣੁ ਨਾਹਿ॥** (ਜਪੁ ਜੀ ਸਾਹਿਬ)

ਜਿਹੜੇ ਕਹਿੰਦੇ ਹਨ, ਗੁਰੂ ਜੀ ਨੇ ਮੁਹਾਵਰੇ ਵਰਤ ਕੇ ਸਮਝਾਇਆ ਹੈ, ਬਾਬਾ ਜੀ ਨੇ ਕਿਹਾ ਹੈ ਕਿ ਇਸ ਨੂੰ ਅਖਾਣ ਨਾ ਸਮਝੀਂ। ਜੋ ਮੈਂ ਤੈਨੂੰ ਕਹਿ ਰਿਹਾ ਹਾਂ, ਇਹ ਹਕੀਕਤ ਵਿਚ ਹੈ।

**ਕਰਿ ਕਰਿ ਕਰਣਾ ਲਿਖਿ ਲੈ ਜਾਹੁ॥**

ਜੋ ਕੁਝ ਅਸੀਂ ਕਰਦੇ ਪਏ ਹਾਂ ਇਹ ਸਭ ਲਿਖਿਆ ਜਾ ਰਿਹਾ ਹੈ। ਜੋ ਕੁਝ ਲਿਖਿਆ ਜਾ ਰਿਹਾ ਹੈ, ਉਹ ਜੀਵ ਨਾਲ ਲੈ ਕੇ ਜਾਏਗਾ।

**ਆਪੇ ਬੀਜਿ ਆਪੇ ਹੀ ਖਾਹੁ॥ ਨਾਨਕ ਹੁਕਮੀ ਆਵਹੁ ਜਾਹੁ॥**

(ਜਪੁ ਜੀ ਸਾਹਿਬ)

ਕਹਿੰਦੇ ਹਨ, ਜੋ ਕੁਝ ਤੂੰ ਬੀਜਿਆ ਹੈ, ਇਹ ਤੂੰ ਖਾਏਂਗਾ ਨਹੀਂ। ਜੇ ਅਸੀਂ ਕਹੀਏ ਕਿ ਰੱਬ ਦੀ ਕਲਮ ਹਿੰਦੂ ਲਈ ਹੋਰ ਹੈ, ਮੁਸਲਮਾਨ ਲਈ ਹੋਰ ਹੈ, ਈਸਾਈ ਲਈ ਹੋਰ ਹੈ। ਮੇਰੇ ਬਾਬਾ ਨਾਨਕ ਜੀ ਕਹਿੰਦੇ ਹਨ, ਨਹੀਂ, ਉਸ ਦਾ ਦਰਬਾਰ ਵੀ ਲੇਖੇ ਵਾਲਾ ਇਕ ਹੈ ਤੇ ਜਿਹੜੇ ਉਸ ਨੇ ਜੀਵ ਦੇ ਲੇਖ ਲਿਖੇ ਹਨ, ਉਹ ਵੀ ਇਕੋ ਕਲਮ ਨਾਲ ਲਿਖੇ ਹਨ। ਮੇਰਾ ਤੇ ਤੁਹਾਡਾ ਉਥੇ ਮੇਲ ਹੋਵੇਗਾ। ਜੇ ਮਾੜੇ ਕੁਕਰਮ ਕੀਤੇ ਹਨ ਤਾਂ ਇਸ ਤਰ੍ਹਾਂ ਲੇਖਾ ਲਿਖਿਆ ਜਾਏਗਾ ਜਿਵੇਂ ਤਿੱਲਾਂ ਵਿਚੋਂ ਤੇਲ ਕੱਢਿਆ ਜਾਂਦਾ ਹੈ।

ਹਜ਼ੂਰ ਨੇ ਇਸ ਬਚਨ ਨੂੰ ਸਵੀਕਾਰ ਕੀਤਾ ਹੈ ਕਿ ਚਾਰ ਪਹਿਰ ਦਿਨ ਭੱਜ ਦੌੜ



Sri Satguru Jagjit Singh Ji eLibrary NamdhariElibrary@gmail.com

ਕੇ ਕੰਮ ਧੰਦਿਆਂ ਵਿਚ ਨਿਕਲ ਗਏ ਤੇ ਜਦੋਂ ਥਕਾਵਟ ਹੋਈ ਤਾਂ ਆ ਕੇ ਸੌਂ ਗਿਆ। ਕੀ ਜ਼ਿੰਦਗੀ ਦਾ ਮਨੋਰਥ ਕੇਵਲ ਕੰਮ ਕਰਨਾ, ਸੌਣਾ, ਖਾਣਾ ਤੇ ਬੱਚੇ ਪਾਲਣਾ ਹੀ ਹੈ ? ਨਹੀਂ, ਬਾਬਾ ਜੀ ਨੇ ਕਿਹਾ ਕਿ ਤੇਰੇ ਨਾਲੋਂ ਤਾਂ ਪਸ਼ੂ ਚੰਗਾ ਹੈ ਜਿਹੜਾ ਵਿਚਾਰਾ ਕੱਖ ਖਾ ਕੇ ਅੰਮ੍ਰਿਤ ਵਰਗਾ ਦੁੱਧ ਦਿੰਦਾ ਹੈ। ਤੂੰ ਛੱਤੀਹ ਪ੍ਰਕਾਰ ਦੇ ਭੋਜਨ ਖਾ ਕੇ ਵੀ ਰੱਬ ਦਾ ਸ਼ੁਕਰਾਨਾ ਨਹੀਂ ਕਰਦਾ। ਤੂੰ ਪਸ਼ੂ ਘਰ ਵਿਚ ਰੱਖਿਆ ਹੈ। ਪਸ਼ੂ ਤੇਰਾ ਸੇਵਕ ਹੈ। ਤੂੰ ਉਸ ਨੂੰ ਕੀ ਦਿੱਤਾ ? ਤੂੰ ਸੁੱਕੇ ਕੱਖ ਉਸ ਨੂੰ ਦਿੱਤੇ ਤੇ ਉਸ ਨੇ ਤੈਨੂੰ ਅੰਮ੍ਰਿਤ ਵਰਗਾ ਦੁੱਧ ਦਿੱਤਾ। ਤੈਨੂੰ ਤਾਂ ਅਕਲ ਦਾ ਕਿਲ੍ਹਾ ਕਿਹਾ ਗਿਆ ਹੈ। ਤੂੰ ਇੰਨਾ ਕੁਝ ਲੈ ਕੇ ਰੱਬ ਦਾ ਕਿੰਨਾ ਕੁ ਸ਼ੁਕਰਾਨਾ ਕਰਦਾ ਹੈਂ। ਅਸੀਂ ਕਿਹੜੇ ਕਰਮ ਕਰਦੇ ਹਾਂ ? ਦੇਖੋ ਅਸੀਂ ਇਹ ਕਹਿੰਦੇ ਸੀ ਕਿ ਚੱਲੋ ਕੱਲ ਅਸੀਂ ਗ਼ਲਤੀ ਕੀਤੀ ਸੀ, ਉਹ ਦਿਨ ਤਾਂ ਨਿਕਲ ਗਿਆ। ਦਿਨ ਜ਼ਰੂਰ ਨਿਕਲ ਗਿਆ, ਪਰ ਜਿੱਥੇ ਲਿਖਿਆ ਗਿਆ ਉਥੇ ਡਲੀਟ ਨਹੀਂ ਹੋਇਆ। ਕੌਣ ਹੈ ਜਿਸ੍ਹ ਦਾ ਅੱਗੇ ਲੇਖਾ ਲਿਖਿਆ ਪੁੱਛਿਆ ਜਾਏਗਾ ? ਸਰੀਰ ਤਾਂ ਪਰਿਵਾਰ ਨੇ ਸਾਂਭ ਲੈਣਾ ਹੈ। ਕੌਣ ਹੈ ਅੱਗੇ ਜਿਸ ਦੇ ਗਲ ਵਿਚ ਸੰਗਲ ਪਾਇਆ ਜਾਏਗਾ ?

ਗੁਰਮੁਖੋ ! ਦੋ ਸਰੀਰ ਹਨ। ਵੈਸੇ ਸੰਤ ਜਨ ਇਕ ਗੱਲ ਕਹਿੰਦੇ ਸਨ ਕਿ ਬੰਦੇ ਦੇ ਤਿੰਨ ਸਰੀਰ ਹਨ। ਸਥੂਲ ਹੈ, ਸੂਖਸ਼ਮ ਹੈ, ਇਸ ਤੋਂ ਅੱਗੇ ਤੀਸਰਾ ਕਾਰਜ ਸਰੀਰ ਹੈ। ਇਹ ਸਥੂਲ ਸਰੀਰ ਸੂਖਸ਼ਮ ਉੱਤੇ ਹੋਰ ਹੈ। ਇਸ ਦੇ ਅੰਦਰ ਕੋਈ ਹੈ, ਜਿਸ ਦੇ ਕਰਕੇ ਬਾਹਰ ਵਾਲਾ ਚਲਦਾ ਹੈ। ਕਈ ਵਾਰੀ ਉਸ ਨੂੰ ਅਦ੍ਰਿਸ਼ਟ ਕਹਾਂਗੇ। ਸਾਹਿਬ ਕਹਿੰਦੇ ਹਨ, ਜ਼ਮੀਨ ਵਿਚ ਕਣਕ ਦਾ ਜਾਂ ਚਣਿਆਂ ਦਾ ਬੀਜ ਪਾਈਏ। ਉਹ ਬੀਜ ਬਾਹਰੋਂ ਅੱਤ ਦਾ ਕਰੜਾ ਹੈ, ਪਰ ਉਸ ਕਠੋਰ ਦੇ ਥੱਲੇ ਕੋਈ ਕੋਮਲ ਵੀ ਹੈ। ਸਾਹਿਬ ਕਹਿੰਦੇ ਹਨ, ਬਾਹਰ ਦੇ ਖੋਲ ਨੂੰ ਹੀ ਬੰਦਾ ਪਾਲੀ ਜਾਂਦਾ ਹੈ। ਅੰਦਰ ਵਾਲੇ ਖੋਲ 'ਤੇ ਕਦੀ ਝਾਤੀ ਮਾਰੀ ਹੀ ਨਹੀਂ। ਸਿਰਫ਼ ਅਸੀਂ ਬਾਹਰ ਵਾਲੇ ਖੋਲ ਨੂੰ ਹੀ ਸੰਭਾਲੀ ਜਾਂਦੇ ਹਾਂ, ਅੰਦਰ ਵਾਲੇ ਨੂੰ ਕੌਣ ਸੰਭਾਲੇਗਾ ? ਸਾਹਿਬ ਕਹਿੰਦੇ ਹਨ, ਸੂਖਸ਼ਮ ਦਿੱਸਦਾ ਨਹੀਂ, ਪਰ ਜੋ ਕੁਝ ਸਾਡੇ ਅੰਦਰ ਚੱਲ ਰਿਹਾ ਹੈ ਸਥੂਲ ਵਿਚ, ਇਹ ਸਭ ਕੁਝ ਸੂਖਸ਼ਮ ਰਾਹੀਂ ਮਿਲ ਰਿਹਾ ਹੈ।

ਸਾਹਿਬ ਕਹਿੰਦੇ ਹਨ, ਰੁੱਖ ਦੇ ਪੱਤਿਆਂ ਨੂੰ ਪੁੱਛੋ ਕਿ ਇਹ ਤੇਰੀ ਹਰਿਆਵਲ, ਉਸ ਦੇ ਫਲਾਂ ਨੂੰ ਪੁੱਛੋ ਤੇਰਾ ਰਸ, ਰੁੱਖ ਦੇ ਫੁੱਲਾਂ ਨੂੰ ਪੁੱਛੋ ਤੇਰੀ ਸੁਗੰਧੀ ਕੀ ਇਹ ਬਾਹਰੋਂ ਆ ਰਹੀ ਹੈ ? ਉਹ ਕਹਿੰਦੇ ਹਨ, ਨਹੀਂ, ਬਾਹਰੋਂ ਕੁਝ ਸਹਾਇਤਾ ਹੋ ਰਹੀ ਸੀ, ਪਰ ਇਹ ਆ ਉਥੋਂ ਰਹੀ ਹੈ ਜਿਹੜਾ ਆਪਣੇ ਆਪ ਨੂੰ ਦਿਖਾਉਂਦਾ ਨਹੀਂ। ਸਭ ਕੁਝ ਉਨ੍ਹਾਂ ਜੜ੍ਹਾਂ ਤੋਂ ਆਉਂਦਾ ਪਿਆ ਹੈ ਜਿਹੜੀਆਂ ਕਿਸੇ ਨੇ ਨਹੀਂ ਦੇਖੀਆਂ, ਪਰ ਜੇਕਰ ਕੋਈ ਬੰਦਾ ਰੁੱਖ ਕੋਲ ਖਲੋ ਕੇ ਇਹ ਕਹੀ ਜਾਵੇ ਕਿ ਮੈਂ ਤੇਰੇ ਪੱਤਿਆਂ ਨੂੰ ਮੰਨਦਾ ਹਾਂ, ਮੈਂ ਤੇਰੀਆਂ ਟਾਹਣੀਆਂ ਨੂੰ ਮੰਨਦਾ ਹਾਂ ਤੇ ਤੇਰੇ ਫੁੱਲਾਂ ਨੂੰ ਮੰਨਦਾ ਹਾਂ, ਪਰ ਜੜ੍ਹਾਂ ਨੂੰ ਮੰਨਣ



Sri Satguru Jagjit Singh Ji eLibrary NamdhariElibrary@gmail.com

ਲਈ ਤਿਆਰ ਨਹੀਂ ਤਾਂ ਉਹ ਕਹੇਗਾ ਕਿ ਤੂੰ ਅਗਿਆਨੀ ਹੈਂ। ਤੇਰੀਆਂ ਅੱਖਾਂ ਕੇਵਲ ਦ੍ਰਿਸ਼ਟਮਾਨ ਨੂੰ ਦੇਖਣ ਵਾਲੀਆਂ ਹਨ। ਇਕੱਲੀਆਂ ਮੇਰੀਆਂ ਜੜ੍ਹਾਂ ਨਹੀਂ, ਰੌਲਾ ਪਾਉਣ ਵਾਲਿਆ ! ਤੂੰ ਅੰਦਰ ਝਾਤੀ ਮਾਰ ਕੇ ਦੇਖ, ਤੇਰੇ ਅੰਦਰ ਸਰੀਰ ਦੀਆਂ ਵੀ ਸੂਖਸ਼ਮ ਜੜ੍ਹਾਂ ਹਨ। ਤੇਰੇ ਇਸ ਖੋਲ ਅੰਦਰ ਕੋਈ ਹੋਰ ਹੈ।

ਸਾਹਿਬ ਕਹਿੰਦੇ ਹਨ, ਜਿਹੜੇ ਅਸੀਂ ਕਰਮ ਕਰਦੇ ਹਾਂ, ਉਸ ਦਾ ਲੇਖਾ ਲਿਖਿਆ ਜਾਂਦਾ ਹੈ। ਸਵੇਰੇ ਤੋਂ ਸ਼ਾਮ ਤੱਕ ਕਿਸੇ ਬੰਦੇ ਨੂੰ ਦੇਖ ਕੇ ਕਿੰਨੇ ਫੁਰਨੇ ਪੈਦਾ ਹੁੰਦੇ ਹਨ—ਕਿੰਨੇ ਮਲੀਨ, ਕਿੰਨੇ ਭੱਦੇ, ਕਿੰਨੇ ਚੰਗੇ। ਸਵੇਰੇ ਤੋਂ ਸ਼ਾਮ ਤੱਕ ਸਾਡੇ ਅੰਦਰ ਕਿੰਨੇ ਵਿਚਾਰ ਪੈਦਾ ਹੁੰਦੇ ਹਨ, ਪਰ ਜਦੋਂ ਉਹ ਫੁਰਨਾ ਕਿਤੇ ਕਰਮ ਬਣ ਜਾਵੇ ਤਾਂ ਉਹ ਲਿਖਿਆ ਜਾਂਦਾ ਹੈ। ਲਿਖੇ ਹੋਏ ਸੰਸਕਾਰ ਫਿਰ ਅੱਗੇ ਨੂੰ ਤੁਰਦੇ ਹਨ। ਜੋ ਕੁਝ ਅਸੀਂ ਸੋਚਦੇ ਹਾਂ, ਉਹ ਕਰਮ ਬਣਦੇ ਹਨ। ਜਿਹੋ ਜਿਹੇ ਕਰਮ ਹਨ, ਉਹੋ ਜਿਹਾ ਲੇਖਾ ਹੈ।

ਸਾਹਿਬ ਕਹਿੰਦੇ-ਹਨ, ਕਿਉਂ ਕਿਹਾ ਜਾਂਦਾ ਹੈ ਕਿ ਹਰ ਸਮੇਂ ਪ੍ਰਮਾਤਮਾ ਨੂੰ ਚੇਤੇ ਕਰੋ ? ਸਾਹਿਬ ਕਹਿੰਦੇ ਹਨ ਕਿ ਹੋ ਸਕਦਾ ਹੈ ਕਿ ਤੂੰ ਚੇਤੇ ਕਰਦਾ ਹੋਵੇਂ। ਚੇਤੇ ਕਰਦਿਆਂ-ਕਰਦਿਆਂ ਜਿਹੜੇ ਤੂੰ ਸੁਆਸ ਲੈਂਦਾ ਪਿਆ ਹੈਂ, ਉਹ ਅੰਤਲੇ ਸੁਆਸ ਹੋਣ ਤੇ ਤੇਰੇ ਚਿੰਤਨ ਵਿਚ ਕਿਤੇ ਵਾਹਿਗੁਰੂ ਜੀ ਦਾ ਨਾਮ ਹੋਵੇ। ਵਾਹਿਗੁਰੂ ਜੀ ਨੂੰ ਚੇਤੇ ਕਰਦਿਆਂ ਤੇਰੇ ਸੁਆਸ ਨਿਕਲ ਜਾਣ ਤਾਂ ਕੀਤੇ ਹੋਏ ਕਰਮ ਵੀ ਕੱਟੇ ਜਾਂਦੇ ਹਨ।

ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਅਸੀਂ ਬੜੇ ਘਰ ਬਦਲ ਕੇ ਆਏ ਹਾਂ। ਇਸ ਮੇਰੇ ਸਰੀਰ ਵਿਚ ਜਿਹੋ ਜਿਹੀਆਂ ਵਾਸ਼ਨਾਵਾਂ ਹਨ, ਉਹ ਮੈਂ ਸੂਖਸ਼ਮ ਸਰੀਰ ਤੱਕ ਪਹੁੰਚਾਈਆਂ ਹਨ। ਬਸ ਉਹ ਵਾਸ਼ਨਾਵਾਂ ਹੀ ਅੱਗੇ ਤਾਣਾ-ਬਾਣਾ ਬੁਣਦੀਆਂ ਰਹੀਆਂ। ਭਗਤ ਤ੍ਰਿਲੋਚਨ ਜੀ ਦਾ ਇਕ ਸ਼ਬਦ ਹੈ—ਹੇ ਮੇਰੀਏ ਭੈਣੇ ! ਇਕ ਅਰਦਾਸ ਕਰ ਕਿ ਰੱਬ ਕਦੀ ਭੁੱਲੇ ਨਾ। ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੈਸਲਾ ਹੈ ਕਿ ਲੱਛਮੀ ਨੂੰ, ਮਾਇਆ ਨੂੰ ਚੇਤੇ ਕਰਦਿਆਂ ਅੰਤਲਾ ਸਾਹ ਨਿਕਲਿਆ, ਬਸ ਸਾਹ ਨਿਕਲਣ ਦੀ ਦੇਰ ਸੀ ਕਿ ਅਗਲਾ ਜਨਮ ਸੱਪ ਦਾ ਬਣ ਗਿਆ। ਸਾਹਿਬ ਕਹਿੰਦੇ ਹਨ, ਜੇ ਅੰਤਲਾ ਸਮਾਂ ਇਸ ਵਿਚ ਨਿਕਲ ਗਿਆ ਕਿ ਮੈਂ ਇੰਨਾ ਕੁਝ ਕਮਾਇਆ ਹੈ, ਪਤਾ ਨਹੀਂ ਨਿਆਣੇ ਸਾਂਭ ਸਕਣਗੇ ਕਿ ਨਹੀਂ ਤਾਂ ਅਗਲਾ ਜਨਮ ਸੱਪ ਦਾ ਮਿਲ ਗਿਆ। ਫਿਰ ਘਰ ਦੇ ਆਲੇ-ਦੁਆਲੇ ਹੀ ਫੇਰੀਆਂ ਪਾਉਣ ਲੱਗ ਪਿਆ। ਅੰਤਲੇ ਸਮੇਂ ਕਿਤੇ ਵਾਸ਼ਨਾ ਵਾਲਾ ਫੁਰਨਾ ਬਣ ਗਿਆ ਤਾਂ ਇਸ ਨੂੰ ਇਕੱਲੇ ਮਰਦ ਲਈ ਨਹੀਂ, ਇਹ ਇਸਤਰੀ ਲਈ ਵੀ ਹੈ।

ਕਿਉਂ ਕਿਹਾ ਜਾਂਦਾ ਹੈ ਕਿ ਮੋਹ ਦੀਆਂ ਤੰਦਾਂ ਤੋਂ ਆਪਾਂ ਉੱਪਰ ਉੱਠੀਏ ? ਪਿਆਰਿਆ ! ਮੋਹ ਦੀਆਂ ਤੰਦਾਂ ਸਾਨੂੰ ਖਿੱਚਦੀਆਂ ਹਨ। ਪੁੱਤਰਾਂ, ਧੀਆਂ ਨੂੰ ਪਾਲਣਾ ਇਹ ਸਾਡਾ ਫ਼ਰਜ਼ ਹੈ। ਜੇ ਕੋਈ ਬੰਦਾ ਬੀਮਾਰ ਹੈ ਤੇ ਡਾਕਟਰ ਨੇ ਕਹਿ ਦਿੱਤਾ ਕਿ ਇਸ ਦੇ ਬਚਣ ਦੀ ਕੋਈ ਆਸ ਨਹੀਂ ਤਾਂ ਪਿਆਰਿਓ ! ਬਜਾਏ ਇਸ ਦੇ ਕਿ ਉਸ ਦੇ ਕੋਲ



Sri Satguru Jagjit Singh Ji eLibrary NamdhariElibrary@gmail.com

ਰੋ-ਰੋ ਕੇ ਕਿ ਅਜੇ ਇਸ ਦੇ ਬੱਚੇ ਛੋਟੇ ਹਨ, ਇਸ ਦੀਆਂ ਧੀਆਂ ਵਿਆਹੁਣ ਵਾਲੀਆਂ ਹਨ। ਇਸ ਵਿਚਾਰੇ ਦੇ ਇਹ ਦਿਨ ਤਾਂ ਰੋਗ ਵਿਚ ਨਿਕਲਦੇ ਪਏ ਹਨ, ਉਸ ਦੀ ਇੰਨੀ ਕੁ ਮਦੱਦ ਕਰ ਦਿਉ ਕਿ ਕਿਤੇ ਅੱਗਾ ਉਸ ਦਾ ਸਵਰ ਜਾਏ ਤੇ ਅੰਤਲੇ ਸਮੇਂ ਉਸ ਦੇ ਕੰਨਾਂ ਵਿਚ ਗੁਰੂ ਦੀ ਆਵਾਜ਼ ਪਵੇ। ਜਿੰਨੀ ਅਸੀਂ ਉਸ ਦੀ ਵਾਸ਼ਨਾ ਪਰਿਵਾਰ ਵਿਚ ਖਿੱਚਾਂਗੇ, ਉੱਨਾ ਅਸੀਂ ਉਸ ਦਾ ਬੁਰਾ ਕਰਦੇ ਹਾਂ।

ਕਿਉਂ ਕਿਹਾ ਗੁਰੂ ਜੀ ਨੇ ਕਿ ਰੋਣਾ ਨਹੀਂ ? ਜੀਵ ਦੀ ਹਾਲਤ ਕੀ ਹੋਵੇਗੀ ? ਇਕ ਪਾਸੇ ਉੱਧਰ ਖਿੱਚਦੇ ਪਏ ਹਨ ਤੇ ਦੂਜੇ ਪਾਸੇ ਅਸੀਂ ਰੋ-ਰੋ ਕੇ, ਕੂਕਾਂ ਮਾਰ-ਮਾਰ ਕੇ ਉਸ ਨੂੰ ਹੋਰ ਦੁਖੀ ਕਰਦੇ ਹਾਂ। ਇਸ ਦਾ ਮਤਲਬ ਅਸੀਂ ਉਸ ਦਾ ਭਲਾ ਨਹੀਂ ਮੰਗਦੇ ਪਏ, ਜਿੰਨਾ ਰੋਂਦੇ ਹਾਂ, ਉੱਨਾ ਵਿਚਾਰਾ ਦੁਖੀ ਹੁੰਦਾ ਹੈ। ਜਿੰਨਾ ਉਸ ਲਈ ਸਿਮਰਨ ਕੀਤਾ ਜਾਏ, ਜਿੰਨੀ ਉਸ ਲਈ ਬੰਦਗੀ ਕੀਤੀ ਜਾਏ, ਜਿੰਨਾ ਉਸ ਦਾ ਚਿੰਤਨ ਕੀਤਾ ਜਾਏ, ਉਸ ਦਾ ਅਸੀਂ ਭਲਾ ਕਰ ਸਕਦੇ ਹਾਂ।

ਸਤਿਗੁਰੂ ਕਹਿੰਦੇ ਹਨ, ਬਾਣੀ ਪੜ੍ਹੋ, ਕੀਰਤਨ ਕਰੋ। ਕੁਝ ਦਿਨ ਹੁੰਦੇ ਸਨ ਭੋਗ ਪਾਉਣ ਦੇ। ਹੁਣ ਤਾਂ ਅਸੀਂ ਇਥੋਂ ਤੱਕ ਚਲੇ ਗਏ ਹਾਂ ਕਿ ਅੱਜ ਪੂਰਾ ਹੁੰਦਾ ਹੈ, ਦੂਜੇ ਦਿਨ ਅੰਗੀਠਾ ਸਮੇਟ ਕੇ ਚੌਥੇ ਕੁ ਦਿਨ ਕਹਿੰਦੇ ਹਾਂ ਕਿ ਅੱਜ ਭੋਗ ਪਾ ਲਈਏ। ਪਿਆਰਿਉ ! ਉਸ ਬੰਦੇ ਦਾ ਅਗਲਾ ਕੁਝ ਬਣਨਾ ਹੈ, ਪਰ ਅਸੀਂ ਲੋਕ ਆਪਣੇ ਕੰਮ-ਕਾਰ ਦੀ ਖ਼ਾਤਿਰ ਕਹਿੰਦੇ ਹਾਂ, ਖਹਿੜਾ ਛੁਟੇ। ਨਹੀਂ, ਉਸ ਵਿਚਾਰੇ ਦੇ ਲੇਖੇ ਹੋਣੇ ਹਨ। ਘੱਟੋ ਘੱਟ ਉਸ ਵਿਚਾਰੇ ਦੇ ਨਮਿੱਤ ਬੈਠ ਕੇ ਗੁਰੂ ਗੁਰੂ ਜੱਪਿਆ ਜਾਏ। ਇਸ ਨਾਲ ਉਸ ਦਾ ਭਲਾ ਹੈ।

ਰਾਮਕ੍ਰਿਸ਼ਨ ਪਰਮ ਹੰਸ ਇਕ ਬਹੁਤ ਪਹੁੰਚੇ ਹੋਏ ਸੰਤ ਹੋਏ ਹਨ। ਮੰਦਿਰ ਦੇ ਪੁਜਾਰੀ ਸਨ। ਪ੍ਰਮਾਤਮਾ ਨੂੰ ਰੱਜ ਕੇ ਉਹਨਾਂ ਗਾਇਆ। ਇਹ ਮੰਜੇ ਉੱਤੇ ਬੈਠਦੇ ਸਨ। ਇਹਨਾਂ ਨੇ ਇਕ ਦਿਨ ਵਿਵੇਕਾ ਨੰਦ ਜੀ ਨੂੰ ਕਹਿ ਦਿੱਤਾ ਕਿ ਧਰਮ ਤਾਂ ਅੰਧਵਿਸ਼ਵਾਸ ਹੈ। ਉਹਨਾਂ ਨੇ ਇੱਕੋ ਗੱਲ ਕਹੀ ਸੀ, ਬੇਟਾ ! ਯਾਦ ਰੱਖੀਂ, ਧਰਮ ਹੁੰਦਾ ਹੀ ਅੰਧਵਿਸ਼ਵਾਸ ਹੈ, ਪਰ ਅੰਨ੍ਹੇ 'ਤੇ ਵਿਸ਼ਵਾਸ ਨਾ ਕਰੀਂ।

ਜੇਕਰ ਰੂਹਾਨੀਅਤ ਵੱਲ ਤੁਰਨਾ ਹੈ ਤਾਂ ਪਿਆਰਿਉ ! ਸੱਚ ਮੰਨਿਉ, ਇਥੇ ਅੱਖਾਂ ਨਹੀਂ ਮੰਗੀਆਂ ਗਈਆਂ। ਇਥੇ ਇਕੋ ਗੱਲ ਕਹੀ ਹੈ ਕਿ ਅੱਖਾਂ ਬੰਦ ਰਹਿਣਗੀਆਂ, ਸੁਜਾਖਿਆ, ਆਪਣਾ ਪੱਲਾ ਫੜਾ, ਮੈਂ ਅੰਧਵਿਸ਼ਵਾਸ ਕਰਕੇ ਤੇਰੇ ਪਿੱਛੇ ਚੱਲਾਂ। ਲੋਕਾਂ ਨੇ ਉਹਨਾਂ ਕੋਲ ਆਉਣਾ। ਬੈਠਿਆਂ ਪ੍ਰਮਾਤਮਾ ਦੀ ਗੱਲ ਚੱਲਣੀ। ਉਸ ਦੇ ਕੋਲ ਛੇਤੀ ਕੋਈ ਰਾਮ ਸ਼ਬਦ ਨਹੀਂ ਸੀ ਕਹਿੰਦਾ। ਜੇ ਰਾਮ ਸ਼ਬਦ ਕਹਿੰਦੇ ਸਨ ਤਾਂ ਸੰਭਾਲੇ ਨਹੀਂ ਸਨ ਜਾਂਦੇ, ਕਿਉਂਕਿ ਰਾਮ ਸ਼ਬਦ ਕਹਿਣ ਦੀ ਦੇਰ ਹੁੰਦੀ ਸੀ ਕਿ ਉਹਨਾਂ ਦੇ ਅੰਦਰੋਂ ਰੋਮ-



Sri Satguru Jagjit Singh Ji eLibrary NamdhariElibrary@gmail.com

ਰੋਮ ਵਿਚੋਂ ਰਾਮ ਸ਼ਬਦ ਦੀ ਧੁਨੀ ਪੁਕਾਰਨ ਲੱਗ ਜਾਂਦੀ ਸੀ। ਕਰਦੇ ਕੀ ਸਨ ? ਇਕ ਹੱਥ ਵਿਚ ਟੱਕਾ ਫੜਨਾ। ਦੂਜੇ ਹੱਥ ਵਿਚ ਮਿੱਟੀ ਦਾ ਗੋਲਾ ਵੱਟ ਲੈਣਾ। ਘੰਟਿਆਂ ਬੱਧੀ ਦੇਖ ਕੇ ਕਹਿਣਾ ਟਕਾ, ਫਿਰ ਕਹਿਣਾ ਮਾਟੀ, ਟਕਾ ਮਾਟੀ, ਟਕਾ ਮਾਟੀ। ਘੰਟਿਆਂ ਤੱਕ ਕਹਿ ਕੇ ਦੋਨਾਂ ਨੂੰ ਸੁੱਟ ਕੇ ਕਹਿਣਾ ਦੋਨੋਂ ਮਾਟੀ। ਕਿਸੇ ਨੇ ਪੁੱਛਿਆ, ਕਿਉਂ ? ਕਹਿਣ ਲੱਗੇ ਮੈਂ ਸੋਚਣਾ ਚਾਹੁੰਦਾ ਹਾਂ ਆਪਣੇ ਹੱਥ ਉੱਤੇ ਰੱਖ ਕੇ ਕਿ ਜਦੋਂ ਟਕਾ ਰੱਖਾਂ ਤਾਂ ਮੇਰੇ ਫੁਰਨੇ ਕੀ ਹਨ ਤੇ ਜਦੋਂ ਮਿੱਟੀ ਰੱਖਾਂ ਤਾਂ ਫਿਰ ਮੇਰੇ ਫੁਰਨੇ ਕੀ ਹਨ ? ਕੀ ਮੇਰੇ ਅੰਦਰ ਵਾਲੀ ਬਿਰਤੀ ਟਕੇ ਤੇ ਮਿੱਟੀ ਨੂੰ ਇਕ ਬਰਾਬਰ ਮੰਨ ਗਈ ਹੈ। ਲੋਕ ਜਿਹੜੇ ਅਗਿਆਨੀ ਸਨ, ਉਹ ਕਹਿੰਦੇ ਸਨ ਕਿ ਸ਼ਾਇਦ ਇਹ ਘਾਟ ਹੈ। ਗੱਲਾਂ ਰੱਬ ਦੀਆਂ ਕਰਨੀਆਂ, ਇਕੋ ਦੱਮ ਉੱਠ ਕੇ ਰਸੋਈ ਵਿਚ ਚਲੇ ਜਾਣਾ। ਸ਼ਾਰਦਾ, ਅੱਜ ਕੀ ਪਕਾਇਆ ਹੈ ? ਘਰਵਾਲੀ ਨੂੰ ਪੁੱਛਣਾ ਕਿ ਅੱਜ ਬਣਾਇਆ ਕੀ ਹੈ ? ਚੇਲਿਆਂ ਨੇ ਕਹਿਣਾ ਕਿ ਇੰਨਾ ਪਹੁੰਚਿਆ ਹੋਇਆ ਤੇ ਰੋਟੀ 'ਤੇ ਆ ਕੇ ਪਤਾ ਨਹੀਂ ਕੀ ਹੁੰਦਾ ਹੈ। ਚੇਲੇ ਪ੍ਰੇਸ਼ਾਨ ਸਨ ਕਿ ਲੋਕ ਸ਼ੱਕ ਕਰਦੇ ਹਨ ਕਿ ਇਹ ਜੀਭ ਦੇ ਰੱਸ ਤੋਂ ਮੁਕਤ ਨਹੀਂ ਹੋਇਆ।

ਇਕ ਦਿਨ ਸ਼ਾਰਦਾ ਨੇ ਪੁੱਛ ਲਿਆ। ਕਹਿਣ ਲੱਗੀ, ਸੁਆਮੀ ! ਮੈਂ ਸਿਰਫ਼ ਕਹਿ ਸਕਦੀ ਹਾਂ, ਤੇਰੇ ਵਿਦਿਆਰਥੀ ਨਹੀਂ। ਤੁਸੀਂ ਇਥੇ ਬ੍ਰਹਮ ਗਿਆਨ ਦੀ ਗੱਲ ਕਰਦਿਆਂ-ਕਰਦਿਆਂ ਇਕੋ ਦੱਮ ਰਸੋਈ ਵਿਚ ਆ ਜਾਂਦੇ ਹੋ। ਦੇਖਣ ਵਾਲੇ ਲੋਕ ਬੁਰਾ ਮੰਨਦੇ ਹਨ। ਕਹਿਣ ਲੱਗੇ, ਸ਼ਾਰਦਾ ! ਸਿਰਫ਼ ਇਕ ਅੰਨ ਦੀ ਵਾਸ਼ਨਾ ਜੀਭ ਉੱਤੇ ਰਹਿ ਗਈ, ਬਾਕੀ ਸਾਰੀ ਖ਼ਤਮ ਹੋ ਗਈ, ਪਰ ਮੈਂ ਇਕ ਗੱਲ ਤੈਨੂੰ ਦੱਸ ਦਿਆਂ, ਆਪਣੀ ਮੌਤ ਤੋਂ ਤਿੰਨ ਦਿਨ ਪਹਿਲਾਂ ਮੈਂ ਇਹ ਵੀ ਛੱਡ ਦੇਵਾਂਗਾ। ਸਿਰਫ਼ ਜੀਉਣ ਲਈ ਰੱਖੀ ਬੈਠਾ ਹਾਂ। ਮੈਂ ਇਸ ਕਰਕੇ ਨਹੀਂ ਅੰਨ ਦੀ ਵਾਸ਼ਨਾ ਰੱਖੀ ਕਿ ਮੈਂ ਰੱਸ ਭੋਗਣਾ ਹੈ। ਜੇ ਮੈ ਇਹ ਵਾਸ਼ਨਾ ਛੱਡ ਦਿੱਤੀ ਤਾਂ ਇਸ ਸੂਖਸ਼ਮ ਸਰੀਰ ਦੀ ਮੌਤ ਹੈ। ਉਸ ਨੂੰ ਸਮਝ ਪੈ ਗਈ। ਕਹਿਣ ਲੱਗਾ, ਜਿਸ ਦਿਨ ਮੇਰੀ ਮੌਤ ਆ ਗਈ, ਤਿੰਨ ਦਿਨ ਤੈਨੂੰ ਪਹਿਲਾਂ ਪਤਾ ਲੱਗ ਜਾਏਗਾ। ਸੱਚਮੁੱਚ ਜਦੋਂ ਅੰਤਲਾ ਸਮਾਂ ਆਇਆ ਤੇ ਘਰਵਾਲੀ ਰੋਟੀ ਲੈ ਕੇ ਗਈ। ਰਾਮਕ੍ਰਿਸ਼ਨ ਪਰਮ ਹੰਸ ਨੇ ਦੇਖਿਆ। ਕਹਿਣ ਲੱਗੀ, ਸੁਆਮੀ ! ਭੋਜਨ ਛਕੋ, ਅੱਜ ਸਵੇਰੇ ਵੀ ਰਸੋਈ ਵਿਚ ਨਹੀਂ ਆਏ। ਕਹਿਣ ਲੱਗੇ, ਕਿਸ ਭੋਜਨ ਦੀ ਗੱਲ ਕਰਦੀ ਹੈਂ ? ਅੱਜ ਭੋਜਨ ਦੀ ਵਾਸ਼ਨਾ ਵੀ ਚਲੀ ਗਈ। ਠੀਕ ਤੀਸਰੇ ਦਿਨ ਉਹਨਾਂ ਨੇ ਪ੍ਰਾਣ ਤਿਆਗ ਦਿੱਤੇ।

ਗੁਰਮੁਖੋ ! ਜੇ ਅਸੀਂ ਆਪਣੇ ਵੱਲ ਝਾਤੀ ਮਾਰਦੇ ਹਾਂ ਤਾਂ ਸੋਚੀਦਾ ਹੈ ਕਿ ਕਿਸੇ ਸਾਧੂ ਨੇ ਕੋਈ ਇਕ ਅੱਧੀ ਵਾਸ਼ਨਾ ਥੋੜੀ ਬਹੁਤ ਟਿਕਾਈ ਸੀ, ਉਹ ਵੀ ਜਾਣ ਤੋਂ ਪਹਿਲਾਂ ਖ਼ਤਮ ਕਰ ਗਿਆ। ਇਸ ਸਰੀਰ ਦਾ ਕੀ ਬਣੇਗਾ ਜਿਹੜਾ ਮਰਨ ਤੋਂ ਬਾਅਦ



Sri Satguru Jagjit Singh Ji eLibrary NamdhariElibrary@gmail.com

ਵੀ ਪੋਤੇ-ਪੋਤਰੀਆਂ ਨੂੰ ਅਵਾਜ਼ਾਂ ਮਾਰੀ ਜਾਂਦਾ ਹੈ।

ਬੰਦਾ ਸੁਆਰਥੀ ਬਣਿਆ ਹੀ ਨਹੀਂ। ਜਿਸ ਦਿਨ ਸੁਆਰਥੀ ਬਣ ਗਿਆ, ਸੁਆਰਥੀ ਦਾ ਅਰਥ ਹੈ ਸ੍ਵੈ—ਆਪਣੇ ਲਈ। ਧਨ ਪੁੱਤਰਾਂ ਲਈ ਕਮਾ ਲੈਣਾ, ਸੁਆਰਥ ਨਹੀਂ। ਸੁਆਰਥ ਤਾਂ ਉਸ ਦਿਨ ਬਣੇਗਾ, ਜਿਸ ਦਿਨ ਆਪਣੀ ਆਤਮਾ ਲਈ ਕੁਝ ਕਮਾਏਗਾ। ਅਸੀਂ ਬੰਦੇ ਨੂੰ ਕਹਿੰਦੇ ਹਾਂ ਕਿ ਸਵੱਸਥ ਹੈ, ਸਵੱਸਥ ਦਾ ਅਰਥ ਅਰੋਗ ਨਹੀਂ। ਇਹ ਸਰੀਰਕ ਤੌਰ 'ਤੇ ਸਵੱਸਥ ਜ਼ਰੂਰ ਹੈ, ਪਰ ਮਾਨਸਿਕ ਤੌਰ 'ਤੇ ਖਿਲਰਿਆ ਪਿਆ ਹੈ। ਸਵੱਸਥ ਉਸ ਦਿਨ ਬਣੇਗਾ ਜਿਸ ਦਿਨ ਇਹ ਆਪਣੇ ਆਪ ਵਿਚ ਸਥਿਤ ਹੋ ਜਾਏਗਾ।

ਇਕ ਬੱਚੀ ਨੂੰ ਤੋਰਦਿਆਂ ਸਾਰੇ ਅਸੀਸਾਂ ਦਿੰਦੇ ਹਨ, ਪਰ ਕਿਸੇ ਦੀ ਅਰਥੀ ਉੱਠਣ ਤੋਂ ਪਹਿਲਾਂ ਕਿਸੇ ਨੂੰ ਬਾਣੀ ਦੀਆਂ ਅਸੀਸਾਂ ਦਿਉ। ਪਿਆਰਿਉ ! ਕਿਸੇ ਨੂੰ ਅੰਤਲੇ ਸਮੇਂ ਅਸੀਸ ਦਿੰਦੇ ਪਏ ਹੋ। ਜੇ ਬੁਰੇ ਕਰਮ ਦਾ ਫਲ ਬੁਰਾ ਮਿਲਦਾ ਹੈ ਤਾਂ ਕਿਸੇ ਨੂੰ ਤੋਰਦਿਆਂ ਸਮੇਂ ਤੂੰ ਸੁਖਮਨੀ ਸਾਹਿਬ ਦਾ ਪਾਠ ਕਰਦਾ ਪਿਆ ਹੈਂ, ਕਿਸੇ ਦਾ ਭਲਾ ਲੋਚਦਾ ਪਿਆ ਹੈਂ ਤਾਂ ਫਿਰ ਯਾਦ ਰੱਖੀਂ, ਅੰਤਲੇ ਸਮੇਂ ਤੁਰਨ ਲੱਗਿਆਂ ਕੋਈ ਤੇਰਾ ਭਲਾ ਲੋਚਣ ਲਈ ਆ ਜਾਵੇਗਾ।

ਕਈ ਵਾਰੀ ਆਪ ਜੀ ਨੇ ਦੇਖਿਆ ਹੈ ਕਿ ਦੇਵ ਰੂਹਾਂ ਬੇਅੰਤ ਮਿਲਣਗੀਆਂ। ਜਿੱਥੇ ਭਜਨ ਬੰਦਗੀ ਹੈ, ਉਥੇ ਦੇਵ ਰੂਹਾਂ ਹਨ, ਪਰ ਉਹ ਦੇਵ ਰੂਹਾਂ ਭਟਕਦੀਆਂ ਨਹੀਂ। ਉਹਨਾਂ ਦੇ ਵਾਸੇ ਹਨ :

**ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ॥**
**ਤਿਥੈ ਜੋਧ ਮਹਾਬਲ ਸੂਰ॥ ਤਿਨ ਮਹਿ ਰਾਮੁ ਰਹਿਆ ਭਰਪੂਰ॥**

**(ਜਪੁ ਜੀ ਸਾਹਿਬ)**

ਹੁਣ ਇਹ ਅਸਥੂਲ ਸਰੀਰ ਹੈ, ਇਸ ਦੇ ਨਾਲ ਚੰਗੇ ਕਰਮ ਕਰੇ, ਬਾਣੀ ਪੜ੍ਹੇ, ਕੀਰਤਨ ਕਰੇ। ਸਥੂਲ ਸਰੀਰ ਤੋਂ ਬਾਅਦ ਸੂਖਸ਼ਮ ਨੂੰ ਬਹੁਤ ਰਾਹਤ ਮਿਲਦੀ ਹੈ। ਜਦੋਂ ਕੋਈ ਕਮਾਈ ਵਾਲਾ ਜਾਂਦਾ ਹੈ ਤਾਂ ਕੀ ਉਸ ਦੇ ਅੰਦਰ ਨੂੰ ਦਰਦ ਹੁੰਦਾ ਹੈ ? ਨਹੀਂ।

ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਕੋਰੇ ਕਾਗ਼ਜ਼ ਨੂੰ ਫੜ ਕੇ ਕੋਈ ਬਾਹਰ ਮੀਂਹ ਪੈਂਦਾ ਹੋਵੇ ਤੇ ਉਸ ਦੀਆਂ ਬੂੰਦਾਂ ਥੱਲੇ ਰੱਖ ਦੇਵੇ ਤਾਂ ਕੋਰਾ ਕਾਗ਼ਜ਼ ਗਲ ਜਾਏਗਾ, ਪਰ ਜੇਕਰ ਉਸੇ ਕੋਰੇ ਕਾਗ਼ਜ਼ ਨੂੰ ਕੋਈ ਘਿਉ ਦੇ ਥਿੰਦੇ ਵਿਚ ਭਿਉਂ ਦੇਵੇ, ਤੇਲ ਵਿਚ ਚੰਗੀ ਤਰ੍ਹਾਂ ਚੋਪੜ ਦੇਵੇ ਅਤੇ ਬਾਅਦ ਵਿਚ ਉਸ ਨੂੰ ਪਾਣੀ ਵਿਚ ਸੁੱਟ ਕੇ ਦੇਖਿਉ, ਪਾਣੀ ਛੇਤੀ ਕਿਤੇ ਉਸ ਨੂੰ ਗਾਲ ਨਹੀਂ ਸਕਦਾ। ਜਿਹੜਾ ਅਸੀਂ ਕੀਰਤਨ ਸੁਣਦੇ ਹਾਂ, ਸੇਵਾ, ਬਾਣੀ, ਕਥਾ, ਇਸ ਨੂੰ ਇਹ ਨਾ ਸਮਝਿਉ ਕਿ ਬੱਧਾ-ਚੱਟੀ, ਜੋ ਕੁਝ ਅਸੀਂ ਕਰਦੇ ਪਏ



Sri Satguru Jagjit Singh Ji eLibrary NamdhariElibrary@gmail.com

ਹਾਂ, ਸਾਡੇ ਸੂਖਸ਼ਮ ਸਰੀਰ ਉੱਤੇ ਇਸ ਦਾ ਅਸਰ ਹੁੰਦਾ ਪਿਆ ਹੈ। ਤੂੰ ਇਕੱਲਾ ਹਉਮੈ ਦੀ ਆਕੜ ਲੈ ਕੇ ਤੁਰਿਆ ਤਾਂ ਮੌਤ ਦਾ ਜਮਦੂਤ ਤੈਨੂੰ ਗਾਲੇਗਾ। ਜੇ ਤੇਰੇ ਅੰਦਰ ਸੂਖਸ਼ਮ ਸਰੀਰ ਅਤੇ ਨਾਮ ਦੀ ਬਿੰਦਿਆਈ ਆ ਗਈ ਤਾਂ ਉਸ ਨੇ ਵੀ ਤੈਨੂੰ ਗਾਲ ਨਹੀਂ ਸਕਣਾ। ਬਾਬਾ ਫ਼ਰੀਦ ਸਾਹਿਬ ਅੱਜ ਉੱਚੀ ਸਾਰੀ ਹੋਕਾ ਦੇ ਕੇ ਕਹਿ ਰਹੇ ਹਨ :

**ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ॥**
**ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ॥**

ਜਿਸ ਦਿਨ ਕਪਾਹ ਬੀਜੀ ਸੀ, ਪਹਿਲਾਂ ਵੜੇਵਿਆਂ ਨੂੰ ਮੱਲਿਆ ਸੀ। ਫਿਰ ਵੜੇਵਾਂ ਮਿੱਟੀ ਵਿਚ ਦੱਬ ਦਿੱਤਾ, ਬੀਜ ਪਾ ਦਿੱਤਾ। ਕਪਾਹ ਦਾ ਪੇਡਾ ਨਿਕਲਿਆ। ਇਸ ਨੇ ਹਾੜ ਤੇ ਜੇਠ ਵਿਚ ਬਹੁਤ ਤਪਸ਼ ਜਰੀ। ਸਉਣ-ਭਾਦੋਂ ਵਿਚ ਕਪਾਹ ਖਿੜਨ ਲੱਗੀ। ਜਦੋਂ ਖੇੜਾ ਆਇਆ ਤਾਂ ਬੀਬੀਆਂ ਘਰੋਂ ਆਈਆਂ ਤੇ ਉਹਨਾਂ ਨੇ ਸਾਰੀ ਖਿੜੀ ਹੋਈ ਕਪਾਹ ਚੁਣ ਕੇ ਆਪਣੀ ਝੋਲੀ ਵਿਚ ਪਾ ਲਈ। ਕਹਿੰਦੇ ਹਨ, ਫ਼ਰੀਦ, ਇਹਨਾਂ ਗ਼ਰੀਬਾਂ ਦਾ ਕੀ ਕਸੂਰ ਹੈ। ਕੋਈ ਦੋਸ਼ ਨਹੀਂ ਫਿਰ ਵੀ ਦੁੱਖ ਪਾਉਂਦੇ ਪਏ ਹਨ ਤਾਂ ਤੇਰੇ ਨਾਲ ਕੀ ਬਣੇਗਾ ? ਕਮਾਦ ਨਾਲ ਕੀ ਵਾਪਰੀ ? ਕਮਾਦ ਦੀਆਂ ਪੋਰੀਆਂ ਉਥੋਂ ਬਣਾਉਂਦੇ ਹਾਂ ਜਿਥੋਂ ਦੀ ਗੱਠ, ਉਸ ਦੀ ਅੱਖ ਨਿਕਲਣੀ ਸੀ। ਸਿੱਧਾ ਕਮਾਦ ਨੂੰ ਕਦੀ ਕਿਸੇ ਨੇ ਨਹੀਂ ਬੀਜਿਆ। ਪਹਿਲਾਂ ਹੀ ਵਿਚਾਰੇ ਜੰਮਦੇ ਨੂੰ ਕੱਟ ਦਿੱਤਾ। ਬੀਜਣ ਲੱਗੇ ਕੱਟਿਆ, ਕੱਟਣ ਤੋਂ ਬਾਅਦ ਉਸ ਦਾ ਅੰਕੁਰ ਬਾਹਰ ਨਿਕਲਿਆ। ਫਿਰ ਕਮਾਦ ਨੂੰ ਬੰਨ੍ਹਿਆ। ਜਿਸ ਦਿਨ ਰੱਸ ਪੱਕ ਗਿਆ, ਜ਼ਿਮੀਂਦਾਰ ਨੇ ਕਿਹਾ ਲਿਆਉ ਟੋਕਾ, ਇਸ ਨੂੰ ਪੈਰ ਤੋਂ ਵੱਢ ਲਉ। ਇਸ ਨੂੰ ਜੜ੍ਹ ਤੋਂ ਪੱਟਿਉ ਨਾ, ਫਿਰ ਦਾਤੀ ਲੈ ਕੇ ਇਸ ਦੀ ਛੋਈ ਵੱਖਰੀ ਕੀਤੀ, ਇਸ ਦਾ ਆਗ ਵੱਖਰਾ ਕਰ ਦਿੱਤਾ। ਗੰਨੇ ਦਾ ਗੁੜ ਵੀ ਬਣਾਉਣਾ ਹੈ। ਪਰਤ ਕੇ ਇਸ ਦੀਆਂ ਗੱਠਾਂ ਬਣਾਈਆਂ। ਪਰਤ ਕੇ ਕੋਹਲੂ ਵਿਚ ਰੱਖ ਕੇ ਪੀੜਿਆ। ਗੁੜ ਬਣਨ ਤੋਂ ਪਹਿਲਾਂ ਰੱਸ ਨੇ ਉਬਾਲੇ ਖਾਧੇ। ਕਹਿੰਦੇ ਹਨ, ਉਸ ਨੂੰ ਅੰਦਰੋਂ ਸੁਣ ਕੇ ਦੇਖੋ, ਉਹ ਇਕ ਇਕ ਅੰਦਰੋਂ ਅੱਖ ਕੱਢ ਕੇ ਕਹਿੰਦਾ ਸੀ ਲੋਕੋ ! ਮੈਂ ਮਿੱਠੇ ਦਾ ਚਾਰ ਮਹੀਨੇ ਮਾਣ ਕੀਤਾ ਤੇ ਮੇਰੇ ਨਾਲ ਇਹ ਕੁਝ ਹੋਇਆ ਤੇ ਜਿਹੜਾ ਸਾਰੀ ਜ਼ਿੰਦਗੀ ਵਿਸ਼ੇ ਨੂੰ ਮਿੱਠਾ ਬਣਾ ਕੇ ਖਾਂਦਾ ਰਿਹਾ, ਉਸ ਨਾਲ ਕੀ ਹੋਵੇਗਾ :

**ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ॥**

(ਅੰਗ ੧੩੮੦)

ਜਿਹੜੇ ਮੰਦੇ ਅਮਲ ਕਰਦੇ ਹਨ, ਮੰਦੇ ਅਮਲ ਤੋਂ ਭਾਵ ਹਰ ਉਹ ਅਸ਼ੁੱਭ ਕੰਮ, ਜਿਸ ਦੇ ਨਾਲ ਜ਼ਬਾਨ ਕਰਕੇ ਕਿਸੇ ਨੂੰ ਸੱਟ ਪਹੁੰਚਾਉਣੀ। ਆਰਥਿਕ ਪੱਖੋਂ ਕਿਸੇ ਨੂੰ ਸੱਟ ਪਹੁੰਚਾਉਣੀ। ਤਨ ਕਰਕੇ ਕਿਸੇ ਨੂੰ ਸੱਟ ਪਹੁੰਚਾਉਣੀ। ਨਿੰਦਿਆ ਕਰਨੀ, ਕਪਟ ਕਰਨਾ। ਜੇ ਮੰਦੇ ਅਮਲ ਇਹੋ ਜਿਹੇ ਹੁੰਦੇ ਹਨ ਤਾਂ ਉਸ ਦੀ ਸਜ਼ਾ ਜ਼ਰੂਰ ਮਿਲਦੀ ਹੈ।



Sri Satguru Jagjit Singh Ji eLibrary NamdhariElibrary@gmail.com

ਪਿਆਰਿਉ ! ਸਤਿਗੁਰੂ ਕਹਿੰਦੇ ਹਨ, ਸਿੱਖ ਦਾ ਅਮਲ ਇਸ ਦੀ ਕਰਨੀ ਹੋਵੇ। ਸਤਿਗੁਰੂ ਮੇਹਰ ਕਰਨ। ਇਹਨਾਂ ਸ਼ਬਦਾਂ ਨੂੰ ਆਪਣੀ ਜ਼ਿੰਦਗੀ ਵਿਚ ਢਾਲੀਏ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

✯✯✯



Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਬਾਹਰਿ ਦਿਸੈ ਚਾਨਣਾ

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥

(ਅੰਗ ੧੩੮੦)

ਪਰਮ ਸਨਮਾਨਯੋਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਬਾਬਾ ਫ਼ਰੀਦ ਜੀ ਕਹਿੰਦੇ ਹਨ ਕਿ ਇਸ ਸੰਸਾਰ ਵਿਚ ਜ਼ਿਆਦਾਤਰ ਵਿਚ ਦੇਖਣ ਨੂੰ ਮਿਲਦਾ ਹੈ ਕਿ ਧਰਮ ਦੇ ਚਿੰਨ੍ਹ ਮਨੁੱਖ ਨੇ ਤਾਂ ਗ੍ਰਹਿਣ ਕੀਤੇ ਹੁੰਦੇ ਹਨ, ਪਰ ਉਸ ਗ੍ਰਹਿਣ ਕੀਤੇ ਹੋਏ ਚਿੰਨ੍ਹਾਂ ਦੇ ਅਨੁਸਾਰ ਉਸ ਦੇ ਅੰਦਰ ਧਾਰਮਿਕ ਜੀਵਨ ਉਸ ਤਰ੍ਹਾਂ ਦਾ ਨਹੀਂ ਹੁੰਦਾ। ਸਾਹਿਬ ਕਹਿੰਦੇ ਹਨ, ਆਪਣੇ ਮੋਢੇ ਦੇ ਉੱਪਰ ਮੁਸੱਲਾ ਰੱਖਿਆ ਹੋਇਆ ਹੈ। ਮੁਸੱਲਾ ਉਸ ਵਸਤਰ ਨੂੰ ਕਹਿੰਦੇ ਹਾਂ ਕਿ ਜਿਸ ਉੱਪਰ ਬੈਠ ਕੇ ਮੁਸਲਮਾਨ ਪੰਜ ਵਕਤ ਦੀ ਨਮਾਜ਼ ਅਦਾ ਕਰਦਾ ਹੈ। ਨਮਾਜ਼ ਪੜ੍ਹਨ ਲਈ ਮੋਢੇ ਦੇ ਉੱਪਰ ਮੁਸੱਲਾ ਰੱਖਿਆ ਹੋਇਆ ਹੈ ਤੇ ਗਲ ਦੇ ਵਿਚ ਕਾਲੇ ਰੰਗ ਦਾ ਵਸਤਰ ਪਾਇਆ ਹੋਇਆ ਹੈ। ਜਦੋਂ ਬੋਲਦਾ ਹੈ, ਜ਼ਬਾਨ ਵਿੱਚੋਂ ਇਸ ਤਰ੍ਹਾਂ ਦੀ ਮਿਠਾਸ ਨਿਕਲਦੀ ਹੈ ਜਿਵੇਂ ਉਸ ਦੇ ਰਸ ਵਿੱਚੋਂ ਗੁੜ ਵਾਲਾ ਸੁਆਦ ਆਉਂਦਾ ਹੋਵੇ। ਬਾਬਾ ਜੀ ਕਹਿੰਦੇ ਹਨ ਕਿ ਇਸ ਭੁਲੇਖੇ ਵਿਚ ਨਾ ਪੈ ਜਾਵੀਂ ਕਿ ਜਿਸ ਦੇ ਮੋਢੇ ਉੱਤੇ ਮੁਸੱਲਾ ਹੈ, ਗਲ ਵਿਚ ਸੂਫ਼ੀਆਂ ਵਾਲਾ ਵਸਤਰ ਹੈ, ਜਿਸ ਦੀ ਜ਼ਬਾਨ ਵਿਚ ਮਿਠਾਸ ਹੈ, ਜ਼ਰੂਰੀ ਨਹੀਂ ਕਿ ਬਾਹਰ ਦਿੱਸਦੇ ਹੋਏ ਭੇਸ ਵਿੱਚੋਂ ਉਸ ਦੇ ਅੰਦਰ ਦਾ ਜੀਵਨ ਵੀ ਉਸੇ ਤਰ੍ਹਾਂ ਦਾ ਹੋਵੇ। ਸਾਹਿਬ ਕਹਿੰਦੇ ਹਨ, ਫਿਰ ਉਸ ਬੰਦੇ ਦੇ ਅੰਦਰ ਕੀ ਹੈ ? ਕਹਿੰਦੇ ਹਨ ਜ਼ਬਾਨ ਵਿਚ ਮਿਠਾਸ ਹੈ, ਪਰ ਦਿਲ ਦੇ ਵਿਚ ਕੈਂਚੀ ਹੈ। ਕੈਂਚੀ ਦਾ ਮਤਲਬ ਇਸ ਦੇ ਅੰਦਰ ਈਰਖਾ ਹੈ। ਇਹ ਹਰ ਬੰਦੇ ਦੇ ਅੰਦਰ ਦੀਆਂ ਜੜ੍ਹਾਂ ਕੱਟਣ ਦਾ ਯਤਨ ਕਰਦਾ ਹੈ। ਬਾਬਾ ਜੀ ਕਹਿੰਦੇ ਹਨ ਕਿ ਇਹ



Sri Satguru Jagjit Singh Ji eLibrary NamdhariElibrary@gmail.com

ਧਰਮ ਦਾ ਲਿਬਾਸ ਇਸ ਤਰ੍ਹਾਂ ਦਾ ਹੈ ਜਿਵੇਂ ਬਾਹਰੋਂ ਕਿਸੇ ਘਰ ਦੇ ਉੱਤੇ ਬਹੁਤ ਚਾਨਣ ਹੋਵੇ, ਪਰ ਅੰਦਰ ਕੋਈ ਜਾਣ ਦਾ ਯਤਨ ਕਰੇ ਤਾਂ ਹਨੇਰੇ ਵਿਚ ਠੋਕਰਾਂ ਖਾਈ ਜਾਵੇ।

ਅਸਲ ਵਿਚ ਧਰਮ ਕੀ ਹੈ ? ਧਰਮ ਬਾਰੇ ਜੇ ਅਸੀਂ ਬਾਹਰਲੇ ਸ਼ਬਦਾਂ ਨਾਲ ਇਸ ਦੀ ਵਿਆਖਿਆ ਕਰੀਏ ਤਾਂ ਅਸੀਂ ਕਹਾਂਗੇ ਕਿ ਇਹ ਸਿੱਖ ਧਰਮ ਹੈ, ਇਹ ਹਿੰਦੂ ਧਰਮ ਹੈ, ਇਹ ਇਸਲਾਮ ਧਰਮ ਹੈ, ਇਹ ਈਸਾਈ ਧਰਮ ਹੈ। ਅਸਲ ਵਿਚ ਧਰਮ ਤਾਂ ਅੰਦਰ ਦੀ ਉਸ ਖਿੱਚ ਦਾ ਨਾਮ ਹੈ, ਜਿਸ ਦੇ ਅੰਦਰ ਉਸ ਪ੍ਰਮਾਤਮਾ ਦੇ ਨਾਮ ਲਈ ਖਿੱਚ ਪੈਦਾ ਹੋ ਜਾਵੇ ਅਤੇ ਧਰਮ ਉਹ ਕੀਮਤੀ ਅੰਦਰ ਦੀ ਖਿੱਚ ਹੈ, ਜਿਹੜੀ ਪਸ਼ੂ ਨੂੰ ਇਨਸਾਨ, ਇਨਸਾਨ ਨੂੰ ਦੇਵਤਾ, ਦੇਵਤੇ ਨੂੰ ਹਰਿ ਜਨ ਤੇ ਹਰਿ ਜਨ ਨੂੰ ਹਰੀ ਦਾ ਰੂਪ ਕਰ ਦਿੰਦੀ ਹੈ। ਸਾਹਿਬ ਕਹਿੰਦੇ ਹਨ, ਹਰ ਧਰਮ ਦੇ ਆਗੂ ਨੇ ਆਪਣੇ ਸਮੇਂ ਵਿਚ ਕੁਝ ਚਿੰਨ੍ਹ ਦਿੱਤੇ ਹਨ, ਕੁਝ ਬਾਹਰ ਦੀ ਮਰਿਆਦਾ ਦਿੱਤੀ ਹੈ। ਅਸਲ ਵਿਚ ਬਾਹਰ ਦੀ ਮਰਿਆਦਾ ਪ੍ਰਤੀਕ ਸੀ ਅੰਦਰ ਦੇ ਜੀਵਨ ਦੀ, ਪਰ ਜਦੋਂ ਅੰਦਰ ਜੀਵਨ ਨਾ ਬਚਿਆ ਤੇ ਕੇਵਲ ਚਿੰਨ੍ਹ ਰਹਿ ਗਏ ਤਾਂ ਉਸ ਵੇਲੇ ਲੋਕ ਚਿੰਨ੍ਹਾਂ ਦੇ ਉੱਪਰ ਸ਼ੱਕ ਕਰਨ ਲੱਗ ਪਏ।

ਸਾਹਿਬ ਕਹਿੰਦੇ ਹਨ, ਮੰਨ ਲਉ, ਮਕਾਨ ਬਹੁਤ ਸੋਹਣਾ ਬਣਾਇਆ ਹੋਵੇ। ਚਾਰ-ਚੁਫੇਰੇ ਰੰਗ-ਰੋਗਨ ਕੀਤਾ ਹੋਵੇ, ਪਰ ਜੇ ਕਿਸੇ ਨੇ ਉਸ ਮਕਾਨ ਵਿਚ ਵਸੇਬਾ ਨਹੀਂ ਕਰਨਾ ਤਾਂ ਉਹ ਖ਼ਾਲੀ ਮਕਾਨ ਕਿਸੇ ਕੰਮ ਦਾ ਨਹੀਂ। ਜੇ ਕੋਈ ਉਸ ਦੇ ਅੰਦਰ ਪ੍ਰਵੇਸ਼ ਕਰਦਾ ਹੈ ਤਾਂ ਉਹ ਅੰਦਰ ਨੂੰ ਦੇਖ ਕੇ ਇੰਨਾ ਹੈਰਾਨ ਹੋ ਜਾਂਦਾ ਹੈ ਕਿ ਅੰਦਰ ਇੰਨੀ ਦੁਰਗਤੀ ਹੈ ਕਿ ਇਸ ਨੂੰ ਦੇਖ ਕੇ ਇਸ ਤਰ੍ਹਾਂ ਲੱਗਦਾ ਹੈ ਕਿ ਪਤਾ ਨਹੀਂ ਕਿੰਨਾ ਕੁ ਪੁਰਾਣਾ ਘਰ ਹੈ। ਅੰਦਰ ਸਫ਼ਾਈ ਕਰਨ ਵਾਲਾ ਕੋਈ ਨਹੀਂ। ਬਾਬਾ ਜੀ ਕਹਿੰਦੇ ਹਨ ਕਿ ਧਰਮ ਦਾ ਲਿਬਾਸ ਅੰਦਰ ਦਾ ਜੀਵਨ ਨਹੀਂ ਤੇ ਇਹ ਉਸ ਘਰ ਦੀ ਤਰ੍ਹਾਂ ਹੈ, ਜਿਹੜਾ ਬਾਹਰੋਂ ਬਹੁਤ ਚਮਕਦਾਰ ਹੈ, ਪਰ ਅੰਦਰ ਕੋਈ ਨਹੀਂ ਰਹਿੰਦਾ, ਕੇਵਲ ਮੈਲ ਹੀ ਇਕੱਠੀ ਹੋਈ ਜਾਣੀ ਹੈ। ਬਾਹਰ ਦੀ ਚਮਕ 'ਤੇ ਭਰੋਸਾ ਨਾ ਕਰੀਂ।

ਸਾਹਿਬ ਕਹਿੰਦੇ ਹਨ ਕਿ ਤੀਰਥ 'ਤੇ ਜਾਈਏ ਤਾਂ ਸ਼ਵੇਤ ਰੰਗ ਦਾ, ਚਿੱਟੇ ਰੰਗ ਦਾ ਬਗਲਾ ਨਦੀ 'ਤੇ ਬੈਠਾ ਹੈ, ਪਰ ਉਸ ਦੇ ਚਿੱਟੇ ਰੰਗ ਦੇ ਲਿਬਾਸ ਨੂੰ ਜਾਂ ਬਗਲੇ ਦੇ ਖੰਭਾਂ ਨੂੰ ਦੇਖ ਕੇ ਇਹ ਨਾ ਸੋਚ ਲਈਂ ਕਿ ਸ਼ਾਇਦ ਇਹ ਹੰਸ ਹੋਵੇ। ਤੇਰੀਆਂ ਅੱਖਾਂ ਨੂੰ ਭੁਲੇਖਾ ਪਵੇਗਾ, ਪਰ ਜਦੋਂ ਤੂੰ ਉਸ ਦੇ ਕੰਮ ਦੇਖੇਂਗਾ, ਬਗਲਾ ਚੁੰਜ ਨਾਲ ਮੱਛੀਆਂ ਪਕੜੇਗਾ, ਫਿਰ ਤੇਰਾ ਮਨ ਕਹੇਗਾ ਕਿ ਜਿਸ ਦਾ ਰੰਗ ਬਾਹਰੋਂ ਸਫ਼ੈਦ ਸੀ, ਉਹ ਅੰਦਰੋਂ ਤਾਂ ਅੱਤ ਦਾ ਕਾਲਾ ਨਿਕਲਿਆ। ਸਾਹਿਬ ਕਹਿੰਦੇ ਹਨ, ਯਾਦ ਰੱਖੋ, ਹਰ ਬੰਦਾ ਇਕੋ ਜਿਹਾ ਨਹੀਂ ਹੁੰਦਾ। ਜਿਥੇ ਅਨੇਕਾਂ ਭੇਖ ਕਮਾਉਣ ਵਾਲੇ ਮਿਲਦੇ ਹਨ, ਉਥੇ ਧਰਮ ਕਮਾਉਣ ਵਾਲੇ ਵੀ ਮਿਲਦੇ ਹਨ।



Sri Satguru Jagjit Singh Ji eLibrary NamdhariElibrary@gmail.com

ਬਾਬਾ ਬਕਾਲਾ ਸਾਹਿਬ 22 ਬੰਦੇ ਭੇਖ ਦੀਆਂ ਮੰਜੀਆਂ ਲਗਾਈ ਬੈਠੇ ਨੇ, ਪਰ ਮੱਖਣ ਸ਼ਾਹ ਦਾ ਅੰਦਰ ਕਹਿੰਦਾ ਸੀ ਕਿ ਇਨ੍ਹਾਂ 22 ਭੇਖੀਆਂ ਦੇ ਪਿੱਛੇ ਸਾਰਾ ਸ਼ਹਿਰ ਮਾੜਾ ਨਹੀਂ। ਇਕ ਸੱਚਾ ਵੀ ਹੈ ਜਿਹੜਾ ਬਾਬੇ ਨਾਨਕ ਦੀ ਜੋਤ ਦਾ ਵਾਰਿਸ ਹੈ।

ਸਾਹਿਬ ਕਹਿੰਦੇ ਹਨ, ਕੁਝ ਲੋਕਾਂ ਦਾ ਅੰਦਰ ਝੂਠ, ਕਪਟ ਤੇ ਛੱਲ ਨਾਲ ਭਰਿਆ ਹੋਇਆ ਹੈ। ਬਾਹਰੋਂ ਉਨ੍ਹਾਂ ਦਾ ਅਡੰਬਰ ਬਹੁਤ ਜ਼ਿਆਦਾ ਧਰਮੀਆਂ ਵਾਲਾ ਹੈ। ਉਨ੍ਹਾਂ ਬੰਦਿਆਂ ਨੇ ਆਪਣਾ ਇਸ ਦੁਨੀਆਂ ਵਿਚ ਇਸ ਢੰਗ ਨਾਲ ਚੱਕਰ ਬਣਾਇਆ ਹੋਇਆ ਹੈ ਕਿ ਜਿੱਥੇ ਉਹ ਜਾਂਦੇ ਹਨ, ਉਨ੍ਹਾਂ ਦੇ ਝੂਠ ਉੱਪਰ ਪਰਦੇ ਪਾਉਣ ਵਾਲੇ ਅਨੇਕਾਂ ਉਨ੍ਹਾਂ ਦੇ ਚੇਲੇ ਪਹੁੰਚ ਜਾਂਦੇ ਹਨ। ਸਾਰੇ ਅਨੇਕਾਂ ਤਰੀਕਿਆਂ ਨਾਲ ਜਾ ਕੇ ਪ੍ਰਚਾਰ ਕਰਦੇ ਹਨ ਕਿ ਬਾਬਾ ਜੀ ਦਾ ਜੀਵਨ ਇਸ ਤਰ੍ਹਾਂ ਦਾ ਹੈ। ਉਨ੍ਹਾਂ ਦੇ ਬਾਹਰ ਦੇ ਕੱਪੜੇ ਦੇਖ ਕੇ ਲੋਕ ਪ੍ਰਸੰਸਾ ਕਰਨ ਲੱਗ ਪੈਂਦੇ ਹਨ।

ਅੱਜ ਧਰਮ ਦੀ ਦੁਨੀਆਂ ਵਿਚ ਬਹੁਤੇ ਲੋਕ ਸਿਰਫ਼ ਬਾਹਰ ਦਾ ਅਡੰਬਰ ਦੇਖ ਕੇ ਹੀ ਝੁੱਕ ਜਾਂਦੇ ਹਨ। ਕਿਸੇ ਨੂੰ ਕਹਿਣਗੇ ਕਿ ਇਸ ਪਿੱਛੇ ਦੁਨੀਆਂ ਬਹੁਤ ਹੈ ਜਾਂ ਇਸ ਪਿੱਛੇ ਬਹੁਤ ਅਮੀਰ ਚੇਲੇ ਹਨ। ਸਾਹਿਬ ਕਹਿੰਦੇ ਹਨ, ਇਹੋ ਜਿਹੇ ਪਾਖੰਡੀ ਜੇ 68 ਤੀਰਥਾਂ ਦਾ ਵੀ ਇਸ਼ਨਾਨ ਕਰ ਲੈਣ ਤਾਂ ਵੀ ਉਨ੍ਹਾਂ ਦੇ ਅੰਦਰ ਦੀ ਮੈਲ ਦੂਰ ਨਹੀਂ ਹੋਵੇਗੀ, ਪਰ ਸਾਹਿਬ ਕਹਿੰਦੇ ਹਨ, ਸਾਰਿਆਂ ਨੂੰ ਪਾਖੰਡੀ ਨਾ ਸਮਝਣਾ। ਇਥੇ ਸੱਚ ਨੂੰ ਪਾਲਣ ਵਾਲਾ ਵੀ ਕੋਈ ਹੈ। ਉਨ੍ਹਾਂ ਦੇ ਅੰਦਰ ਨਾਮ ਦੀ ਰੇਸ਼ਮ ਹੈ ਤੇ ਬਾਹਰੋਂ ਉਹ ਲੀਰਾਂ ਪਾਈ ਬੈਠੇ ਹਨ। ਉਨ੍ਹਾਂ ਨੂੰ ਬਾਹਰੋਂ ਦੇਖ ਕੇ ਲੱਗਦਾ ਹੈ ਕਿ ਇਨ੍ਹਾਂ ਨੂੰ ਕੋਈ ਧਰਮ ਦੀ ਸੋਝੀ ਹੋਵੇਗੀ, ਪਰ ਕੋਈ ਅੰਤਰ-ਦ੍ਰਿਸ਼ਟੀ ਵਾਲਾ ਹੀ ਉਸ ਗੁਰਮੁਖ ਦੇ ਜੀਵਨ ਨੂੰ ਦੇਖਦਾ ਹੈ ਅਤੇ ਉਹ ਲੀਰਾਂ ਨੂੰ ਦੇਖ ਕੇ ਵੀ ਸੱਜਦਾ ਕਰ ਦਿੰਦਾ ਹੈ। ਸਾਹਿਬ ਕਹਿੰਦੇ ਹਨ, ਜਿਸ ਦੀ ਸਾਈਂ ਨਾਲ ਬਣ ਗਈ, ਜਿਹੜਾ ਸਾਈਂ ਦੇ ਚਰਨਾਂ ਨਾਲ ਜੁੜ ਗਿਆ, ਉਹ ਤਾਂ ਮੈਲੇ ਕੱਪੜਿਆਂ ਵਿਚ ਵੀ ਸਾਈਂ ਨੂੰ ਪ੍ਰਵਾਨ ਹੈ। ਸਾਹਿਬ ਕਹਿੰਦੇ ਹਨ, ਹੇ ਭੈਣੇ ! ਜੇ ਤੂੰ ਆਪਣੇ ਤਨ ਦੇ ਉੱਪਰ ਕੀਮਤੀ ਵਸਤਰ ਪਾ ਕੇ ਬੈਠੀ ਹੈਂ ਅਤੇ ਤੇਰੇ ਸਾਈਂ ਦੀ ਖ਼ੁਸ਼ੀ ਤੈਨੂੰ ਨਹੀਂ ਮਿਲੀ ਤਾਂ ਤੇਰੇ ਰੇਸ਼ਮੀ ਕੱਪੜਿਆਂ ਵਿਚ ਵੀ ਅੱਗ ਹੈ। ਜੇ ਵਾਹਿਗੁਰੂ ਜੀ ਦੀ ਦਇਆ ਹੋ ਗਈ ਤਾਂ ਭਾਂਡਿਆਂ ਵਿਚ ਖਲੋਤਾ ਸਿਰ ਤੋਂ ਪੈਰਾਂ ਤੱਕ ਮਿੱਟੀ ਨਾਲ ਭਰਿਆ ਹੋਇਆ ਵੀ ਸਾਈਂ ਨੂੰ ਭਾਅ ਜਾਂਦਾ ਹੈ। ਸਾਹਿਬ ਕਹਿੰਦੇ ਹਨ, ਜਦੋਂ ਕਮਾਈ ਵਾਲਾ ਪੁਰਸ਼ ਆਉਂਦਾ ਹੈ ਤਾਂ ਉਸ ਨੂੰ ਦੇਖ ਕੇ ਇਹ ਨਾ ਕਹਿਣਾ ਕਿ ਸ਼ਾਇਦ ਇਹ ਰੁਲਿਆ ਜਿਹਾ ਬੰਦਾ ਇਸ ਦੇ ਪੱਲੇ ਕੀ ਹੋਣਾ ਹੈ।

ਇਸੇ ਤਰ੍ਹਾਂ ਇਕ ਵਾਰੀ ਮੌਲਾਨਾ ਰੂਮੀ ਵਿਦਿਆਰਥੀਆਂ ਨੂੰ ਪੜ੍ਹਾ ਰਿਹਾ ਸੀ। ਕਹਿੰਦੇ ਹਨ, ਉਹ ਆਮ ਬੰਦਿਆਂ ਨੂੰ ਆਪਣਾ ਵਿਦਿਆਰਥੀ ਨਹੀਂ ਬਣਾਉਂਦਾ ਸੀ। ਵਿਦਿਆਰਥੀਆਂ ਨੂੰ ਪੜ੍ਹਾ ਰਿਹਾ ਸੀ ਤੇ ਸ਼ਮਸ ਤਬਰੇਜ਼ ਆਏ। ਉਨ੍ਹਾਂ ਦਾ ਲਿਬਾਸ



Sri Satguru Jagjit Singh Ji eLibrary NamdhariElibrary@gmail.com

ਸਾਦ-ਮੁਰਾਦਾ ਸੀ। ਮੌਲਾਨਾ ਰੂਮੀ ਦੇ ਖੁੱਲ੍ਹੇ ਹੋਏ ਗ੍ਰੰਥ ਦੇਖ ਕੇ ਖਲੋ ਗਏ। ਪਹਿਲਾਂ ਖਲੋਤੇ ਰਹੇ, ਫਿਰ ਵੇਖ ਕੇ ਹੱਸਣ ਲੱਗ ਪਏ। ਹੱਸਣ ਤੋਂ ਬਾਅਦ ਜਦੋਂ ਸਾਰਿਆਂ ਦਾ ਧਿਆਨ ਉਸ ਫ਼ਕੀਰ ਵੱਲ ਗਿਆ ਤਾਂ ਉਨ੍ਹਾਂ ਸੋਚਿਆ, ਸ਼ਾਇਦ ਮੇਰੀ ਤੌਹੀਨ ਕਰ ਰਿਹਾ ਹੈ। ਮੌਲਾਨਾ ਰੂਮੀ ਨੇ ਸ਼ਮਸ ਤਬਰੇਜ਼ ਵੱਲ ਦੇਖਿਆ ਤੇ ਕਹਿਣ ਲੱਗਾ, ਬਾਬਾ ! ਤੂੰ ਹੱਸਦਾ ਕਿਉਂ ਪਿਆ ਹੈਂ ? ਮੌਲਾਨਾ ਰੂਮੀ ਦੇ ਸ਼ਬਦ ਸੁਣ ਕੇ ਸ਼ਮਸ ਤਬਰੇਜ਼ ਕਹਿਣ ਲੱਗੇ, ਇਹ ਕੀ ਹੈ, ਜਿਹੜੇ ਕਾਗ਼ਜ਼ ਤੂੰ ਫੋਲੀ ਜਾਂਦਾ ਹੈਂ ? ਕਿਉਂ ਆਪਣੀ ਸਿਰ ਖਪਾਈ ਕਰਦਾ ਪਿਆ ਹੈਂ ? ਤਾਂ ਮੌਲਾਨਾ ਰੂਮੀ ਨੇ ਕਿਹਾ, ਬਾਬਾ ! ਮੈਨੂੰ ਪਹਿਲਾਂ ਹੀ ਤੇਰੇ ਕੱਪੜਿਆਂ ਤੋਂ ਲੱਗਦਾ ਪਿਆ ਸੀ ਕਿ ਤੂੰ ਮੰਗ ਕੇ ਖਾਣ ਵਾਲਾ ਮੰਗਤਾ ਹੈਂ। ਤੈਨੂੰ ਕੀ ਪਤਾ ਕਿ ਇਹ ਕਿਤਾਬਾਂ, ਇਹ ਗ੍ਰੰਥ ਕੀ ਹੈ ਤੇ ਜਿਹੜੇ ਤਾਲੀਮ ਲੈਣ ਮੇਰੇ ਕੋਲ ਬੈਠੇ ਹਨ, ਇਹ ਬੰਦੇ ਕਿੰਨੇ ਕੁ ਅੰਦਰੋਂ ਸਿਆਣੇ ਹਨ ? ਅਤੇ ਕਹਿਣ ਲੱਗਾ, ਜਾ ਬਾਬਾ, ਪਿੰਡ ਵਿਚੋਂ ਰੋਟੀ ਮੰਗ ਕੇ ਤੂੰ ਆਪਣਾ ਰਾਹ ਫੜ। ਇਹ ਉਹ ਕੁਝ ਹੈ, ਜਿਹੜਾ ਤੈਨੂੰ ਕਈ ਜਨਮ ਲੱਗ ਕੇ ਵੀ ਪਤਾ ਨਹੀਂ ਲੱਗਣਾ। ਸ਼ਮਸ ਤਬ੍ਰੇਜ਼ ਹੱਸ ਪਏ ਤੇ ਕਹਿਣ ਲੱਗੇ, ਅੱਛਾ, ਇਹ ਉਹ ਕੁਝ ਹੈ ਜਿਸ ਬਾਰੇ ਕੁਝ ਨਹੀਂ ਪਤਾ ਲੱਗਦਾ। ਕਹਿੰਦੇ ਹਨ, ਸ਼ਮਸ ਤਬਰੇਜ਼ ਨੇ ਜਦੋਂ ਅੱਖ ਭਰ ਕੇ ਉਸ ਦੇ ਹੱਥ ਵੱਲ ਤੱਕਿਆ ਤਾਂ ਮੌਲਾਨਾ ਰੂਮੀ ਦੇ ਹੱਥ ਵਿਚ ਫੜੀ ਹੋਈ ਕਿਤਾਬ ਨੂੰ ਅੱਗ ਲੱਗ ਗਈ। ਜਦੋਂ ਉਹ ਕਿਤਾਬ ਜਲਣ ਲੱਗ ਗਈ ਤਾਂ ਮੌਲਾਨਾ ਰੂਮੀ ਨੇ ਕਿਤਾਬ ਸੁੱਟ ਦਿੱਤੀ ਤੇ ਉੱਚੀ ਸਾਰੀ ਆਵਾਜ਼ ਵਿਚ ਕਹਿਣ ਲੱਗਾ, ਫ਼ਕੀਰ ! ਇਹ ਕੀ ? ਉਸ ਨੇ ਕਿਹਾ, ਤੂੰ ਵੀ ਸਾਰੀ ਜ਼ਿੰਦਗੀ ਕਿਤਾਬਾਂ ਦੇ ਗੱਡੇ ਢੋਈ ਜਾ। ਇਹ ਉਹ ਕੁਝ ਹੈ, ਜਿਹੜਾ ਕਰੋੜਾਂ ਜਨਮਾਂ ਤੋਂ ਬਾਅਦ ਵੀ ਤੈਨੂੰ ਸਮਝ ਨਹੀਂ ਪਵੇਗਾ। ਤੂੰ ਬਾਹਰ ਦੇ ਇਲਮ ਦਾ ਮਾਣ ਕਰੀ ਬੈਠਾ ਹੈਂ, ਤੈਨੂੰ ਅੰਦਰ ਦੇ ਖੇਡ ਦੀ ਸਮਝ ਨਹੀਂ। ਇਹ ਉਹ ਕੁਝ ਹੈ ਜਿਹੜਾ ਕਦੀ ਵੀ ਕਿਤਾਬਾਂ ਖੋਲ੍ਹ ਕੇ ਪਤਾ ਨਹੀਂ ਲੱਗਣਾ।

ਮੌਲਾਨਾ ਰੂਮੀ ਨੇ ਉਸ ਦਿਨ ਤੋਂ ਕਿਤਾਬਾਂ ਛੱਡ ਦਿੱਤੀਆਂ ਤੇ ਕਈ ਸਾਲ ਸ਼ਮਸ ਤਬਰੇਜ਼ ਸਾਹਿਬ ਦੇ ਨਾਲ ਰਿਹਾ। ਫਿਰ ਸ਼ਮਸ ਤਬਰੇਜ਼ ਸਾਹਿਬ ਨੇ ਕਈ ਸਾਲਾਂ ਤੋਂ ਬਾਅਦ ਅੰਦਰ ਦੀ ਖੇਡ ਦਾ ਜਾਣੂ ਬਣਾਇਆ। ਕਹਿੰਦੇ ਹਨ, ਮੌਲਾਨਾ ਰੂਮੀ ਨੇ ਬਾਅਦ ਵਿਚ ਆਪਣੇ ਨਾਮ ਪਿੱਛੇ ਤਬਰੇਜ਼ੀ ਸ਼ਬਦ ਲਗਾਇਆ। ਕਹਿੰਦੇ ਹਨ, ਮੌਲਾਨਾ ਰੂਮੀ ਦੀਆਂ ਕਿਤਾਬਾਂ ਵੱਲ ਸ਼ਮਸ ਤਬਰੇਜ਼ ਨੇ ਅੱਖਾਂ ਭਰ ਕੇ ਦੇਖਿਆ ਤਾਂ ਕਿਤਾਬਾਂ ਨੂੰ ਅੱਗ ਲੱਗ ਗਈ, ਇਵੇਂ ਹੀ ਜਦੋਂ ਕਮਾਈ ਵਾਲੇ ਦੀਆਂ ਅੱਖਾਂ ਵਿਚ ਰੱਬ ਵਰਸਦਾ ਹੈ ਤਾਂ ਉਸ ਦੀ ਨਦਰ ਕੇਵਲ ਉਹ ਹੀ ਝੱਲ ਸਕਦਾ ਹੈ ਜਿਹੜਾ ਰੱਬ ਦੀ ਕ੍ਰਿਪਾ ਦਾ ਪਾਤਰ ਬਣ ਤੁਰਿਆ ਹੋਵੇ।

ਸਾਹਿਬ ਕਹਿੰਦੇ ਹਨ, ਉਹ ਬਾਬੇ ਫ਼ਰੀਦ ਦੇ ਪਿੰਡ ਆਏ ਤੇ ਪੁੱਛਿਆ ਕਿ ਇਥੇ



Sri Satguru Jagjit Singh Ji eLibrary NamdhariElibrary@gmail.com

ਕੋਈ ਅੱਲ੍ਹਾ ਨੂੰ ਯਾਦ ਕਰਨ ਵਾਲਾ ਹੈ ? ਤਾਂ ਕਿਸੇ ਨੇ ਕਿਹਾ ਕਿ ਇਕ ਬੱਚਾ ਹੈ, ਜਿਸ ਨੂੰ ਜ਼ਬਾਨੀ ਕੁਰਾਨ ਕੰਠ ਹੈ ਤਾਂ ਕਹਿਣ ਲੱਗੇ, ਬੁਲਾਉ ਉਸ ਨੂੰ ਮੇਰੇ ਕੋਲ। ਜਦੋਂ ਬਾਬਾ ਜੀ ਨੇ ਬੁਲਾਇਆ ਤਾਂ ਉਸ ਵੇਲੇ ਮੌਲਾਨਾ ਰੂਮੀ ਸਾਹਿਬ ਨੇ ਇਕ ਅਨਾਰ ਆਪਣੀ ਜੇਬ ਵਿੱਚੋਂ ਕੱਢਿਆ। ਕਹਿਣ ਲੱਗੇ, ਬੇਟਾ ! ਇਹ ਅਨਾਰ ਸਾਰਿਆਂ ਨੂੰ ਵੰਡ ਦੇ। ਬੱਚੇ ਨੇ ਅਨਾਰ ਲਿਆ ਤੇ ਉਸ ਨੂੰ ਛਿੱਲ ਕੇ ਇਕ-ਇਕ ਦਾਨਾ ਸਾਰਿਆਂ ਦੀ ਤਲੀ 'ਤੇ ਰੱਖਿਆ। ਇਕ ਦਾਨਾ ਜ਼ਮੀਨ 'ਤੇ ਡਿੱਗ ਪਿਆ। ਸਾਰਾ ਅਨਾਰ ਵੰਡਣ ਤੋਂ ਬਾਅਦ ਉਸ ਬੱਚੇ ਦੇ ਮਨ ਵਿਚ ਆਇਆ ਕਿ ਮੈਂ ਜ਼ਮੀਨ 'ਤੇ ਡਿੱਗਾ ਹੋਇਆ ਦਾਨਾ ਹੀ ਆਪਣੇ ਮੂੰਹ ਵਿਚ ਪਾ ਲੈਂਦਾ ਹਾਂ। ਜਦੋਂ ਮਿੱਟੀ ਨਾਲ ਭਰੇ ਹੋਏ ਦਾਣੇ ਨੂੰ ਚੁੱਕ ਕੇ ਉਸ ਨੇ ਆਪਣੇ ਮੂੰਹ ਵਿਚ ਪਾਇਆ ਤਾਂ ਇਕੋ ਦਮ ਅੰਦਰ ਦਾ ਰਸ ਆਇਆ ਤੇ ਫੁਰਨਾ ਬਣ ਗਿਆ ਕਿ ਮੇਰੇ ਹੱਥ ਵਿਚ ਅਨਾਰ ਆਇਆ ਸੀ ਤੇ ਮੈਂ ਸਾਰਿਆਂ ਨੂੰ ਦਾਣੇ ਵੰਡ ਦਿੱਤੇ। ਕਿੰਨਾ ਚੰਗਾ ਹੁੰਦਾ ਕਿ ਮੈਂ ਕੁਝ ਦਾਣੇ ਬਚਾਅ ਲੈਂਦਾ। ਨਾਲ ਹੀ ਮੌਲਾਨਾ ਸਾਹਿਬ ਉੱਚੀ ਸਾਰੀ ਕਹਿਣ ਲੱਗੇ, ਬੇਟਾ ! ਅਨਾਰ ਦਾ ਫੁਰਨਾ ਨਹੀਂ ਬਣਾਈਦਾ। ਚੇਤੇ ਰੱਖੀਂ, ਦਾਣੇ ਸੈਂਕੜੇ ਹੁੰਦੇ ਹਨ, ਪਰ ਕੰਮ ਦਾ ਇੱਕੋ ਹੁੰਦਾ ਹੈ। ਜਿਹੜਾ ਕੰਮ ਦਾ ਸੀ, ਉਹ ਤੇਰੇ ਮੂੰਹ ਵਿਚ ਪੈ ਗਿਆ। ਕਹਿੰਦੇ ਹਨ, ਫੁਰਨਾ ਨਾ ਬਣਾ, ਮੈਂ ਤੇਰੇ ਲਈ ਲੈ ਕੇ ਆਇਆ ਸਾਂ। ਜਿਹੜਾ ਤੇਰੇ ਮਤਲਬ ਦਾ ਸੀ, ਉਹ ਧਰਤੀ 'ਤੇ ਡਿੱਗਾ, ਤੂੰ ਮੂੰਹ ਵਿਚ ਪਾਇਆ ਤੇ ਤੇਰੇ ਅੰਦਰ ਅਸਰ ਹੋ ਗਿਆ। ਬਾਕੀ ਵੱਲ ਨਾ ਧਿਆਨ ਲਿਜਾਈਂ, ਕਿਉਂਕਿ ਦਾਣਾ ਕੇਵਲ ਇਕੋ ਕੰਮ ਵਾਲਾ ਹੁੰਦਾ ਹੈ।

ਸਾਹਿਬ ਕਹਿੰਦੇ ਹਨ, ਕਿਉਂ ਨਹੀਂ ਸਾਡੇ ਜੀਵਨ ਬਣਦੇ, ਕਿਉਂਕਿ ਅਸੀਂ ਬਾਹਰ 'ਤੇ ਜ਼ੋਰ ਲਗਾਈ ਬੈਠੇ ਹਾਂ, ਅੰਦਰ 'ਤੇ ਨਹੀਂ। ਜਿਹੜੇ ਅੰਦਰੋਂ ਕੱਟੇ ਜਾਣ, ਉਹ ਕਦੀ ਵੀ ਉੱਚੇ ਨਹੀਂ ਉੱਠ ਸਕਦੇ। ਚੀਲ ਦਾ ਰੁੱਖ 250 ਫੁੱਟ ਓਚਾ ਉਠਦਾ ਹੈ, ਪਰ ਜੇਕਰ ਕੋਈ ਬੰਦਾ ਉਸ ਰੁੱਖ ਨੂੰ ਗਮਲੇ ਵਿਚ ਲਗਾ ਕੇ ਉਸ ਦੀਆਂ ਜੜ੍ਹਾਂ ਰੋਜ਼ ਕੱਟੀ ਜਾਵੇ ਤਾਂ ਉਹ ਰੁੱਖ ਕੇਵਲ ਡੇਢ ਫੁੱਟ ਰਹਿੰਦਾ ਹੈ। ਸੁਆਮੀ ਰਾਮ ਤੀਰਥ ਨੇ ਸ਼ਾਹੀ ਮਹਿਲਾਂ ਵਿਚ ਪੁੱਛਿਆ ਸੀ ਕਿ ਗਮਲੇ ਵਿਚ ਰੁੱਖ ਜਿਹੜਾ 250 ਫੁੱਟ ਉੱਚਾ ਉਠ ਸਕਦਾ ਹੈ ਤੇ ਉਸ ਦਾ ਕੱਦ ਸਿਰਫ਼ ਡੇਢ ਫੁੱਟ। ਤਾਂ ਮਾਲੀ ਨੇ ਕਿਹਾ ਕਿ ਦਹਾਕਿਆਂ ਦਾ ਰੁੱਖ ਹੈ। ਮੇਰੇ ਤੋਂ ਪਹਿਲਾਂ ਵੀ ਮਾਲੀ ਨੇ ਪਾਲਿਆ ਸੀ ਤੇ ਉਸ ਤੋਂ ਪਹਿਲਾਂ ਵੀ ਕਿਸੇ ਮਾਲੀ ਨੇ ਪਾਲਿਆ ਸੀ। ਇਹ ਸ਼ਾਹੀ ਮਹਿਲਾਂ ਵਿਚ ਕਈ ਸਾਲਾਂ ਤੋਂ ਹੈ। ਉਸ ਨੇ ਕਿਹਾ ਕਿ ਫਿਰ ਉੱਚਾ ਕਿਉਂ ਨਾ ਉਠਿਆ ? ਉਸ ਨੇ ਗਮਲਾ ਚੁੱਕ ਕੇ ਕਿਹਾ, ਥੱਲੇ ਦੇਖੋ। ਜਦੋਂ ਥੱਲੇ ਜੜ੍ਹ ਜਾਣ ਲੱਗਦੀ ਹੈ ਤਾਂ ਅਸੀਂ ਕੱਟ ਦਿੰਦੇ ਹਾਂ। ਜਿਸ ਦੀਆਂ ਜੜ੍ਹਾਂ ਕੱਟੀਆਂ ਜਾਣ, ਉਹ ਉੱਚਾ ਕਦੀ ਵੀ ਉਠ ਨਹੀਂ ਸਕਦਾ। ਸਾਹਿਬ ਕਹਿੰਦੇ ਹਨ, ਜਿੰਨਾ ਕੋਈ ਧਰਮ ਨੂੰ ਆਪਣੇ ਅੰਦਰੋਂ ਕਮਾ ਕੇ ਚਲਦਾ ਹੈ, ਕੌਮਾਂ ਓਨੀਆਂ ਜ਼ਿਆਦਾ ਉੱਚੀਆਂ ਤਰੱਕੀ



Sri Satguru Jagjit Singh Ji eLibrary NamdhariElibrary@gmail.com

ਕਰਦੀਆਂ ਹਨ। ਜਿਨ੍ਹਾਂ ਦੀਆਂ ਅੰਦਰੋਂ ਰੋਜ਼ ਜੜ੍ਹਾਂ ਕੱਟੀਆਂ ਜਾਣ, ਬਾਹਰੋਂ ਰੌਲਾ ਪਾਈ ਜਾਣ ਤਾਂ ਉਹ ਕਦੀ ਛਾਵਾਂ ਨਹੀਂ ਦਿੰਦੇ। ਧਰਮ ਅੰਦਰ ਦਾ ਜੀਵਨ ਹੈ, ਧਰਮ ਬਾਹਰ ਦੀਆਂ ਬਾਤਾਂ ਨਹੀਂ।

ਸਾਹਿਬ ਕਹਿੰਦੇ ਹਨ, ਲੂਣ ਤੇ ਖੰਡ ਦਾ ਰੰਗ ਇਕੋ ਜਿਹਾ ਹੈ। ਲੂਣ ਦੀ ਡਲੀ ਲੈ ਕੇ ਕੋਈ ਮੈਦਾਨ ਵਿਚ ਰੱਖਦਾ ਹੈ। ਕਈ ਦਿਨ ਉਹ ਬਾਹਰ ਪਈ ਰਹੇ, ਕਦੀ ਵੀ ਕੋਈ ਕੀੜੀ ਉਸ ਵੱਲ ਨਹੀਂ ਆਵੇਗੀ, ਪਰ ਕਹਿੰਦੇ ਹਨ, ਜੇ ਉਸ ਦੇ ਰੰਗ ਵਾਲੇ ਮਿੱਠੇ ਨੂੰ ਮੈਦਾਨ ਵਿਚ ਰੱਖਣ ਦੀ ਬਜਾਏ ਕਿਸੇ ਘਰ ਦੀ ਨੁੱਕਰ ਵਿਚ ਲੁਕਾ ਕੇ ਰੱਖ ਦਿਉ ਤਾਂ ਕੀੜੀਆਂ ਨੂੰ ਦੱਸਣ ਦੀ ਲੋੜ ਨਹੀਂ, ਕਿਉਂਕਿ ਮਿੱਠਾ ਹੋਵੇਗਾ ਤਾਂ ਕੀੜੀਆਂ ਕਤਾਰਾਂ ਬਣਾ ਕੇ ਆਪਣੇ ਅਪਾ ਹੀ ਪਹੁੰਚ ਜਾਣਗੀਆਂ। ਸਾਹਿਬ ਕਹਿੰਦੇ ਹਨ, ਕਈ ਵਾਰੀ ਲੋਕ ਧਰਮ ਦਾ ਲਿਬਾਸ ਦਾ ਭੁਲੇਖਾ ਪਾਉਂਦੇ ਹਨ। ਲੂਣ ਦਾ ਰੰਗ ਵੀ ਚਿੱਟਾ ਤੇ ਖੰਡ ਦਾ ਰੰਗ ਵੀ ਚਿੱਟਾ ਹੈ। ਲੂਣ ਦੇ ਨੇੜੇ ਕੀੜੀਆਂ ਕਦੀ ਨਹੀਂ ਆਉਂਦੀਆਂ, ਕਿਉਂਕਿ ਉਸ ਦੀ ਤਾਸੀਰ ਵਿਚ ਮਿਠਾਸ ਨਹੀਂ, ਪਰ ਖੰਡ ਦੀ ਤਸੀਰ ਮਿੱਠੀ ਹੈ। ਸਾਹਿਬ ਕਹਿਣ ਲੱਗੇ, ਸੱਜਣਾ ! ਨਾਮ ਦਾ ਰੱਸ ਚੱਖ ਤਾਂ ਸਹੀ, ਤੇਰੇ ਅੰਦਰ ਮਿਠਾਸ ਪੈਦਾ ਹੋਵੇਗੀ ਤੇ ਜਗਿਆਸੂ ਆਪਣੇ ਆਪ ਹੀ ਪਹੁੰਚ ਜਾਣਗੇ। ਸਾਹਿਬ ਕਹਿੰਦੇ ਹਨ, ਜੇਕਰ ਕੋਈ ਦੀਵੇ ਦੀ ਤਸਵੀਰ ਬਣਾ ਕੇ ਹਨੇਰੇ ਵਿਚ ਟੰਗ ਦੇਵੇ ਤੇ ਲੱਗੇ ਕਿ ਤਸਵੀਰ ਵਿਚ ਦੀਪਕ ਬਲਦਾ ਪਿਆ ਹੈ ਕਿ ਪਤੰਗੇ ਆ ਕੇ ਉਸ ਦੀਵੇ ਦੀ ਪ੍ਰਕਰਮਾ ਕਰਨਗੇ। ਜਿੰਨੀਆਂ ਮਰਜ਼ੀ ਘਰ ਦੀਆਂ ਦੀਵਾਰਾਂ 'ਤੇ ਬਲਦੇ ਹੋਏ ਦੀਵੇ ਦੀਆਂ ਫ਼ੋਟੋ ਲਟਕਾ ਦੇ, ਕਦੀ ਕੋਈ ਪਤੰਗਾ ਨਹੀਂ ਆਵੇਗਾ, ਪਰ ਮਿੱਟੀ ਦਾ ਪੁਰਾਣਾ ਦੀਵਾ ਤੇਲ ਪਾ ਕੇ ਬਾਲ, ਭਾਵੇਂ ਤਹਿਖ਼ਾਨੇ ਵਿਚ ਬਾਲੀਂ, ਪਤੰਗੇ ਆਪਣੇ ਆਪ ਹੀ ਪਹੁੰਚ ਜਾਣਗੇ। ਦੀਵਾ ਬਲੇਗਾ ਤਾਂ ਹੀ ਪਤੰਗੇ ਆਉਣਗੇ, ਰਸ ਬਣੇਗਾ ਤਾਂ ਕੀੜੀਆਂ ਆਉਣਗੀਆਂ।

ਸਾਹਿਬ ਕਹਿੰਦੇ ਹਨ, ਸਾਰਾ ਸਾਲ ਪਾਣੀ ਨਾਲ ਸਰੋਵਰ ਭਰਿਆ ਰਹਿੰਦਾ ਹੈ, ਅੱਠ-ਨੌਂ ਮਹੀਨੇ ਪਾਣੀ ਛਲਕਦਾ ਹੈ, ਪਰ ਕਦੀ ਕਿਸੇ ਨੇ ਇਕੱਲੇ ਪਾਣੀ ਉੱਪਰ ਭੰਵਰਿਆਂ ਨੂੰ ਪ੍ਰਕਰਮਾਂ ਕਰਦਿਆਂ ਨਹੀਂ ਦੇਖਿਆ। ਜਿਸ ਦਿਨ ਮਿੱਟੀ ਜਾਂ ਪਾਣੀ ਵਿੱਚੋਂ ਕਮਲ ਦਾ ਫੁੱਲ ਨਿਕਲਦਾ ਹੈ ਤਾਂ ਭੰਵਰੇ ਖ਼ੁਦ-ਬ-ਖ਼ੁਦ ਪ੍ਰਕਰਮਾ ਕਰਦੇ ਹਨ, ਮਿੱਠੇ ਗੀਤ ਗਾਉਂਦੇ ਹਨ। ਭਾਈ ਸਾਹਿਬ ਕਹਿੰਦੇ ਹਨ, ਗੁਰਮੁਖਾ ! ਰਸ ਪੈਦਾ ਕਰ, ਕੀੜੀਆਂ ਆਪਣੇ ਆਪ ਆਉਣਗੀਆਂ। ਅੰਦਰ ਦਾ ਦੀਵਾ ਬਾਲ, ਪਤੰਗੇ ਆਪਣੇ ਆਪ ਆਉਣਗੇ। ਅੰਦਰ ਨਾਮ ਦੀ ਸੁਗੰਧੀ ਦਾ ਫੁੱਲ ਖਿੜ ਜਾਵੇ ਤਾਂ ਭੰਵਰੇ ਆਪਣੇ ਆਪ ਆ ਜਾਣਗੇ। ਜਿਸ ਦਿਨ ਤੇਰੇ ਅੰਦਰ ਨਾਮ ਦਾ ਰਸ, ਨਾਮ ਦੀ ਸੁਗੰਧੀ ਤੇ ਨਾਮ ਦਾ ਚਾਨਣ ਹੋ ਗਿਆ, ਉਸ ਦਿਨ ਗੁਰਮੁਖਾਂ ਦੇ ਦਰਵਾਜ਼ੇ 'ਤੇ ਲੋਕਾਂ ਨੇ ਭੀੜ ਲਗਾ ਕੇ ਵੀ ਉਸ ਦੇ ਦਰਸ਼ਨਾਂ ਲਈ ਤਾਂਘਣਾ ਹੈ। ਸਾਹਿਬ ਕਹਿੰਦੇ ਹਨ, ਜੇ ਤੇਰੇ ਅੰਦਰ ਰਸ ਬਣ



Sri Satguru Jagjit Singh Ji eLibrary NamdhariElibrary@gmail.com

ਗਿਆ ਤਾਂ ਸਾਰੀ ਦੁਨੀਆਂ ਆ ਕੇ ਝੁੱਕੇਗੀ। ਸਾਹਿਬ ਕਹਿੰਦੇ ਹਨ, ਜੇ ਬੰਦਾ ਬਾਹਰੋਂ ਧਰਮੀ ਦਾ ਲਿਬਾਸ ਪਾਈ ਬੈਠੇ, ਪਰ ਅੰਦਰੋਂ ਧਰਮੀ ਨਹੀਂ ਤਾਂ ਉਹ ਕੁਕਰਮੀ ਨਾਲੋਂ ਜ਼ਿਆਦਾ ਭੈੜਾ ਹੈ।

ਸਾਹਿਬ ਕਹਿੰਦੇ ਹਨ, ਹਨੇਰਾ ਕਿਸੇ ਦੀ ਪ੍ਰਵਾਹ ਨਹੀਂ ਕਰਦਾ। ਰਾਜਾ ਵੀ ਠੋਕਰਾਂ ਖਾਂਦਾ ਹੈ ਤੇ ਗ਼ਰੀਬ ਵੀ ਠੋਕਰਾਂ ਖਾਂਦਾ ਹੈ। ਸਾਹਿਬ ਕਹਿੰਦੇ ਹਨ, ਕਾਲਾ ਹਨੇਰਾ ਬਹੁਤ ਚੰਗਾ ਹੈ, ਜਿਹੜਾ ਦੀਵਾ ਬਾਲਣ 'ਤੇ ਦੂਰ ਚਲਾ ਜਾਂਦਾ ਹੈ, ਪਰ ਚਿੱਟਾ ਹਨੇਰਾ ਕਾਲੇ ਨਾਲੋਂ ਵੱਧ ਖ਼ਤਰਨਾਕ ਹੈ। ਉਹ ਬਾਹਰੋਂ ਚਿੱਟਾ ਨਜ਼ਰ ਆਉਂਦਾ ਹੈ, ਪਰ ਲਾਗੇ ਜਾਉ ਤਾਂ ਉਹ ਬੰਦੇ ਨੂੰ ਮਾਰ ਕੇ ਰੱਖ ਦਿੰਦਾ ਹੈ। ਧੁੰਦ ਇਕ ਹਨੇਰਾ ਹੈ। ਫ਼ਰਕ ਸਿਰਫ਼ ਇੰਨਾ ਹੈ ਕਿ ਇਸ ਦਾ ਰੰਗ ਚਿੱਟਾ ਹੈ ਤੇ ਰਾਤ ਦੇ ਹਨੇਰੇ ਦਾ ਰੰਗ ਕਾਲਾ ਹੈ। ਕਾਲਾ ਹਨੇਰਾ ਇੰਨਾ ਮਾੜਾ ਨਹੀਂ, ਜਿੰਨਾ ਚਿੱਟਾ ਹਨੇਰਾ ਮਾੜਾ ਹੈ। ਕਾਲੇ ਹਨੇਰੇ ਵਿਚ ਗੱਡੀ ਦੀਆਂ ਬੱਤੀਆਂ ਚੀਰ ਕੇ ਰਾਹ ਲੱਭਣਗੀਆਂ, ਪਰ ਧੁੰਦ ਪਈ ਹੋਈ ਕਈ ਵਾਰੀ ਤਾਂ ਸੂਰਜ ਦੀ ਵੀ ਪੇਸ਼ ਨਹੀਂ ਜਾਂਦੀ। ਕਈ ਵਾਰੀ ਧੁੰਦ ਵਿਚ ਲੋਕ ਆਪਣੀਆਂ ਜਾਨਾਂ ਗੁਆ ਬੈਠਦੇ ਹਨ।

ਸਾਹਿਬ ਕਹਿੰਦੇ ਹਨ ਕਿ ਇਕ ਬੰਦਾ ਕੁਕਰਮੀ ਹੈ। ਸ਼ਰ੍ਹੇਆਮ ਦਿੱਸਦਾ ਹੈ ਕਿ ਇਸ ਦੀ ਜ਼ਿੰਦਗੀ ਵਿਚ ਕਾਲਖ ਹੈ, ਪਰ ਦੂਸਰਾ ਉਸ ਧੁੰਦ ਦੀ ਤਰ੍ਹਾਂ ਹੈ, ਲਿਬਾਸ ਚਿੱਟਾ ਪਾ ਕੇ ਭੁਲੇਖਾ ਪਾਉਂਦਾ ਹੈ ਕਿ ਮੈਂ ਧਰਮੀ ਹਾਂ। ਦੂਰੋਂ ਦੇਖ ਕੇ ਲੱਗਦਾ ਹੈ ਕਿ ਧੁੰਦ ਦਾ ਰੰਗ ਚਿੱਟਾ ਹੈ। ਮੱਸਿਆ ਦੀ ਰਾਤ ਵੀ ਧੁੰਦ ਪਈ ਹੋਵੇ ਤਾਂ ਚਿੱਟਾਪਨ ਨਜ਼ਰ ਆਉਂਦਾ ਹੈ, ਪਰ ਕਹਿੰਦੇ ਹਨ, ਨੇੜੇ ਜਾ ਕੇ ਦੇਖੋ, ਉਹ ਚਿੱਟਾ ਰੰਗ ਇੰਨਾ ਖ਼ਤਰਨਾਕ ਹੈ ਕਿ ਬੰਦੇ ਨੂੰ ਡੁਬੋ ਕੇ ਰੱਖ ਦਿੰਦਾ ਹੈ।

ਸਾਹਿਬ ਕਹਿੰਦੇ ਹਨ, ਇਕੱਲੇ ਜੰਞੂ ਦਾ ਕੋਈ ਫ਼ਾਇਦਾ ਨਹੀਂ ਜੇ ਪਿਆਰਿਆ ! ਤੂੰ ਕਥਾ ਵੀ ਕਰਦਾ ਹੈਂ, ਅਰਥ ਵੀ ਕਰਦਾ ਹੈਂ, ਲੋਕ ਸੁਣਦੇ ਵੀ ਹਨ, ਪਰ ਜੇਕਰ ਤੂੰ ਕਥਾ ਕਰਦਿਆਂ ਵੀ ਗ਼ਰੀਬ ਬੰਦੇ ਦੇ ਨੇੜੇ ਨਹੀਂ ਢੁੱਕਦਾ ਤੇ ਅਮੀਰ ਦੇ ਘਰ ਪੋਥੀ ਲਿਜਾ ਕੇ ਕਹਿੰਦਾ ਹੈਂ, ਅੱਜ ਮੈਂ ਤੁਹਾਨੂੰ ਸੁਖਮਨੀ ਸਾਹਿਬ ਸੁਣਾਉਣ ਆਇਆ ਹਾਂ। ਕਦੀ ਤੈਨੂੰ ਲਾਲੋ ਦੀ ਝੁੱਗੀ ਵਿਚ ਸੁਖਮਨੀ ਸਾਹਿਬ ਚੇਤੇ ਨਹੀਂ ਆਇਆ। ਇਸ ਤਰੀਕੇ ਨਾਲ ਤੂੰ ਤਰ ਜਾਵੇਂਗਾ। ਅਮੀਰ ਦੇ ਘਰ ਪੋਥੀਆਂ ਪੜ੍ਹਨ ਜਾਂਦਾ ਹੈਂ, ਮਾਲਾ ਫੇਰਦਾ ਹੈਂ। ਇਸ ਨਾਲ ਤੈਨੂੰ ਚਾਰ ਟੱਕੇ ਮਿਲ ਸਕਦੇ ਹਨ, ਪਰ ਰੱਬ ਤੈਨੂੰ ਨਹੀਂ ਮਿਲਣਾ ਤੇ ਜਿਸ ਦੇ ਘਰ ਗਿਆ ਹੈਂ, ਉਸ ਨੂੰ ਵੀ ਨਹੀਂ ਮਿਲਣਾ, ਕਿਉਂਕਿ ਦੋਨਾਂ ਦੀ ਨੀਅਤ ਰਾਸ ਨਹੀਂ। ਇਸ ਤਰ੍ਹਾਂ ਕੋਈ ਵੀ ਨਹੀਂ ਤਰਿਆ। ਸਾਹਿਬ ਕਹਿੰਦੇ ਹਨ :

**ਕੰਨਿ ਮੁਸਲਾ**



Sri Satguru Jagjit Singh Ji eLibrary NamdhariElibrary@gmail.com

ਮੋਢੇ 'ਤੇ ਉਹ ਕੱਪੜਾ ਰੱਖ ਲਿਆ, ਜਿਸ ਨੂੰ ਵਿਛਾ ਕੇ ਨਮਾਜ਼ ਪੜ੍ਹਨੀ ਹੈ ਤੇ :

**ਸੂਫੁ ਗਲਿ**

ਗਲ ਦੇ ਵਿਚ ਸੂਫ਼ੀਆਂ ਵਾਲਾ ਚੋਲਾ ਵੀ ਪਾ ਲਿਆ,

**ਦਿਲਿ ਕਾਤੀ ਗੁੜੁ ਵਾਤਿ॥**

ਜ਼ਬਾਨ ਵਿਚ ਗੁੜ ਵਰਗੀ ਮਿਠਾਸ ਹੈ, ਪਰ ਦਿਲ ਵਿਚ ਕੈਂਚੀਆਂ ਹਨ। ਸਾਹਿਬ ਕਹਿੰਦੇ ਹਨ, ਜਿੰਨਾ ਬੰਦਾ ਬਾਹਰੋਂ ਦਾਅਵੇ ਕਰਦਾ ਹੈ, ਉੱਨਾ ਕਈ ਵਾਰੀ ਡਰ ਲੱਗਣ ਲੱਗਦਾ ਹੈ ਕਿ ਕਿਤੇ ਸ਼ੱਕ ਦੇ ਘੇਰੇ ਵਿਚ ਤਾਂ ਨਹੀਂ। ਸਾਹਿਬ ਕਹਿੰਦੇ ਹਨ, ਬਾਹਰੋਂ ਤਾਂ ਭੇਖ, ਪਰ ਅੰਦਰ ਕੈਂਚੀਆਂ। ਕਹਿੰਦੇ ਹਾਂ, ਕਪਟ ਨਹੀਂ ਕਰਨਾ, ਛੱਲ ਨਹੀਂ ਕਰਨਾ, ਫਰੇਬ ਨਹੀਂ ਕਰਨਾ ਤੇ ਅਸੀਂ ਧਰਮ ਸਥਾਨ 'ਤੇ ਬੈਠੇ ਹੋਏ ਇਕ ਦੂਸਰੇ ਦੀਆਂ ਜੜ੍ਹਾਂ ਕੱਟਣ ਤੋਂ ਕਦੀ ਕੰਨੀ ਨਹੀਂ ਕਤਰਾਉਂਦੇ। ਸਾਹਿਬ ਕਹਿੰਦੇ ਹਨ, ਗਾਂ ਦਾ ਵੱਛਾ ਸਾਰਾ ਦਿਨ ਕਿੱਲੇ 'ਤੇ ਬੰਨ੍ਹਿਆ ਰਹਿੰਦਾ ਹੈ। ਅਸੀਂ ਸਵੇਰੇ ਜਾਂ ਸ਼ਾਮ ਨੂੰ ਉਸ ਨੂੰ ਖੋਲ੍ਹਦੇ ਹਾਂ। ਉਹ ਦਸ ਘੰਟੇ ਮਾਂ ਤੋਂ ਦੂਰ ਰਹਿ ਕੇ ਸਵੇਰੇ-ਸ਼ਾਮ ਆਉਂਦਾ ਸੀ। ਮਾਂ ਦਾ ਥਣ ਮੂੰਹ ਵਿਚ ਪਾਉਣਾ, ਅੰਮ੍ਰਿਤ ਵਰਗਾ ਦੁੱਧ ਪੀ ਕੇ ਚਲੇ ਜਾਣਾ, ਪਰ ਬਦਕਿਸਮਤ ਚਿੱਚੜ ਸਾਰਾ ਦਿਨ ਥਣ ਦੇ ਨੇੜੇ ਰਹਿੰਦਾ ਹੈ, ਪਰ ਦੁੱਧ ਨਹੀਂ ਪੀਂਦਾ, ਕੇਵਲ ਖ਼ੂਨ ਹੀ ਪੀਂਦਾ ਹੈ। ਸਾਹਿਬ ਕਹਿੰਦੇ ਹਨ, ਮੋਢੇ ਉੱਤੇ ਕੱਪੜਾ ਰੱਖ ਲਿਆ ਕਿ ਜਿੱਥੇ ਸਮਾਂ ਬਣੇਗਾ, ਨਮਾਜ਼ ਪੜ੍ਹਨੀ ਹੈ। ਇਹ ਵੀ ਕੰਮ ਕੀਤਾ ਕਿ ਕੱਪੜਿਆਂ ਨੂੰ ਮਲ ਮੂਤਰ ਨਹੀਂ ਲੱਗਣ ਦੇਣਾ, ਗੰਦਗੀ ਨਹੀਂ ਲੱਗਣ ਦੇਣੀ, ਕਿਉਂਕਿ ਕੱਪੜੇ ਨਾ ਪਲੀਤ ਹੋ ਜਾਣ। ਸਾਹਿਬ ਕਹਿੰਦੇ ਹਨ ਕਿ ਬਾਹਰ ਦਾ ਮੁਸੱਲਾ ਵੀ ਧੋਤਾ ਹੈ, ਕੱਪੜੇ ਵੀ ਧੋਤੇ ਹਨ। ਬਾਹਰ ਦੇ ਮੁਸੱਲੇ 'ਤੇ ਬੈਠ ਕੇ ਤੂੰ ਨਮਾਜ਼ ਪੜ੍ਹਨੀ ਹੈ। ਕਦੀ ਅੰਦਰ ਦਿਲ ਵਾਲੇ ਮੁਸੱਲੇ ਵਿਚ ਝਾਤੀ ਮਾਰ ਕੇ ਦੇਖ, ਜਿਸ 'ਤੇ ਰੱਬ ਨੇ ਬੈਠਣਾ ਹੈ, ਉਹ ਤਾਂ ਸਾਰਾ ਖ਼ੂਨ ਨਾਲ ਭਰਿਆ ਪਿਆ ਹੈ। ਸਾਹਿਬ ਕਹਿਣ ਲੱਗੇ :

**ਬਾਹਰਿ ਦਿਸੈ ਚਾਨਣਾ**

ਬਾਹਰ ਚਾਨਣ ਬੜਾ ਸੀ ਪਰ :

**ਦਿਲਿ ਅੰਧਿਆਰੀ ਰਾਤਿ॥**

ਅੰਦਰ ਹਨੇਰਾ ਸੀ, ਬਾਹਰ ਚਾਨਣ, ਬਾਹਰ ਲਿਬਾਸ, ਬਾਹਰ ਗੱਲਾਂ, ਬਾਹਰ ਸ਼ਬਦ, ਪਰ ਅੰਦਰ ਜਦੋਂ ਕਿਸੇ ਨੇ ਝਾਤੀ ਮਾਰੀ ਤਾਂ ਅਗਿਆਨਤਾ ਦਾ ਹਨੇਰਾ ਸੀ। ਅੰਦਰ ਪ੍ਰੇਮ ਨਹੀਂ, ਅੰਦਰ ਸ਼ਰਧਾ ਨਹੀਂ, ਅੰਦਰ ਭਾਵਨੀ ਨਹੀਂ। ਇਹੋ ਹੀ ਕਾਰਨ ਹੈ ਕਿ ਜਦੋਂ ਇਹੋ ਜਿਹੇ ਲੋਕਾਂ ਦੀ ਬਹੁਗਿਣਤੀ ਹੋ ਜਾਵੇ ਤਾਂ ਜਣਾ ਖਣਾ ਬੰਦਾ ਵੀ ਧਰਮ ਕਮਾਉਣ ਤੋਂ ਪਹਿਲਾਂ ਅਨੇਕਾਂ ਤਰ੍ਹਾਂ ਦੇ ਕਟਾਖਸ਼ ਕਰਦਾ ਹੈ। ਸਾਹਿਬ ਕਹਿੰਦੇ ਹਨ, ਇਹ ਸੱਚ ਹੈ ਕਿ ਜਿੱਥੇ ਬਾਣੀ ਨੇ ਕਮਾਈ ਵਾਲਿਆਂ ਦਾ ਅਦਬ ਕੀਤਾ, ਉਥੇ ਭੇਖੀਆਂ



Sri Satguru Jagjit Singh Ji eLibrary NamdhariElibrary@gmail.com

ਤੇ ਪਾਖੰਡੀਆਂ ਦਾ ਪਾਜ ਵੀ ਉਘਾੜਿਆ ਹੈ। ਸਾਹਿਬ ਕਹਿੰਦੇ ਹਨ ਕਿ ਬੜੀ ਕੀਮਤੀ ਜ਼ਿੰਦਗੀ ਮਿਲੀ ਹੈ, ਕਿਤੇ ਸਾਰੀ ਜ਼ਿੰਦਗੀ ਪਾਖ਼ਾਨੇ ਵਿਚ ਗਰਕ ਨਾ ਹੋ ਜਾਵੇ।

ਧਨੀ ਰਾਮ ਚਾਤ੍ਰਿਕ ਨੇ ਕਿਹਾ ਸੀ ਕਿ ਲੋਕ ਕਿਉਂ ਸਾਡੇ 'ਤੇ ਮਜ਼ਾਕ ਕਰਦੇ ਹਨ, ਕਿਉਂਕਿ ਅਸੀਂ ਧਰਮ ਦਾ ਭੇਖ ਬਣਾ ਕੇ ਖ਼ੁਦ ਮਜ਼ਾਕ ਬਣੇ ਪਏ ਹਾਂ, ਕਿਉਂਕਿ ਅਸੀਂ ਗੁਰੂ ਦੀ ਗੱਲ ਨਹੀਂ ਮੰਨਦੇ। ਜੋ ਗੁਰੂ ਜੀ ਨੇ ਕਿਹਾ ਹੈ, ਉਸ ਨੂੰ ਕਮਾਉਣ ਦਾ ਯਤਨ ਕਰੀਏ ਤੇ ਖਿਨ-ਖਿਨ ਗੁਰੂ ਨੂੰ ਅੰਗ-ਸੰਗ ਜਾਣੀਏ ਕਿ ਗੁਰੂ ਮੇਰੇ ਨਾਲ ਹੈ, ਕੋਈ ਮਜ਼ਾਕ ਨਹੀਂ ਉਡਾਵੇਗਾ। ਸਾਹਿਬ ਕਹਿੰਦੇ ਹਨ ਕਿ ਜੇ ਇਕ ਕਮਾਈ ਵਾਲਾ ਪੈਦਾ ਹੋ ਜਾਵੇ ਤਾਂ ਉਹ ਕਰੋੜਾਂ ਦੇ ਮੂੰਹ ਘੁੰਮਾ ਕੇ ਰੱਖ ਦਿੰਦਾ ਹੈ। ਇਕ ਕੌਮ ਦੀ ਤਕਦੀਰ ਬਦਲ ਸਕਦਾ ਹੈ। ਮਾਨਵਤਾ ਦੀ ਤਕਦੀਰ ਬਦਲ ਸਕਦਾ ਹੈ, ਪਰ ਜਦੋਂ ਕੇਵਲ ਭੇਖ ਰਹਿ ਜਾਵੇ ਤਾਂ ਸਾਰੇ ਡੁੱਬ ਜਾਣਗੇ।

ਸਾਹਿਬ ਕਹਿੰਦੇ ਹਨ ਕਿ ਜੇਕਰ ਸਿੱਖ ਕਹਿਣ ਲੱਗ ਪਵੇ ਕਿ ਲੋਕ ਬਾਹਰੋਂ ਅਦਬ ਦਿੰਦੇ ਹਨ। ਤੇਰਾ ਕੋਈ ਬਾਹਰੋਂ ਸਤਿਕਾਰ ਕਰਦਾ ਹੈ ਤਾਂ ਇਕਾਂਤ ਵਿਚ ਰਹਿ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਖਲੋ ਕੇ ਕਹਿ ਦੇ—ਸੱਚੇ ਪਾਤਿਸ਼ਾਹ ! ਮੈਨੂੰ ਪਤਾ ਹੈ ਮੈਂ ਅੰਦਰੋਂ ਕੀ ਹਾਂ, ਮੈਨੂੰ ਲੋਕ ਤੇਰਾ ਸਮਝ ਲੱਗ ਪੈਣ, ਹੁਣ ਕ੍ਰਿਪਾ ਕਰੀਂ, ਪਰਦੇ ਪਾ ਕੇ ਆਪਣਾ ਬਣਾ ਲਈਂ। ਇੰਨੀਆਂ ਕੁ ਬੇਨਤੀਆਂ ਪ੍ਰਵਾਨ ਕਰਨੀਆਂ।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

★★★



Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਇਹੁ ਤਨੁ ਸਭੋ ਰਤੁ ਹੈ

ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ॥
ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ॥
ਮ: ੩॥ ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ॥
ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ॥
ਭੈ ਪਇਐ ਤਨੁ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ॥
ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ॥
ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ॥

(ਅੰਗ ੧੩੮੦)

ਪਰਮ ਸਨਮਾਨਯੋਗ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਇਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਪਹਿਲੇ ਭਗਤ ਭਾਈ ਫ਼ਰੀਦ ਜੀ ਹਨ। ਬਾਬਾ ਫ਼ਰੀਦ ਜੀ ਜਿਨ੍ਹਾਂ ਨੇ ਉਸ ਸਾਈਂ ਨੂੰ ਅੱਤ ਦਾ ਪਿਆਰ ਕੀਤਾ ਹੈ। ਬਿਰਹਾ ਦਾ ਕੁੱਠਿਆ ਹੋਇਆ ਇਹ ਮਹਾਂਪੁਰਸ਼, ਜਿਸ ਦੇ ਇਕ-ਇਕ ਸ਼ਬਦ ਦੇ ਵਿਚ ਰਸ ਹੈ ਤੇ ਉਹ ਰਸ ਜਦੋਂ ਕੋਈ ਉਸ ਭਾਵਨਾ ਨਾਲ ਬਾਬਾ ਜੀ ਦੇ ਸਲੋਕਾਂ ਨੂੰ ਪੜ੍ਹੇ ਤੇ ਉਸ ਰਸ ਉਸ ਦੀ ਰਸਨਾ ਨੂੰ ਵੀ ਆਉਣ ਲੱਗਦਾ ਹੈ। ਸਾਹਿਬ ਕਹਿੰਦੇ ਹਨ ਇਹ ਉਹ ਸੂਫ਼ੀ ਨਹੀਂ ਜਿਹੜਾ ਇਸਲਾਮ ਦੀ ਸ਼ਰ੍ਹਾ ਨੂੰ ਨਿੰਦਣ ਤੁਰ ਪਏ। ਬੁੱਲ੍ਹੇ ਸ਼ਾਹ ਨੇ ਕਿਹਾ ਸੀ ਕਿ ਨਮਾਜ਼ ਪੜ੍ਹ ਤੇ ਮੈਂ ਇਹ ਸੋਚਦਾ ਹਾਂ ਕਿ ਮੇਰੇ ਸਤਿਗੁਰੂ ਕਿੰਨੇ ਕੁ ਦਿਆਲੂ ਹਨ। ਉਨ੍ਹਾਂ ਨੇ ਕਿਸੇ ਈਰਖਾ ਦੇ, ਕਿਸੇ ਸੰਕੀਰਨਤਾ ਦੇ ਅਧੀਨ ਕੋਈ ਬਾਣੀ ਵਿਚ ਬਚਨ ਨਹੀਂ ਲਿਆ। ਇਥੇ ਇਕ ਦਰਵੇਸ਼ ਪ੍ਰਭਾਤ ਵੇਲੇ ਉੱਠ ਕੇ ਕਹਿੰਦਾ ਹੈ ਕਿ ਜਿਹੜਾ ਸਿਰ ਦੁਨੀਆਂ ਅੱਗੇ ਝੁੱਕਦਾ ਹੈ ਤੇ ਰੱਬ ਦੇ ਲਈ ਝੁੱਕਦਾ ਨਹੀਂ ਤਾਂ ਉਸ ਸਿਰ ਨੂੰ ਵੱਢ ਦਿਉ। ਉਸ ਸਿਰ ਨੂੰ ਕੀ ਕਰਨਾ ਹੈ ਜਿਹੜਾ ਕੇਵਲ ਖ਼ੁਸ਼ਾਮਦੀ ਬਣਿਆ ਬੈਠਾ ਹੈ। ਉਹ ਦਰਵੇਸ਼ ਰੱਬ 'ਤੇ ਭਰੋਸਾ ਕਰਕੇ ਜਿਊਣ ਵਾਲਾ ਹੈ। ਬਾਬਾ ਜੀ ਨੇ ਸਲੋਕ ਵਿਚ ਕਿਹਾ ਹੈ ਕਿ ਜਿਹੜਾ



Sri Satguru Jagjit Singh Ji eLibrary NamdhariElibrary@gmail.com

ਪ੍ਰਮਾਤਮਾ ਦੇ ਰੰਗ ਵਿਚ ਰਤੇ ਹੋਏ ਫ਼ਕੀਰ ਨੂੰ, ਸਾਈਂ ਦੇ ਨਾਮ ਵਿਚ ਭਿੱਜੇ ਹੋਏ ਦਰਵੇਸ਼ ਦੇ ਕਿਸੇ ਹਿੱਸੇ ਨੂੰ ਚੀਰਨ ਦਾ ਯਤਨ ਕਰੇ ਤਾਂ ਉਸ ਦਰਵੇਸ਼ ਦੇ ਸਰੀਰ ਵਿੱਚੋਂ ਖ਼ੂਨ ਨਹੀਂ ਨਿਕਲਦਾ। ਰਤੀ ਭਰ ਵੀ ਉਸ ਵਿੱਚੋਂ ਰਤ ਨਹੀਂ ਨਿਕਲਦਾ ਜਿਹੜੇ ਰੰਗੇ ਹੋਏ ਹਨ, ਪਰ ਅੱਜ ਪੜ੍ਹਿਆ ਲਿਖਿਆ ਸਮਾਜ ਹੈ।

ਗੁਰੂ ਅਮਰਦਾਸ ਜੀ ਦੇ ਸ਼ਾਹਮਣੇ ਸਲੋਕ ਆਇਆ। ਉਨ੍ਹਾਂ ਨੇ ਆਪਣੇ ਵੱਲੋਂ ਇਕ ਸਲੋਕ ਇਸ ਸਲੋਕ ਦੇ ਨਾਲ ਉਚਾਰਨ ਕਰ ਦਿੱਤਾ। ਜੇ ਉਹ ਇਕੱਲਾ ਸਲੋਕ ਰਹਿੰਦਾ ਤਾਂ ਅਸੀਂ ਕਹਿਣਾ ਸੀ ਕਿ ਬਾਬੇ ਫ਼ਰੀਦ ਦੇ ਸਲੋਕ ਵਿਚ ਕਿਹਾ ਹੈ ਕਿ ਰੱਬ ਦੇ ਰੰਗ ਵਿਚ ਰੰਗਿਆਂ ਹੋਇਆਂ ਦੇ ਅੰਦਰ ਖ਼ੂਨ ਨਹੀਂ ਤੇ ਸਾਇੰਸ ਕਹਿੰਦੀ ਹੈ ਕਿ ਬੰਦਾ ਖ਼ੂਨ ਤੋਂ ਬਿਨਾਂ ਜਿਊਂਦਾ ਨਹੀਂ ਰਹਿ ਸਕਦਾ। ਗੁਰੂ ਅਮਰਦਾਸ ਜੀ ਨੇ ਨਾਲ ਕਹਿ ਦਿੱਤਾ ਕਿ ਖ਼ੂਨ ਤੋਂ ਬਿਨਾਂ ਸਰੀਰ ਨਹੀਂ ਹੁੰਦਾ, ਪਰ ਬਾਬਾ ਜੀ ਕਹਿੰਦੇ ਹਨ ਕਿ ਜਿਹੜੇ ਰੱਬ ਦੇ ਰੰਗ ਵਿਚ ਰੰਗੇ ਹੋਏ ਹਨ, ਉਨ੍ਹਾਂ ਦੇ ਖ਼ੂਨ ਵਿਚ ਲਾਲਚ ਨਹੀਂ ਹੁੰਦਾ। ਲੋਭ ਦੇ ਸੈੱਲ ਨਹੀਂ ਹੁੰਦੇ। ਸਾਹਿਬ ਕਹਿੰਦੇ ਹਨ:

**ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥**

ਸਾਹਿਬ ਕਹਿੰਦੇ ਹਨ ਕਿ ਐ ਬੰਦਿਆ ! ਬੇੜਾ ਬੰਨ੍ਹਣ ਦਾ ਸਮਾਂ ਸੀ, ਪਰ ਤੂੰ ਬੰਨ੍ਹਿਆ ਨਹੀਂ।

**ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥ ੧॥**

ਜਿਨ੍ਹਾਂ ਥਾਵਾਂ 'ਤੇ ਬਰਸਾਤ ਵਿਚ ਆਏ ਹੜ੍ਹ ਦੇ ਕਾਰਨ ਦਰਿਆਵਾਂ ਨੂੰ ਪਾਰ ਕੀਤਾ ਜਾਂਦਾ ਸੀ, ਉਹ ਲੋਕ ਕਿਨਾਰਿਆਂ 'ਤੇ ਬੈਠਣ ਵਾਲੇ, ਮੀਂਹ ਆਉਣ ਤੋਂ ਪਹਿਲਾਂ ਬੇੜੇ ਬੰਨ੍ਹ ਲੈਂਦੇ ਸਨ ਕਿ ਪਤਾ ਨਹੀਂ ਕਦੋਂ ਹੜ੍ਹ ਆ ਜਾਵੇ। ਜੇਕਰ ਬੇੜੀ ਤਿਆਰ ਨਾ ਹੋਈ ਤਾਂ ਪਾਰ ਕਿਵੇਂ ਲੰਘਾਂਗੇ ?

**ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥ ੧॥ ਰਹਾਉ॥**

(ਅੰਗ ੭੯੪)

ਢੋਲਾ ਦਾ ਅਰਥ ਹੈ ਪਿਆਰਿਆ ! ਨਾ ਹੱਥ ਲਗਾਈਂ ਇਸ ਚਮਕਦੀ ਮਾਇਆ ਨੂੰ ਇਹ ਕਸੁੰਭੜਾ ਰੰਗ ਰਤਾ ਬੜਾ ਹੈ, ਪਰ ਹੱਥ ਲਗਾ ਕੇ ਵੇਖੀਂ ਤੈਨੂੰ ਸਾੜ ਦੇਵੇਗਾ। ਹੁਣ ਇਕ ਪ੍ਰਸ਼ਨ ਸੀ ਕਿ ਕਿਹੜਾ ਬੇੜਾ ? ਸਾਹਿਬ ਨੇ ਵਿਆਖਿਆ ਕੀਤੀ :

**ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ॥**

(ਅੰਗ ੭੨੯)

ਜੇਕਰ ਰੱਬ ਨੇ ਤੈਨੂੰ ਜ਼ਿੰਦਗੀ ਦਿੱਤੀ ਹੈ ਤਾਂ ਜੱਪ ਤੇ ਤੱਪ ਦਾ ਬੇੜਾ ਬੰਨ੍ਹ। ਸਾਹਿਬ ਕਹਿੰਦੇ ਹਨ, ਜਪ ਕਰ। ਜੱਪ ਕਰੇਂਗਾ, ਜਦੋਂ ਮਨ ਨੂੰ ਸਾਧੇਂਗਾ, ਮਨ ਦੀਆਂ ਵਾਸ਼ਨਾਵਾਂ



Sri Satguru Jagjit Singh Ji eLibrary NamdhariElibrary@gmail.com

'ਤੇ ਕਾਬੂ ਪਾਵੇਂਗਾ ਤਾਂ ਇਹ ਅੰਦਰ ਦੀ ਸਾਧਨਾ ਤੱਪ ਹੈ।

ਸਾਹਿਬ ਕਹਿੰਦੇ ਹਨ, ਪਿਆਰਿਆ ! ਪਹਿਲੀ ਰਾਤ ਜਦੋਂ ਰੱਬ ਨੂੰ ਯਾਦ ਕਰਦਾ ਹੈਂ ਤਾਂ ਇਹੀ ਚੰਗੀ ਗੱਲ ਹੈ। ਜਦੋਂ ਅਸੀਂ ਸੌਂਦੇ ਹਾਂ, ਉਸ ਸਮੇਂ ਸਿਮਰਨ ਕਰਨਾ ਤੇ ਸੌਂ ਕੇ ਉਠ ਕੇ ਸਿਮਰਨ ਕਰਨਾ ਇਨ੍ਹਾਂ ਦੋਨਾਂ ਵਿਚ ਅੰਤਰ ਹੈ। ਸੌਣ ਤੋਂ ਪਹਿਲਾਂ ਜਿਨ੍ਹਾਂ ਲੋਕਾਂ ਨੂੰ ਦੇਖਿਆ, ਜਿਨ੍ਹਾਂ ਬਾਰੇ ਸੋਚਿਆ ਤੇ ਜਿਨ੍ਹਾਂ ਨਾਲ ਗੱਲ ਕੀਤੀ, ਸੌਂਦਿਆਂ ਉਨ੍ਹਾਂ ਦੀਆਂ ਆਵਾਜ਼ਾਂ ਕੰਨਾਂ ਵਿਚ ਗੂੰਜਦੀਆਂ ਹਨ। ਰਾਤ ਨੂੰ ਸੌਣ ਲੱਗਿਆਂ ਜੇ ਕੋਈ ਅਰਦਾਸ ਕਰੇ ਤਾਂ ਦਿਨ ਦੇ ਸਾਰੇ ਵਿਚਾਰ ਖ਼ਤਮ ਹੋ ਜਾਂਦੇ ਹਨ ਤੇ ਸਵੇਰ ਤੱਕ ਰੱਬ ਅੰਦਰ ਦੀ ਤਾਜ਼ਗੀ ਬਖ਼ਸ਼ਦਾ ਹੈ। ਸਾਹਿਬ ਨੇ ਸਾਨੂੰ ਸੂਖਸ਼ਮ ਹਉਮੈ ਤੋਂ ਬਚਾਇਆ ਹੈ। ਸਾਹਿਬ ਕਹਿੰਦੇ ਹਨ, ਜਿਵੇਂ ਮਾਂ ਬੱਚੇ ਨੂੰ ਦੁੱਧ ਪਿਲਾਉਂਦੀ ਹੈ। ਬੋਤਲ ਵਿਚ ਉਸ ਨੇ ਦੁੱਧ ਪਾਇਆ। ਆਪ ਉਹ ਰੋਟੀ ਖਾਂਦੀ ਹੈ, ਪਰ ਪੁੱਤਰ ਨੂੰ ਦੁੱਧ ਪਿਲਾਉਣ ਤੋਂ ਪਹਿਲਾਂ ਉਸ ਬੋਤਲ ਦੀ ਨਿੱਪਲ ਵਿੱਚੋਂ ਦੁੱਧ ਕੱਢ ਕੇ ਥੋੜਾ ਜਿਹਾ ਚੱਖਦੀ ਹੈ ਤਾਂ ਜੋ ਮੇਰੇ ਪੁੱਤਰ ਨੂੰ ਖ਼ੁਰਾਕ ਦੇ ਨਾਲ ਕੋਈ ਰੋਗ ਨਾ ਲੱਗ ਜਾਵੇ। ਇਸੇ ਤਰ੍ਹਾਂ ਹੀ ਧੰਨ ਗੁਰੂ ਅਰਜਨ ਸਾਹਿਬ ਜੀ ਇੰਨੇ ਕ੍ਰਿਪਾਲੂ ਹਨ ਕਿ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਥਾਲ ਪਰੋਸ ਕੇ ਰੱਖ ਦਿੱਤਾ ਤੇ ਕਹਿਣ ਲੱਗੇ ਕਿ ਸਿੱਖਾ ! ਤੇਰੇ ਖਾਣ ਤੋਂ ਪਹਿਲਾਂ ਮੈਂ ਪੰਜ ਪੀੜ੍ਹੀਆਂ ਆਪਣੇ ਘਰ ਵਿਚ ਖਾ ਕੇ ਦੇਖ ਚੁੱਕਾ ਹਾਂ। ਜਿਹੜਾ ਇਸ ਨੂੰ ਖਾਂਦਾ ਗਿਆ, ਉਹ ਅੰਦਰੋਂ ਅਰੋਗ ਹੋ ਗਿਆ।

ਸਾਹਿਬ ਕਹਿੰਦੇ ਹਨ, ਇਸ ਭੁਲੇਖੇ ਵਿਚ ਨਾ ਰਹਿ ਜਾਵੀਂ ਕਿ ਅੱਧੀ ਰਾਤ ਜਾਗਣ ਨਾਲ ਹੀ ਰੱਬ ਮਿਲਦਾ ਹੈ। ਜਾਗ ਕੇ ਦਾਅਵੇ ਨਾ ਕਰਨ ਲੱਗ ਪਵੀਂ ਕਿ ਮੈਂ 50 ਸਾਲ ਤੋਂ ਅੰਮ੍ਰਿਤ ਵੇਲਾ ਸਾਂਭਦਾ ਪਿਆ ਹਾਂ, ਰੱਬ ਕਿਉਂ ਨਹੀਂ ਕ੍ਰਿਪਾ ਕਰੇਗਾ। ਸਾਹਿਬ ਕਹਿੰਦੇ ਹਨ, ਹੋ ਸਕਦਾ ਹੈ 50 ਸਾਲ ਜਾਗਣ ਵਾਲਾ ਸੁੱਕਾ ਰਹਿ ਜਾਵੇ ਤੇ ਇਕ ਨੂੰ ਉਠਾ ਕੇ ਇਕ ਦਿਨ ਵਿਚ ਹੀ ਉਸ ਨੂੰ ਰਸ ਨਾਲ ਭਰ ਦੇਵੇ।

ਬਾਬਾ ਫ਼ਰੀਦ ਜੀ ਕਹਿੰਦੇ ਹਨ ਕਿ ਪਾੜ ਦੇ ਰੇਸ਼ਮ ਦੇ ਕੱਪੜੇ ਨੂੰ, ਮੈਂ ਪਾਟੀ ਕੰਬਲੀ ਪਾ ਕੇ ਰੱਬ ਜੀ ਤੇਰੇ ਦਰ 'ਤੇ ਆਵਾਂ। ਤੈਨੂੰ ਜਿਹੜਾ ਲਿਬਾਸ ਚੰਗਾ ਲੱਗਦਾ ਹੈ, ਮੈਨੂੰ ਦੱਸ ਤਾਂ ਸਹੀ। ਇਹ ਉਸ ਦਾ ਅੰਦਰ ਦਾ ਪ੍ਰੇਮ ਹੈ। ਉਹ ਪ੍ਰੇਮ ਵਿਚ ਕੁੱਠਾ ਇਥੋਂ ਤੱਕ ਕਹਿੰਦਾ ਹੈ ਕਿ ਜੇ ਮੈਂ ਤੁਰਦਿਆਂ ਥੱਕ ਜਾਵਾਂ ਤਾਂ ਮੇਰੇ ਵਾਹਿਗੁਰੂ ਜੀ ! ਬੂਹੇ ਨਾ ਬੰਦ ਕਰੀਂ, ਮੈਂ ਸਿਰ ਪਰਨੇ ਵੀ ਤੇਰੇ ਦਰ 'ਤੇ ਚਲ ਕੇ ਆਵਾਂਗਾ। ਬਾਬਾ ਫ਼ਰੀਦ ਜੀ ਕਹਿੰਦੇ ਹਨ ਕਿ ਜਿਹੜੇ ਪ੍ਰਮਾਤਮਾ ਦੇ ਰੰਗ ਵਿਚ ਰੰਗੇ ਹੋਏ ਹਨ, ਉਨ੍ਹਾਂ ਦੇ ਤਨ ਨੂੰ ਚੀਰੋ, ਉਸ ਦੇ ਵਿਚੋਂ ਖ਼ੂਨ ਨਹੀਂ ਨਿਕਲਦਾ ਤੇ ਗੁਰੂ ਅਮਰਦਾਸ ਜੀ ਕਹਿੰਦੇ ਹਨ, ਸਿੱਖੋ ! ਸੱਚੀ-ਮੁੱਚੀ ਉਨ੍ਹਾਂ ਦੇ ਖ਼ੂਨ ਦੇ ਅੰਦਰ ਲਾਲਚ ਦੀ ਬਿਰਤੀ ਹੀ ਨਹੀਂ। ਲਾਲਚ ਦਾ ਖ਼ੂਨ ਅੰਦਰੋਂ ਸੜ ਗਿਆ ਹੈ।



Sri Satguru Jagjit Singh Ji eLibrary NamdhariElibrary@gmail.com

ਸਾਹਿਬ ਕਹਿੰਦੇ ਹਨ, ਗੁਰੂ ਨੇ ਰੱਬ ਦਾ ਭੈਅ ਮਨ ਵਿਚ ਪੈਦਾ ਕਰ ਦਿੱਤਾ। ਭੈਅ ਦੀ ਅੱਗ 'ਤੇ ਸਰੀਰ ਨੂੰ ਤਪਾਇਆ ਤੇ ਜਿੰਨੇ ਵੀ ਲਾਲਚ ਵਾਲੇ ਸੈੱਲ ਹਨ, ਸਾਰੇ ਸਾੜ ਦਿੱਤੇ। ਜਿਵੇਂ ਮੈਲਾ ਸੋਨਾ ਕੁਠਾਲੀ ਵਿਚ ਸੜ ਜਾਵੇ ਤਾਂ ਚਮਕਣ ਲੱਗ ਪੈਂਦਾ ਹੈ ਤੇ ਜਿਸ ਦੇ ਅੰਦਰ ਲਾਲਚ ਦੀ ਬਿਰਤੀ ਸੜ ਜਾਵੇ, ਉਸ ਦਾ ਅੰਦਰੋਂ ਚਮਕਣ ਲੱਗ ਪੈਂਦਾ ਹੈ। ਸਾਹਿਬ ਕਹਿੰਦੇ ਹਨ, ਲਾਲਚ ਕੀ ਹੈ ? ਹਜ਼ੂਰ ਕਹਿੰਦੇ ਹਨ, ਜਿਸ ਦਿਨ ਕਿਸੇ ਚੀਜ਼ ਨੂੰ ਦੇਖ ਕੇ ਉਸ ਦੇ ਪ੍ਰਤੀ ਮਨ ਵਿਚ ਪਾਉਣ ਦੀ ਬਿਰਤੀ ਆ ਜਾਵੇ, ਦੇਖਦਿਆਂ ਸਾਰ ਉਹ ਚੀਜ਼ ਮਨ 'ਤੇ ਅਸਰ ਪਾਉਣ ਲੱਗ ਪਵੇ ਤੇ ਪ੍ਰਮਾਤਮਾ ਵਾਲਾ ਪਾਸਾ ਢਿੱਲਾ ਪਾ ਦੇਵੇ ਤਾਂ ਉਸ ਨੂੰ ਮਨਸ਼ਾ ਕਹਿੰਦੇ ਹਨ। ਜਦੋਂ ਉਸ ਨੂੰ ਦੇਖਣ ਤੋਂ ਬਾਅਦ ਮਨ ਵਿਚ ਆਏ ਕਿ ਇਹ ਚੀਜ਼ ਮੇਰੇ ਘਰ ਚਾਹੀਦੀ ਸੀ ਤਾਂ ਉਸ ਨੂੰ ਆਸ਼ਾ ਕਹਿੰਦੇ ਹਨ ਤੇ ਜਿਸ ਦਿਨ ਅੰਦਰ ਦੀ ਤੀਬਰਤਾ ਇੰਨੀ ਵੱਧ ਜਾਵੇ ਕਿ ਮਨ ਕਹੇ ਕਿ ਇਹ ਚੀਜ਼ ਮੇਰੇ ਘਰ ਹੀ ਚਾਹੀਦੀ ਹੈ, ਤਾਂ ਉਸ ਨੂੰ ਤ੍ਰਿਸ਼ਨਾ ਕਹਿੰਦੇ ਹਨ ਤੇ ਜਿਸ ਦਿਨ ਆਪਣੇ ਸਾਰੇ ਅਸੂਲ ਛਿੱਕੇ ਉੱਪਰ ਟੰਗ ਕੇ ਕੁਕਰਮ, ਠੱਗੀ, ਅੰਦਰ ਦੀ ਬਿਰਤੀ ਇਸ ਤਰ੍ਹਾਂ ਬਣਾਈ ਕਿ ਇਸ ਨੂੰ ਪ੍ਰਾਪਤ ਕਰਨ ਲਈ ਕੁੱਝ ਵੀ ਕਰਨ ਲਈ ਤਿਆਰ ਹੋ ਜਾਵੇ, ਉਸ ਨੂੰ ਲਾਲਚ ਕਹਿੰਦੇ ਹਨ।

ਸਾਹਿਬ ਕਹਿੰਦੇ ਹਨ ਕਿ ਲਾਲਚ ਇਹ ਹੈ ਕਿ ਇਹ ਚੀਜ਼ ਕੇਵਲ ਮੇਰੇ ਕੋਲ ਹੋਵੇ, ਮੇਰੇ ਪਰਿਵਾਰ ਕੋਲ ਹੋਵੇ ਤੇ ਮੇਰੇ ਕੋਲੋਂ ਲੋਕ ਮੰਗਣ ਅਤੇ ਪ੍ਰੇਮ ਇਹ ਹੈ, ਤਿਆਗ ਇਹ ਹੈ ਕਿ ਰੱਬ ਸਭ ਨੂੰ ਦੇਵੀਂ, ਕਿਸੇ ਨੂੰ ਕਿਸੇ ਦਾ ਮੋਹਤਾਜ ਨਾ ਕਰੀਂ। ਲਾਲਚ ਹੈ ਕਿ ਲੋਕ ਮੇਰੇ ਸਾਹਮਣੇ ਝੁੱਕਣ ਤੇ ਤਿਆਗ ਹੈ ਕਿ ਕਿਸੇ ਦੀ ਖ਼ਾਤਰ ਮੈਂ ਸਿਰ ਵੀ ਦੇ ਦੇਵਾਂ। ਲਾਲਚ ਹੈ ਕਿ ਮੇਰਾ ਹੀ ਕਬਜ਼ਾ ਹੋਵੇ ਤੇ ਤਿਆਗ ਹੈ ਕਿ ਮੇਰੇ ਪੱਲੇ ਕੁਝ ਵੀ ਨਾ ਹੋਵੇ, ਬਸ ਤੇਰੀ ਹੀ ਵਾਹ-ਵਾਹ ਹੋਵੇ। ਸਾਹਿਬ ਕਹਿੰਦੇ ਹਨ, ਜਦੋਂ ਬੰਦੇ ਦੇ ਅੰਦਰ ਦੀ ਬਿਰਤੀ ਲਾਲਚੀ ਹੋ ਜਾਵੇ ਤਾਂ ਉਦੋਂ ਇਸ ਦੇ ਅੰਦਰ ਵਾਸ਼ਨਾਵਾਂ ਪੈਦਾ ਹੁੰਦੀਆਂ ਹਨ ਤੇ ਜਦੋਂ ਵਾਸ਼ਨਾ ਪੈਦਾ ਜਾਵੇ ਤਾਂ ਲਾਲਚੀ ਮਨ ਆਪਣੇ ਅੰਦਰ ਦੀ ਕਾਮ ਵਾਸ਼ਨਾ, ਆਪਣੇ ਅੰਦਰ ਦੀਆਂ ਵਾਸ਼ਨਾਵਾਂ ਨੂੰ ਪੈਦਾ ਕਰਨ ਲਈ ਦਰ-ਦਰ ਭਟਕਦਾ ਹੈ। ਸਾਹਿਬ ਕਹਿੰਦੇ ਹਨ, ਜਿਸ ਦਿਨ ਲਾਲਚ ਅੰਦਰ ਵਸ ਜਾਵੇ, ਉਦੋਂ ਬੰਦਾ ਕ੍ਰੋਧੀ ਵੀ ਹੋ ਜਾਂਦਾ ਹੈ। ਜਦੋਂ ਹੰਕਾਰ ਤੇ ਕ੍ਰੋਧ ਆ ਜਾਵੇ ਤਾਂ ਲਾਲਚ ਵਿਚ ਉਸ ਦੀ ਬਿਰਤੀ ਉਪਜਦੀ ਹੈ। ਫਿਰ ਕਹਿੰਦਾ ਹੈ ਕਿ ਜੇ ਇੰਨਾ ਕੁਝ ਹੈ ਤਾਂ ਕਮਾ ਕੇ ਕੀ ਕਰਨਾ ਹੈ ਜੇ ਦੁਨੀਆਂ ਵਿਚ ਕੁਝ ਖੱਟ ਕੇ ਨਾ ਗਏ।

ਸਾਹਿਬ ਕਹਿੰਦੇ ਹਨ, ਰੁੱਖ ਦੇ ਸਿਖਰ 'ਤੇ ਇਕ ਫਲ ਲੱਗਾ ਹੈ ਤੇ ਬੰਦੇ ਦੇ ਮਨ ਵਿਚ ਆਇਆ ਕਿ ਮੈਂ ਇਹ ਫਲ ਖਾਣਾ ਹੈ। ਉਸ ਕੋਲ ਪੌੜੀ ਨਹੀਂ ਸੀ। ਉਸ ਨੇ ਆਪਣਾ ਜੋੜਾ ਲਾਹਿਆ ਤੇ ਰੁੱਖ ਉੱਪਰ ਚੜ੍ਹਨਾ ਸ਼ੁਰੂ ਕੀਤਾ। ਪਹਿਲਾਂ ਟਾਹਣੀ ਨੂੰ ਹੱਥ



Sri Satguru Jagjit Singh Ji eLibrary NamdhariElibrary@gmail.com

ਨਾਲ ਫੜਦਾ ਹੈ ਤੇ ਤਣੇ 'ਤੇ ਪੈਰ ਰੱਖਦਾ ਹੈ। ਪਰਤ ਕੇ ਜਿਸ ਹੱਥ ਨਾਲ ਟਾਹਣ ਪਕੜਿਆ, ਉਸ ਉੱਪਰ ਪੈਰ ਰੱਖਿਆ ਤੇ ਇਸ ਤੋਂ ਉੱਪਰ ਵਾਲੇ ਟਾਹਣ ਨੂੰ ਫੜਿਆ। ਇਕ 'ਤੇ ਪੈਰ ਅਤੇ ਇਕ 'ਤੇ ਹੱਥ। ਸਹਾਰਾ ਲੈਂਦਾ-ਲੈਂਦਾ ਸਿਖਰ 'ਤੇ ਪਹੁੰਚ ਗਿਆ ਤੇ ਫਲ ਤੋੜ ਕੇ ਥੱਲੇ ਉਤਰ ਕੇ ਪੰਚਾਇਤ ਵਿਚ ਕਹਿੰਦਾ ਹੈ ਕਿ ਦੇਖੋ ਸਾਡਾ ਕਮਾਲ, ਅਸੀਂ ਰੁੱਖ ਦੇ ਸਿਖਰ ਤੋਂ ਵੀ ਫਲ ਤੋੜ ਕੇ ਲੈ ਆਉਂਦੇ ਹਾਂ। ਕਬੀਰ ਸਾਹਿਬ ਨੇ ਕਿਹਾ, ਉਹ ਝੱਲਿਆ ! ਤੇਰੇ ਹੱਥ ਪੈਰ ਕੁਝ ਨਾ ਕਰਦੇ ਜੇ ਰੱਬ ਦੀ ਟਾਹਣੀ ਨਾਲ ਫਲ ਨਹੀਂ ਲਗਾਉਂਦਾ। ਸਾਹਿਬ ਕਹਿੰਦੇ ਹਨ :

**ਕਬੀਰ ਕਾਰਨੁ ਬਪੁਰਾ ਕਿਆ ਕਰੈ** (ਅੰਗ ੧੩੬੯)

ਤੇਰਾ ਆਪਣਾ ਕੀਤਾ ਹੋਇਆ ਕੰਮ ਕੁਝ ਨਹੀਂ ਕਰੇਗਾ। ਜਿਸ ਦਿਨ ਆਦਮੀ ਲਾਲਚ ਦੀ ਲਹਿਰ ਵਿਚ ਡੁੱਬ ਜਾਵੇ, ਉਸ ਦਿਨ ਕਦੀ ਆਸ ਨਾ ਕਰਿਉ ਕਿ ਇਹ ਜਨਮ ਦੇਣ ਵਾਲੀ ਮਾਂ ਦਾ ਵੀ ਭਲਾ ਮੰਗੇਗਾ। ਲਾਲਚੀ ਬੰਦਾ ਨਾ ਮਾਂ ਦੀ, ਨਾ ਭਰਾਵਾਂ ਦੀ, ਨਾ ਬਾਪ ਦੀ, ਨਾ ਭੈਣਾਂ ਦੀ, ਇਥੋਂ ਤੱਕ ਕਿ ਜਿਸ ਇਸ਼ਟ ਨੇ ਮਰਨ ਤੋਂ ਬਾਅਦ ਸਾਥ ਦੇਣਾ ਹੈ, ਉਸ ਗੁਰੂ ਦੀ ਵੀ ਪਰਵਾਹ ਨਹੀਂ ਕਰਦਾ। ਗੁਰੂ ਅਰਜਨ ਸਾਹਿਬ ਨੇ ਬਚਨ ਕੀਤੇ ਕਿ ਹੇ ਲਾਲਚ ! ਤੂੰ ਸ਼੍ਰੋਮਣੀ ਸ਼੍ਰੋਮਣੀ ਬੰਦੇ ਆਪਣੇ ਪੈਰਾਂ ਵਿਚ ਰੋਲ ਕੇ ਰੱਖ ਦਿੱਤੇ। ਮਿੱਤਰਾਂ ਦੀ ਕੋਈ ਪਰਵਾਹ ਨਹੀਂ, ਧੋਖਾ ਦੇ ਜਾਂਦੇ ਹਨ। ਰਿਸ਼ਤੇਦਾਰਾਂ ਦੀ ਕੋਈ ਪ੍ਰਵਾਹ ਨਹੀਂ। ਜਿਸ ਮਾਂ ਨੇ ਕੁੱਖ ਵਿਚ ਪਾਲਿਆ, ਲਾਲਚੀ ਬੰਦਾ ਉਸ ਨੂੰ ਵੀ ਧੋਖਾ ਦੇਣ ਤੋਂ ਗੁਰੇਜ਼ ਨਹੀਂ ਕਰਦਾ। ਸਾਹਿਬ ਕਹਿੰਦੇ ਹਨ, ਲਾਲਚੀ ਬੰਦਾ ਕੁਝ ਵੀ ਕਰ ਸਕਦਾ ਹੈ, ਜਿਸ ਤੋਂ ਮਾਨਵਤਾ ਵੀ ਕੰਬਣ ਲੱਗ ਪੈਂਦੀ ਹੈ। ਜਿਹੜੇ ਨਹੀਂ ਕਰਨ ਵਾਲੇ ਕੁਕਰਮ, ਉਹ ਵੀ ਕਰਦਾ ਹੈ। ਜਿਹੜੀਆਂ ਚੀਜ਼ਾਂ ਨਹੀਂ ਖਾਣ ਵਾਲੀਆਂ, ਉਹ ਵੀ ਖਾ ਜਾਂਦਾ ਹੈ। ਫਿਰ ਕਹਿੰਦੇ ਹਨ, ਉਹ ਇਸ ਤਰ੍ਹਾਂ ਦੇ ਸਾਮਾਨ ਇਕੱਠੇ ਕਰ ਲੈਂਦਾ ਹੈ, ਜਿਸ ਨੂੰ ਵੇਖ ਕੇ ਬੰਦਾ ਕੰਬ ਜਾਂਦਾ ਹੈ।

ਸਾਹਿਬ ਕਹਿੰਦੇ ਹਨ ਕਿ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ ਸਿੱਖੀ ਦਾ ਅਸੂਲ ਹੈ। ਜੇ ਮੇਰੇ ਅੰਦਰ ਦੀ ਤ੍ਰਿਸ਼ਨਾ ਕਹਿੰਦੀ ਹੈ ਕਿ ਸਿਰਫ਼ ਮੇਰੇ ਕੋਲ ਹੋਵੇ, ਮੇਰੇ ਤੋਂ ਇਲਾਵਾ ਕਿਸੇ ਕੋਲ ਨਾ ਹੋਵੇ ਤੇ ਉਹ ਮੇਰਾ ਇਕ ਦਿਨ ਮੌਤ ਬਣਾ ਦਿੰਦਾ ਹੈ। ਸਾਹਿਬ ਕਹਿੰਦੇ ਹਨ, ਮਿੱਠੇ ਉੱਪਰ ਮੱਖੀ ਬਹੁਤ ਜਲਦੀ ਆਉਂਦੀ ਹੈ। ਭਾਦੋਂ ਦਾ ਮਹੀਨਾ ਸੀ, ਮਿਠਾ ਸਲਾਬਿਆ ਹੋਇਆ ਸੀ। ਮੱਖੀ ਇਕੱਲੀ ਆਈ ਤੇ ਉਹ ਗੁੜ ਦੀ ਢੇਲੀ 'ਤੇ ਬੈਠੀ। ਜਦੋਂ ਉਸ ਨੇ ਆਲੇ-ਦੁਆਲੇ ਦੇਖਿਆ ਕਿ ਕੋਈ ਨਹੀਂ ਤਾਂ ਮਨ ਵਿਚ ਆਇਆ ਕਿ ਕਮਲੀਏ, ਉਠ ਨਾ। ਇਹ ਢੇਲੀ ਇਕੱਲੀ ਤੈਨੂੰ ਮਿਲ ਗਈ ਹੈ। ਜੇ ਉਠੇਂਗੀ ਤਾਂ ਦੂਸਰੀ ਮੱਖੀ ਨੂੰ ਦੱਸਣਾ ਪਵੇਗਾ। ਇਕੱਲੀ ਬੈਠ ਕੇ ਇਸ ਉੱਪਰ ਕਬਜ਼ਾ ਕਰ ਲੈ। ਜਦੋਂ ਦਿਲ ਕਰੇ, ਇਸ ਨੂੰ ਖਾਈਂ। ਕਬਜ਼ਾ ਤਾਂ ਕਰ ਲਿਆ, ਖਾਂਦੀ ਰਹੀ,



Sri Satguru Jagjit Singh Ji eLibrary NamdhariElibrary@gmail.com

ਪਰ ਕਿੰਨੀ ਕੁ ਦੇਰ ਮਿੱਠੇ 'ਤੇ ਬੈਠਦੀ। ਗੁਰੂ ਅਰਜਨ ਸਾਹਿਬ ਜੀ ਕਹਿੰਦੇ ਹਨ ਕਿ ਉਸ ਦੀਆਂ ਨਿੱਕੀਆਂ-ਨਿੱਕੀਆਂ ਲੱਤਾਂ ਗਿੱਲੇ ਗੁੜ ਵਿਚ ਫਸ ਗਈਆਂ ਤੇ ਬਾਅਦ ਵਿਚ ਜਦੋਂ ਉਹ ਉੱਡਣ ਦਾ ਯਤਨ ਕਰੇ ਤਾਂ ਗੁੜ ਕਹਿੰਦਾ ਹੈ ਕਿ ਤੂੰ ਮੇਰੇ 'ਤੇ ਕਬਜ਼ਾ ਕਰਨਾ ਚਾਹੁੰਦੀ ਸੀ, ਇਸ ਬਿਰਤੀ ਨਾਲ ਮੈਂ ਤੇਰੇ 'ਤੇ ਕਬਜ਼ਾ ਕਰ ਲਿਆ ਹੈ। ਮੱਖੀ ਉੱਡਣਾ ਚਾਹੁੰਦੀ ਹੈ, ਪਰ ਉੱਡ ਨਾ ਸਕੀ। ਉਹ ਮੱਖੀ ਜਿਹੜੀ ਗੁੜ ਉੱਤੇ ਆਪਣਾ ਕਬਜ਼ਾ ਤੇ ਹੱਕ ਜਤਾਉਂਦੀ ਸੀ, ਗੁੜ ਨੇ ਉਸੇ ਮੱਖੀ ਨੂੰ ਮੌਤ ਦੀ ਝੋਲੀ ਵਿਚ ਪਾ ਦਿੱਤਾ। ਇਹ ਲਾਲਚ ਹੈ।

ਸਾਹਿਬ ਕਹਿੰਦੇ ਹਨ, ਕਲੰਦਰ ਬਾਂਦਰ ਨੂੰ ਫੜ ਕੇ ਲਿਆਉਂਦਾ ਹੈ। ਉਸ ਦੇ ਸਿਰ 'ਤੇ ਟੋਪੀ ਪਾਈ, ਉਸ ਦੀ ਪਿੱਠ 'ਤੇ ਕੱਪੜੇ ਪਾਏ। ਜਦੋਂ ਡੌਮਰੂ ਵਜਾਉਂਦਾ ਹੈ ਤਾਂ ਬਾਂਦਰ ਪੈਰਾਂ ਵਿਚ ਘੁੰਗਰੂ ਪਾਈ ਕਲੰਦਰ ਦੇ ਇਸ਼ਾਰਿਆਂ 'ਤੇ ਨੱਚਦਾ ਹੈ। ਜਿਹੜਾ ਇਕ ਥਾਂ 'ਤੇ ਟਿਕ ਕੇ ਨਹੀਂ ਰਹਿੰਦਾ ਸੀ, ਕਲੰਦਰ ਇਕ ਇਸ਼ਾਰਾ ਕਰਦਾ ਹੈ ਤੇ ਬਾਂਦਰ ਨੱਚਣ ਲੱਗ ਪੈਂਦਾ ਹੈ ਤੇ ਨਾਲ ਹੀ ਦੌੜਨ ਲੱਗ ਪੈਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਹਨ, ਇਸ ਨੂੰ ਪੁੱਛ ਕੇ ਦੇਖੋ, ਇਹ ਵਿਚਾਰਾ ਸਾਰੀ ਜ਼ਿੰਦਗੀ ਕਿਉਂ ਲੋਕਾਂ ਦੇ ਬੂਹੇ ਅੱਗੇ ਨੱਚੀ ਜਾਂਦਾ ਹੈ। ਇਹ ਕੀ ਕਾਰਨ ਹੈ ? ਅੱਗੋਂ ਉੱਤਰ ਮਿਲਦਾ ਹੈ ਕਿ ਇਸ ਨੂੰ ਵੀ ਕਬਜ਼ਾ ਖਾ ਗਿਆ। ਕਿਵੇਂ ? ਜੰਗਲ ਵਿਚ ਕਲੰਦਰ ਨੇ ਮਿੱਟੀ ਦਾ ਬਰਤਨ ਟੋਇਆ ਪੁੱਟ ਕੇ ਗੱਡਿਆ। ਉਸ ਵਿਚ ਚਣਿਆਂ ਦੇ ਦਾਣੇ ਪਾ ਦਿੱਤੇ। ਬਾਂਦਰ ਨੱਚਦਾ ਟੱਪਦਾ ਆਇਆ। ਦੇਖਿਆ ਕਿ ਬਰਤਨ ਵਿਚ ਦਾਣੇ ਹਨ। ਮੂੰਹ ਬਰਤਨ ਦਾ ਛੋਟਾ ਸੀ। ਖ਼ਾਲੀ ਹੱਥ ਤਾਂ ਉਸ ਨੇ ਬਰਤਨ ਵਿਚ ਪਾ ਲਏ, ਪਰ ਜਦੋਂ ਉਸ ਦੀ ਮੁੱਠੀ ਚਣਿਆਂ ਨਾਲ ਭਰ ਗਈ ਤਾਂ ਉਸ ਦਾ ਹੱਥ ਭਾਰਾ ਹੋ ਗਿਆ। ਬਾਅਦ ਵਿਚ ਉਹ ਹੱਥ ਬਾਹਰ ਕੱਢਣ ਦਾ ਯਤਨ ਕਰੇ, ਪਰ ਉਸ ਦਾ ਹੱਥ ਚਣਿਆਂ ਨਾਲ ਭਰਿਆ ਹੋਇਆ ਬਾਹਰ ਨਹੀਂ ਨਿਕਲਦਾ ਪਿਆ। ਜੇ ਚਣੇ ਛੱਡਦਾ ਹੈ ਤਾਂ ਹੱਥ ਬਾਹਰ ਨਿਕਲਦਾ ਹੈ ਤੇ ਜੇ ਚਣੇ ਫੜਦਾ ਹੈ ਤਾਂ ਉਸ ਦਾ ਹੱਥ ਭਾਂਡੇ ਵਿੱਚੋਂ ਬਾਹਰ ਨਹੀਂ ਨਿਕਲਦਾ। ਆਵਾਜ਼ ਵੀ ਨਹੀਂ ਦੇਣਾ ਚਾਹੁੰਦਾ, ਕਿਤੇ ਦੂਸਰੇ ਬਾਂਦਰਾਂ ਨੂੰ ਪਤਾ ਲੱਗ ਜਾਏ ਤੇ ਉਹ ਨਾ ਇਸ ਉੱਤੇ ਕਬਜ਼ਾ ਕਰ ਲੈਣ। ਕਹਿੰਦਾ ਹੈ ਕਿ ਇਕੱਲਾ ਮੇਰੇ ਕੋਲ ਹੀ ਰਹੇ। ਜਦੋਂ ਮੇਰਾ ਦਿਲ ਕਰੇ ਮੈਂ ਆਵਾਂ ਤੇ ਮੁੱਠੀ ਭਰ ਕੇ ਕੱਢਾਂ।

ਬਾਂਦਰ ਭਾਂਡੇ ਵਿਚ ਫੱਸਿਆ ਹੋਇਆ ਹੈ। ਪਿੱਛੋਂ ਕਲੰਦਰ ਆਇਆ ਤੇ ਉਸ ਨੇ ਸੋਟਾ ਮਾਰਿਆ ਤੇ ਪਿੱਛੋਂ ਗਲ ਤੋਂ ਫੜ ਲਿਆ। ਫਿਰ ਕਲੰਦਰ ਨੇ ਘਰ ਭੁੱਖਿਆਂ ਰੱਖਿਆ ਤੇ ਉਸ ਨੂੰ ਨੱਚਣਾ ਸਿਖਾਉਣਾ ਸ਼ੁਰੂ ਕੀਤਾ। ਇੰਨਾ ਕੁ ਸਿੱਖ ਗਿਆ ਕਿ ਪੈਰਾਂ ਤੇ ਗਲੇ ਵਿਚ ਘੁੰਗਰੂ ਪਾ ਕੇ ਤੇ ਸਿਰ 'ਤੇ ਟੋਪੀ ਪਾ ਕੇ ਕਹਿੰਦਾ ਹੈ ਕਿ ਚਲ ਹੁਣ ਸਾਰੀ ਜ਼ਿੰਦਗੀ ਮਰਨ ਤੱਕ ਲੋਕਾਂ ਦੇ ਬੂਹੇ ਅੱਗੇ ਨੱਚਦਾ ਰਹੀਂ।



Sri Satguru Jagjit Singh Ji eLibrary NamdhariElibrary@gmail.com

ਕਬੀਰ ਸਾਹਿਬ ਕਹਿੰਦੇ ਹਨ ਕਿ ਦੇਖ ਮਨਾਂ ! ਇਸ ਦਾ ਤਾਂ ਇਕ ਜਨਮ ਵਿਚ ਹੀ ਖਹਿੜਾ ਛੁੱਟ ਗਿਆ। ਸਿਰਫ਼ ਇਕ ਚਣਿਆਂ ਦੀ ਮੁੱਠੀ ਦੀ ਖ਼ਾਤਿਰ ਸਾਰੀ ਜ਼ਿੰਦਗੀ ਲੋਕਾਂ ਦੇ ਬੂਹੇ ਅੱਗੇ ਨੱਚਿਆ ਤੇ ਜਿਹੜਾ ਤੂੰ ਅੰਦਰੋਂ ਲਾਲਚੀ ਬਣਿਆ ਬੈਠਾ ਹੈਂ, ਤੇਰਾ ਕੀ ਹੋਵੇਗਾ, ਤੈਨੂੰ ਤਾਂ ਕਈ ਜਨਮ ਨੱਚਣਾ ਪੈ ਸਕਦਾ ਹੈ। ਸਾਹਿਬ ਕਹਿੰਦੇ ਹਨ, ਗੁਰੂ-ਘਰ ਦੀ ਮਾਇਆ, ਕਿਰਤ ਕਰਨ ਵਾਲੇ ਹੱਥਾਂ ਵਿੱਚੋਂ ਆਈ ਹੈ। ਜੇ ਸੰਗਤ ਲਈ ਲਿਆਵਾਂਗੇ ਤਾਂ ਅੰਮ੍ਰਿਤ ਹੈ, ਪਰ ਜੇ ਕੋਈ ਇਸ ਨੂੰ ਚੁੱਕ ਕੇ ਆਪਣੇ ਘਰ ਲਿਜਾ ਕੇ ਖਾਣ ਲੱਗ ਪਵੇ ਤਾਂ ਉਸ ਦੇ ਬੱਚਿਆਂ ਲਈ ਵੀ ਜ਼ਹਿਰ ਹੈ।

ਬਾਬਾ ਮੋਹਰੀ ਜੀ ਨੇ ਕਿਹਾ ਸੀ ਕਿ ਇੰਨੀ ਮਾਇਆ ? ਕਹਿਣ ਲੱਗੇ, ਤੁਹਾਡੇ ਘਰ ਚੜ੍ਹਦੀ ਹੈ। ਕਹਿਣ ਲੱਗੇ, ਤੁਹਾਡੇ ਘਰ ਚੜ੍ਹਦੀ ਹੋਵੇਗੀ, ਸਾਡੇ ਵਾਸਤੇ ਕੀ ਹੈ ? ਸਾਨੂੰ ਤਾਂ ਵਰਤਣ ਵਾਸਤੇ ਦਿੱਤੀ ਨਹੀਂ। ਗੁਰੂ ਜੀ ਨੇ ਦੂਸਰੇ ਦਿਨ ਕਿਹਾ, ਪੁੱਤਰ ! ਇਹ ਸਾਰੀ ਅੱਜ ਗਿਣ ਕੇ ਲੈ ਜਾਉ। ਸਾਰੀ ਤੁਹਾਡੀ ਹੈ। ਸਿੱਕੇ ਤੇ ਮੋਹਰਾਂ ਦਾ ਢੇਰ ਲੱਗਾ ਹੋਇਆ ਸੀ। ਗੁਰੂ ਜੀ ਕਹਿਣ ਲੱਗੇ ਕਿ ਇਕੱਲੇ ਨੇ ਹੀ ਗਿਣਨੀ ਹੈ ਤੇ ਗਿਣਨ ਤੋਂ ਬਿਨਾਂ ਨਹੀਂ ਲੈਣੀ। ਸਿੱਕਿਆਂ ਤੇ ਮੋਹਰਾਂ ਨੂੰ ਗਿਣੀ ਗਿਆ। ਅੱਧੀ ਤੋਂ ਜ਼ਿਆਦਾ ਰਾਤ ਨਿਕਲ ਗਈ। ਪ੍ਰਭਾਤ ਵੇਲਾ ਹੋਇਆ, ਸੰਗਤ ਆਉਣ ਲੱਗੀ ਤੇ ਕਹਿਣ ਲੱਗੇ, ਪਿਤਾ ਜੀ ! ਗਿਣ ਲਈ ਹੈ। ਸਾਹਿਬ ਕਹਿੰਦੇ ਹਨ, ਪੁੱਤਰ ! ਇਕ ਵਾਰੀ ਹੱਥ ਦੀਆਂ ਉਂਗਲਾਂ ਤਾਂ ਦਿਖਾ। ਹੱਥ ਦੀਆਂ ਉਂਗਲਾਂ ਦੇਖੀਆਂ ਤਾਂ ਸਿੱਕਿਆਂ ਨਾਲ, ਮੋਹਰਾਂ ਨਾਲ ਕਾਲੀਆਂ ਹੋਈਆਂ ਪਈਆਂ ਸਨ। ਗੁਰੂ ਜੀ ਕਹਿਣ ਲੱਗੇ, ਪੁੱਤਰ ! ਗਿਣ ਤਾਂ ਤੂੰ ਲਿਆ ਹੈ, ਪਰ ਚੁੱਕ ਕੇ ਤਾਂ ਲੈ ਕੇ ਜਾਵੀਂ ਪਹਿਲਾਂ ਹੱਥ ਧੋ ਲੈ। ਹੱਥ ਧੋਵੇ, ਪਰ ਕਾਲਖ ਉਤਰੇ ਨਾ। ਪੰਜ-ਸੱਤ ਵਾਰ ਹੱਥ ਧੋਤੇ, ਪਰ ਹੱਥ ਦੀਆਂ ਲਕੀਰਾਂ ਵਿਚ ਕਾਲਖ ਸੀ। ਸਾਹਿਬ ਅੱਗੋਂ ਹੱਥ ਪਕੜ ਕੇ ਕਹਿਣ ਲੱਗੇ, ਪੁੱਤਰ ਜੀ ! ਇਹ ਸਿਰਫ਼ ਗਿਣਨੀ ਹੈ ਤੇ ਪੰਜ-ਸੱਤ ਵਾਰੀ ਹੱਥ ਧੋਣ ਨਾਲ ਵੀ ਇਸ ਦੀ ਕਾਲਖ ਨਹੀਂ ਉਤਰੀ। ਜਿਸ ਦਿਨ ਵਰਤਣੀ ਸ਼ੁਰੂ ਕਰ ਦੇਵੇਂਗਾ ਤਾਂ ਅੰਦਰ ਇੰਨੀ ਕਾਲਖ ਚਮੜ ਜਾਵੇਗੀ ਕਿ ਕਈ ਜਨਮ ਧੋਤਿਆਂ ਵੀ ਨਹੀਂ ਉਤਰੇਗੀ। ਸਾਹਿਬ ਕਹਿੰਦੇ ਹਨ :

**ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ॥**

ਜੇਕਰ ਕੋਈ ਮੇਰੇ ਸਰੀਰ ਨੂੰ ਚੀਰੇ ਤੇ ਚੀਰਨ ਤੋਂ ਬਾਅਦ ਉਸ ਵਿੱਚੋਂ ਰਤੀ ਭਰ ਵੀ ਰਤ ਨਹੀਂ ਨਿਕਲੇਗੀ। ਕਿਉਂ ? ਬਾਬਾ ਜੀ ਕਹਿੰਦੇ ਹਨ :

**ਜੋ ਤਨੁ ਰਤੇ ਰਬ ਸਿਉ**

ਜਿਹੜੇ ਆਪਣੇ ਸਾਈਂ ਵਿਚ ਰੰਗੇ ਹਨ :

**ਤਿਤੁ ਤਨਿ ਰਤੁ ਨ ਹੋਇ॥**

ਜਿਹੜੇ ਆਪਣੇ ਪਿਆਰੇ ਵਿਚ ਰਤੇ ਹਨ, ਉਨ੍ਹਾਂ ਦੇ ਅੰਦਰ ਖ਼ੂਨ ਨਹੀਂ, ਉਨ੍ਹਾਂ



Sri Satguru Jagjit Singh Ji eLibrary NamdhariElibrary@gmail.com

ਦੇ ਅੰਦਰ ਲਹੂ ਨਹੀਂ, ਉਨ੍ਹਾਂ ਦੇ ਅੰਦਰ ਰਤ ਨਹੀਂ। ਕਿਹੜੀ ਰਤ ? ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ :

**ਇਹੁ ਤਨੁ ਸਭੋ ਰਤੁ ਹੈ**

ਸਰੀਰ ਖ਼ੂਨ ਤੋਂ ਬਿਨਾਂ ਨਹੀਂ ਜੀਅ ਸਕਦਾ। ਇਸ ਤਨ ਵਿਚ ਖ਼ੂਨ ਦਾ ਸਰਕਲ ਹੈ। ਕਹਿਣ ਲੱਗੇ :

**ਰਤੁ ਬਿਨੁ ਤੰਨੁ ਨ ਹੋਇ॥**
**ਜੋ ਸਚ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ॥**

ਖ਼ੂਨ ਤੋਂ ਬਿਨਾਂ ਤਨ ਨਹੀਂ ਰਹਿ ਸਕਦਾ, ਪਰ ਨਾਲ ਹੀ ਬਚਨ ਕੀਤਾ ਕਿ ਜਿਹੜੇ ਆਪਣੇ ਸਾਈਂ ਵਿਚ ਰੰਗੇ ਹੋਏ ਹਨ, ਉਨ੍ਹਾਂ ਦੇ ਅੰਦਰ ਲਾਲਚ ਦੀ ਰਤ ਨਹੀਂ। ਧੰਨ ਗੁਰੂ ਅਰਜਨ ਸਾਹਿਬ ਜੀ ਕਹਿੰਦੇ ਹਨ, ਜਿਹੜਾ ਪ੍ਰੇਮੀ ਹੈ, ਉਸ ਦੀ ਸੰਸਾਰ ਦੀ ਕਿਸੇ ਪਦਾਰਥ ਦੀ ਸ਼ਰਤ ਨਹੀਂ। ਜੇ ਕਿਤੇ ਲੋੜ ਵੀ ਪਵੇ ਤਾਂ ਰੱਬ ਨੂੰ ਸਾਹਮਣੇ ਰੱਖਦਾ ਹੈ।

ਬਾਬਾ ਫ਼ਰੀਦ ਜੀ ਕੋਲ ਇਕ ਵਾਰੀ ਕੋਈ ਲੋੜਵੰਦ ਗਿਆ ਅਤੇ ਕਹਿਣ ਲੱਗਾ ਕਿ ਗਿਆਸੁੱਦੀਨ ਬਲਬਨ ਹਿੰਦੁਸਤਾਨ ਦੇ ਬਾਦਸ਼ਾਹ ਨਾਲ ਤੁਹਾਡੀ ਬੜੀ ਸਾਂਝ ਹੈ। ਮੈਨੂੰ ਚਿੱਠੀ ਲਿਖ ਦਿਉ ਤਾਂਕਿ ਮੇਰਾ ਕੰਮ ਹੋ ਜਾਵੇ। ਫ਼ਰੀਦ ਕਹਿਣ ਲੱਗੇ ਕਿ ਤੂੰ ਆਇਆ ਹੈਂ ਫ਼ਰਿਆਦੀ ਬਣ ਕੇ ਇਸ ਲਈ ਲਿਖ ਦਿੰਦਾ ਹਾਂ। ਚਿੱਠੀ ਲਿਖੀ ਗਿਆਸੁੱਦੀਨ ਬਲਬਨ ਨੂੰ। ਚਿੱਠੀ ਵਿਚ ਲਿਖਿਆ ਕਿ ਇਸ ਦਾ ਕੰਮ ਅੱਲ੍ਹਾ ਤਾਅਲਾ ਨੇ ਤੈਨੂੰ ਸੌਂਪ ਦਿੱਤਾ ਹੈ। ਜੇ ਤੂੰ ਕੁਝ ਕਰਨਾ ਹੈ ਤਾਂ ਕਰੀਂ। ਇਸ ਵਿਚ ਕੰਮ ਰੱਬ ਕਰੇਗਾ, ਸਿਰਫ਼ ਤੂੰ ਧੰਨਵਾਦ ਦਾ ਪਾਤਰ ਬਣ ਜਾਵੇਂਗਾ। ਤੇ ਜੇ ਨਾ ਕਰ ਸਕਿਉ ਤਾਂ ਇਹ ਅੱਲ੍ਹਾ ਦੀ ਖੇਡ ਹੋਵੇਗੀ। ਅਸੀਂ ਸਮਝਾਂਗੇ ਕਿ ਬਾਦਸ਼ਾਹ ਹੋ ਕੇ ਵੀ ਤੂੰ ਅਸਮਰੱਥ ਹੈਂ। ਤੂੰ ਉਹ ਕੁਝ ਨਹੀਂ ਕਰ ਸਕਦਾ, ਜੋ ਕੁਝ ਅੱਲ੍ਹਾ ਨੇ ਕਰਨਾ ਹੈ। ਉਨ੍ਹਾਂ ਅੰਦਰ ਲਾਲਚ ਨਹੀਂ।

ਸਾਹਿਬ ਕਹਿੰਦੇ ਹਨ ਕਿ ਪ੍ਰੇਮੀ ਦਾ ਜੀਵਨ ਤੇ ਲਾਲਚੀ ਦਾ ਜੀਵਨ ਰੱਬ ਪ੍ਰਤੀ ਕੀ ਹੈ ? ਪ੍ਰੇਮੀ ਦਾ ਜੀਵਨ ਹੈ ਕਿ ਮੈਨੂੰ ਰਾਜ ਪਾਟ ਨਹੀਂ, ਸੋਨਾ ਨਹੀਂ, ਚਾਂਦੀ ਨਹੀਂ, ਸਿਰਫ਼ ਪਿਆਰਾ ਚਾਹੀਦਾ ਹੈ ਤੇ ਜਿਹੜੀ ਲਾਲਚ ਵਾਲ ਬਿਰਤੀ ਹੈ, ਉਸ ਪ੍ਰਤੀ ਪ੍ਰਮਾਤਮਾ ਨੇ ਕਿਹਾ ਹੈ ਕਿ ਰੱਬ ਨੇ ਇੰਨਾ ਕੁਝ ਦਿੱਤਾ ਹੈ, ਪਰ ਜਿਸ ਨੇ ਦਿੱਤਾ ਹੈ, ਉਸ ਕੋਲ ਬੈਠੇ ਹੀ ਨਹੀਂ। ਸਾਹਿਬ ਕਹਿੰਦੇ ਹਨ :

**ਭੈ ਪਇਐ ਤਨੁ ਖੀਣੁ ਹੋਇ**

ਪ੍ਰਮਾਤਮਾ ਦਾ ਭੈਅ ਉਸ ਦੇ ਅੰਦਰ ਬੜਾ ਹੈ।

**ਲੋਭੁ ਰਤੁ ਵਿਚਹੁ ਜਾਇ॥**

ਅੰਦਰੋਂ ਲਾਲਚ ਵਾਲਾ ਖ਼ੂਨ ਨਿਕਲ ਗਿਆ। ਸਾਹਿਬ ਨੇ ਕਿਹਾ :



Sri Satguru Jagjit Singh Ji eLibrary NamdhariElibrary@gmail.com

**ਜਿਉ ਬੈਸੰਤਰਿ ਧਾਤੁ ਸੁਧੁ ਹੋਇ**

ਬੈਸੰਤਰਿ ਦਾ ਅਰਥ ਹੈ ਅੱਗ ਤੇ ਧਾਤ ਦਾ ਅਰਥ ਹੈ ਸੋਨਾ। ਸਾਹਿਬ ਕਹਿੰਦੇ ਹਨ :

**ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ॥**

ਭੈੜੀ ਮੈਲ ਅੰਦਰੋਂ ਸਾਫ਼ ਹੋ ਗਈ।

**ਨਾਨਕ ਤੇ ਜਨ ਸੋਹਣੇ**

ਜਿਵੇਂ ਸੋਨੇ ਤੋਂ ਮੈਲ ਖ਼ਤਮ ਹੋ ਜਾਵੇ ਤੇ ਸੋਨਾ ਚਮਕਦਾ ਹੈ :

**ਜਿ ਰਤੇ ਹਰਿ ਰੰਗੁ ਲਾਇ॥**

ਪ੍ਰਮਾਤਮਾ ਦੇ ਪ੍ਰੇਮ ਵਿਚ ਜਿਹੜੇ ਰਤੇ ਹਨ, ਉਹ ਸੋਹਣੇ ਹਨ ਤੇ ਯਤਨ ਕਰੀਏ ਕਿ ਅਸੀਂ ਰੱਬ ਦਾ ਭੈਅ ਰੱਖੀਏ। ਜੇ ਰੱਬ ਦਾ ਭੈਅ ਹੋਵੇਗਾ ਤਾਂ ਰੱਬ ਕ੍ਰਿਪਾ ਕਰਕੇ ਅੰਦਰ ਦੀ ਨਿਰਮਲਤਾ ਬਖ਼ਸ਼ਦਾ ਹੈ। ਇੰਨੀਆਂ ਕੁ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇ ਅੰਤ ਭੁੱਲਾਂ ਦੀ ਖਿਮਾ ਬਖ਼ਸ਼ਣਾ।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆



Sri Satguru Jagjit Singh Ji eLibrary NamdhariElibrary@gmail.com

# ਅਜੈ ਸੁ ਰਬੁ ਨ ਬਾਹੁੜਿਓ

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥
ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥ ੯੦॥
ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥ ੯੧॥
ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ॥
ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ॥ ੯੨॥

(ਅੰਗ ੧੩੮੨)

ਪਰਮ ਸਨਮਾਨਯੋਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਇਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਇਹ ਪਵਿੱਤਰ ਸਲੋਕ ਬੋਧਕ ਤਲ ਤੋਂ ਉੱਪਜੀ ਹੋਈ ਵਿਦਵਤਾ ਤੋਂ ਨਹੀਂ ਜਨਮੇ, ਇਹ ਪਵਿੱਤਰ ਅੰਮ੍ਰਿਤ ਬੋਲ ਬਾਬਾ ਫ਼ਰੀਦ ਸਾਹਿਬ ਜੀ ਦੀ ਆਪਣੀ ਮਿੱਠੀ ਤੜਪ ਹੈ। ਉਨ੍ਹਾਂ ਦਾ ਆਪਣਾ ਨਿੱਜੀ ਜੀਵਨ ਹੈ। ਉਨ੍ਹਾਂ ਦੇ ਅੰਦਰ ਦਾ ਬਿਰਹਾ ਹੈ। ਤਿੰਨਾਂ ਸਲੋਕਾਂ ਵਿਚ ਇਕ ਹੀ ਪ੍ਰਕਰਣ ਹੈ ਤੇ ਕਾਂ ਨੂੰ ਮੁਖ਼ਾਤਬ ਕਰਦੇ ਪਏ ਹਨ। ਸਰੀਰ ਕਮਜ਼ੋਰ ਹੋ ਗਿਆ ਹੈ। ਕਾਂ ਚੁੰਜਾਂ ਮਾਰ-ਮਾਰ ਕੇ ਤਲੀਆਂ ਦਾ ਮਾਸ ਨੋਚ ਰਿਹਾ ਹੈ ਤੇ ਨਿਰਬਲ ਹੋਏ ਸਰੀਰ ਨੂੰ ਦੇਖ ਕੇ ਕਹਿੰਦੇ ਹਨ ਕਿ ਦੇਖੋ, ਤਨ ਦੇ ਅੰਗ ਜਵਾਬ ਦੇ ਗਏ ਹਨ। ਸਰੀਰ ਨੂੰ ਨੋਚ-ਨੋਚ ਕੇ ਕਾਂ ਖਾਂਦੇ ਪਏ ਹਨ। ਬੰਦੇ ਦੀ ਕਿਸਮਤ ਕਿ ਸਰੀਰ ਦੀ ਕਮਜ਼ੋਰੀ ਕਰਕੇ ਇਸ ਨੂੰ ਅੱਜ ਤੱਕ ਪ੍ਰਮਾਤਮਾ ਦੇ ਦੀਦਾਰ ਨਹੀਂ ਹੋਏ। ਨਾਲ ਸ਼ਬਦ ਕਹਿੰਦੇ ਹਨ ਕਿ ਐ ਕਾਂ ! ਤੂੰ ਪੂਰੇ ਦੇ ਪੂਰੇ ਤਨ ਨੂੰ ਨੋਚ ਲਿਆ ਹੈ, ਪਰ ਇਹ ਮੇਰੇ ਜੋ ਦੋ ਨੇਤਰ ਹਨ, ਇਨ੍ਹਾਂ ਨੂੰ ਨਾ ਛੁਹੀਂ, ਕਿਉਂਕਿ ਮੈਨੂੰ ਅੰਤਲੇ ਸਮੇਂ ਵੀ ਆਸ ਹੈ ਕਿ ਉਸ ਪਿਆਰੇ ਦੇ ਦਰਸ਼ਨ ਮੈਨੂੰ ਹੋਣੇ ਹਨ। ਸਾਹਿਬ ਕਹਿੰਦੇ ਹਨ ਕਿ ਹੇ ਕਾਂ ! ਤੂੰ ਇਸ ਸਰੀਰ ਨੂੰ ਚੂੰਡ ਨਾ, ਛੱਡ ਕੇ ਚਲਾ ਜਾ। ਇਸ ਸਰੀਰ ਵਿਚ ਮੇਰਾ ਪ੍ਰੀਤਮ ਵੱਸਦਾ ਹੈ। ਜਿੰਨੀ ਜਲਦੀ ਹੋ ਸਕੇ ਤੂੰ ਇਸ ਸਰੀਰ ਤੋਂ ਉੱਡ ਜਾ।



Sri Satguru Jagjit Singh Ji eLibrary NamdhariElibrary@gmail.com

ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿਚ ਬਿਰਹਾ ਹਿਰਦੇ ਵਾਲਿਆਂ ਨੇ ਉਸ ਅਵੱਸਥਾ ਵਿਚ ਵੀ ਅੰਮ੍ਰਿਤ ਬਚਨ ਉਚਾਰਨ ਕੀਤੇ ਹਨ, ਕਿਉਂਕਿ ਪ੍ਰਮਾਤਮਾ ਨੂੰ ਮਿਲਣ ਦੀ ਤਾਂਘ ਰੱਖਣ ਵਾਲੇ ਦੇ ਅੰਦਰ ਇਕ ਬਿਰਹਾ ਦੀ ਕਾਂਗ ਉਠਦੀ ਹੈ ਤੇ ਸਿਆਣੇ ਲੋਕ ਬਿਰਹਾ ਨੂੰ ਅੱਗ ਦੇ ਨਾਲ ਤੁਲਨਾ ਦਿੰਦੇ ਹਨ ਕਿ ਮਨੁੱਖ ਦੇ ਅੰਦਰ ਜਾਂ ਤਾਂ ਤ੍ਰਿਸ਼ਨਾ ਦੀ ਅੱਗ ਹੋਵੇਗੀ ਤੇ ਜਾਂ ਫਿਰ ਇਸ ਦੇ ਅੰਦਰ ਬਿਰਹਾ ਦੀ ਅੱਗ ਹੋਵੇਗੀ। ਤ੍ਰਿਸ਼ਨਾ ਦੀ ਅੱਗ ਦਾ ਸੁਭਾਅ ਹੈ ਕਿ ਉਹ ਇਨਸਾਨ ਦੇ ਅੰਦਰ ਗੁਣਾਂ ਨੂੰ ਸਾੜਦੀ ਹੈ ਤੇ ਬਿਰਹਾ ਦੀ ਅੱਗ ਦਾ ਸੁਭਾਅ ਹੈ ਕਿ ਉਹ ਬੰਦੇ ਦੇ ਔਗੁਣਾਂ ਨੂੰ ਸਾੜਦੀ ਹੈ। ਤ੍ਰਿਸ਼ਨਾ ਦੀ ਅੱਗ ਵਿਚ ਮਰਿਆ ਹੋਇਆ ਬੰਦਾ ਦਰ-ਦਰ 'ਤੇ ਭਟਕਦਾ ਹੈ, ਪਰ ਜਿਸ ਅੰਦਰ ਬਿਰਹਾ ਦੀ ਅੱਗ ਪੈਦਾ ਹੋ ਜਾਏ, ਉਸ ਦੀ ਭਟਕਣਾ ਮੁੱਕ ਜਾਂਦੀ ਹੈ। ਤ੍ਰਿਸ਼ਨਾ ਦੀ ਅੱਗ ਵਿਚ ਫਸਿਆ ਹੋਇਆ ਬੰਦਾ ਪਾਖੰਡ ਕਰਦਾ ਹੈ ਤੇ ਬਿਰਹਾ ਦੀ ਜਿਸ ਨੂੰ ਅੱਗ ਲੱਗ ਜਾਵੇ, ਲੋਕ ਉਸ ਨੂੰ ਕਮਲਾ ਸਮਝਣ ਲੱਗ ਪੈਂਦੇ ਹਨ।

ਬਾਬਾ ਫ਼ਰੀਦ ਸਾਹਿਬ ਦੇ ਅੰਦਰ ਇਕ ਤਾਂਘ ਹੈ ਆਪਣੇ ਮਹਿਬੂਬ ਨੂੰ ਮਿਲਣ ਲਈ ਤੇ ਉਨ੍ਹਾਂ ਨੇ ਆਪਣੀ ਰਸਨਾ ਤੋਂ ਇਹ ਸ਼ਬਦ ਵੀ ਕਹੇ ਹਨ ਕਿ ਜਿਸ ਸਰੀਰ ਅੰਦਰ ਹਰ ਤਰ੍ਹਾਂ ਦੀ ਤੜਪ ਹੈ, ਕਾਮ ਦੀ ਤੜਪ ਹੈ, ਲੋਭ ਦੀ ਤੜਪ ਹੈ, ਵਾਸ਼ਨਾ ਦੀ ਤੜਪ ਹੈ। ਜੇ ਉਸ ਸਰੀਰ ਅੰਦਰ ਬਿਰਹਾ ਨਹੀਂ ਪੈਦਾ ਹੋਇਆ ਤਾਂ ਉਹ ਤਨ ਇਸ ਤਰ੍ਹਾਂ ਹੈ, ਜਿਵੇਂ ਸ਼ਮਸ਼ਾਨ ਭੂਮੀ ਹੋਵੇ। ਉਸ ਸਰੀਰ ਵਿਚ ਤੇ ਸ਼ਮਸ਼ਾਨ ਘਾਟ ਵਿਚ ਕੋਈ ਫ਼ਰਕ ਨਹੀਂ, ਕਿਉਂਕਿ ਸ਼ਮਸ਼ਾਨ-ਘਾਟ ਵਿਚ ਵੀ ਮੁਰਦੇ ਟਿਕਦੇ ਹਨ ਤੇ ਜਿਸ ਅੰਦਰ ਬਿਰਹਾ ਨਹੀਂ, ਉਹ ਤਨ ਵੀ ਮੁਰਦਾ ਹੋ ਚੁੱਕਾ ਹੈ।

ਸਾਹਿਬ ਕਹਿੰਦੇ ਹਨ, ਜਿਸ ਅੰਦਰ ਜਾਂ ਜਿਸ ਹਿਰਦੇ ਵਿਚ ਬਿਰਹਾ ਦੀ ਕਾਂਗ ਉਠ ਗਈ, ਉਸ ਸਰੀਰ ਦੀਆਂ ਨੌਂ ਨਿਸ਼ਾਨੀਆਂ ਹਨ। ਪਹਿਲੀ, ਜਿਹੜਾ ਪ੍ਰਮਾਤਮਾ ਨੂੰ ਪਿਆਰ ਕਰਦਾ ਹੈ ਉਸ ਦੀ ਪਹਿਲੀ ਨਿਸ਼ਾਨੀ ਹੈ ਕਿ ਉਹ ਵਿਹਲਾ ਬੈਠਾ ਠੰਡੇ ਹੌਕੇ ਲੈਣਾ ਸ਼ੁਰੂ ਕਰ ਦਿੰਦਾ ਹੈ। ਦੂਸਰੀ, ਜਿਉਂ-ਜਿਉਂ ਅੰਦਰ ਬਿਰਹਾ ਉਠਦਾ ਹੈ, ਤਿਉਂ-ਤਿਉਂ ਉਸ ਦੇ ਸਰੀਰ ਦਾ ਰੰਗ ਪੀਲਾ ਪੈ ਜਾਂਦਾ ਹੈ। ਤੀਸਰੀ, ਉਸ ਦੀਆਂ ਹਮੇਸ਼ਾ ਅੱਖਾਂ ਭਿੱਜੀਆਂ ਰਹਿੰਦੀਆਂ ਹਨ। ਕਦੀ ਉਸ ਦੇ ਸਾਹਮਣੇ ਪਿਆਰੇ ਦੀ ਗੱਲ ਸ਼ੁਰੂ ਹੋਵੇ ਤਾਂ ਅਚਨਚੇਤ ਉਸ ਦੀਆਂ ਅੱਖਾਂ ਵਿਚੋਂ ਨੀਰ ਦੀਆਂ ਧਾਰਾਂ ਨਿਕਲਣੀਆਂ ਸ਼ੁਰੂ ਹੋ ਜਾਂਦੀਆਂ ਹਨ। ਚੌਥੀ, ਉਹ ਬਹੁਤ ਘੱਟ ਬੋਲਦਾ ਹੈ। ਪੰਜਵੀਂ, ਉਸ ਦੀ ਖ਼ੁਰਾਕ ਬਿਲਕੁਲ ਥੋੜੀ ਹੋ ਜਾਂਦੀ ਹੈ। ਛੇਵੀਂ, ਲੋਕ ਆਰਾਮ ਨਾਲ ਸੁੱਤੇ ਹੁੰਦੇ ਹਨ ਅਤੇ ਉਹ ਰਾਤ ਨੂੰ ਵੀ ਤੁਰਦਾ-ਫਿਰਦਾ ਆਪਣੇ ਪਿਆਰੇ ਨੂੰ ਆਵਾਜ਼ਾਂ ਮਾਰਦਾ ਹੈ। ਉਸ ਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ। ਸੱਤਵੀਂ, ਉਹ ਹਰ ਸਮੇਂ ਇਸ ਇੰਤਜ਼ਾਰ ਵਿਚ ਬੈਠਾ ਰਹਿੰਦਾ ਹੈ ਕਿ ਹੁਣੇ ਪਿਆਰਾ ਆਵੇਗਾ, ਹੁਣੇ ਪਿਆਰਾ ਆਵੇਗਾ। ਅੱਠਵੀਂ, ਉਹ ਬੇਕਰਾਰ ਹੋ ਜਾਂਦਾ ਹੈ।



Sri Satguru Jagjit Singh Ji eLibrary NamdhariElibrary@gmail.com

ਇਕ ਥਾਂ 'ਤੇ ਉਹ ਟਿਕਦਾ ਨਹੀਂ। ਨੌਵੀਂ ਉਸ ਦੀ ਨਿਸ਼ਾਨੀ ਇਹ ਹੈ ਕਿ ਆਪਣੇ ਸਿਰ ਨੂੰ ਦੋਨਾਂ ਹੱਥਾਂ ਨਾਲ ਪਕੜ ਲੈਂਦਾ ਹੈ। ਇਹ ਉਹਨਾਂ ਦੀਆਂ ਨੌਂ ਅਵਸਥਾਵਾਂ ਹਨ ਜਿਨ੍ਹਾਂ ਅੰਦਰ ਬਿਰਹਾ ਪੈਦਾ ਹੁੰਦਾ ਹੈ।

ਸਾਹਿਬ ਕਹਿੰਦੇ ਹਨ ਕਿ ਅੱਧੀ ਰਾਤ ਲੰਘ ਗਈ ਹੈ। ਸਾਰੇ ਲੋਕ ਆਰਾਮ ਕਰ ਰਹੇ ਹਨ, ਪਰ ਇਕ ਬਬੀਹਾ ਇਸ ਤਰ੍ਹਾਂ ਦਾ ਹੈ ਕਿ ਰਾਤ ਲੰਘ ਗਈ ਹੈ, ਪਰ ਅਜੇ ਵੀ ਪੀਆ-ਪੀਆ ਦੀ ਰੱਟ ਲਗਾਈ ਬੈਠਾ ਹੈ। ਸਾਹਿਬ ਕਹਿੰਦੇ ਹਨ, ਅੱਧੀ ਰਾਤ ਲੰਘ ਗਈ, ਬਬੀਹਾ ਬੋਲਦਾ ਪਿਆ ਹੈ। ਕਹਿੰਦੇ ਹਨ ਕਿ ਮਾਂ ਇਸ ਬਬੀਹੇ ਦੀ ਤੇ ਮੇਰੀ ਹੋਰ ਹੈ। ਇਸ ਦੀਆਂ ਅੱਖਾਂ ਵਿਚ ਵੀ ਪਾਣੀ ਹੈ। ਇਸ ਦੀ ਜ਼ਬਾਨ ਵੀ ਪਿਆਰੇ ਨੂੰ ਮਿਲਣ ਲਈ ਬਿੜਕਦੀ ਹੈ, ਜਿਵੇਂ ਇਸ ਨੂੰ ਨੀਂਦ ਨਹੀਂ ਆ ਰਹੀ। ਧੰਨ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਬਿਰਹੀ ਹਿਰਦੇ ਨੂੰ ਵੀ ਇਸ ਤਰ੍ਹਾਂ ਨੀਂਦ ਨਹੀਂ ਆਉਂਦੀ। ਸਾਹਿਬ ਕਹਿੰਦੇ ਹਨ, ਬਿਰਹਾ ਪ੍ਰਮਾਤਮਾ ਦੀ ਇਕ ਉਹ ਦਾਤ ਹੈ, ਜਿਸ ਨੇ ਪ੍ਰੇਮ ਵਾਲੇ ਪਾਸੇ, ਭਗਤੀ ਵਾਲੇ ਪਾਸੇ ਤੁਰਨਾ ਹੈ। ਉਸ ਦੇ ਅੰਦਰ ਇਹ ਘਟਨਾ ਜ਼ਰੂਰ ਵਾਪਰਦੀ ਹੈ। ਜਿਵੇਂ ਇਕ ਮਾਂ ਆਪਣੀ ਸੰਤਾਨ ਨੂੰ ਗੋਦ ਵਿਚ ਖਿਡਾਉਣਾ ਚਾਹੁੰਦੀ ਹੈ। ਸਾਹਿਬ ਕਹਿੰਦੇ ਹਨ, ਜਿੰਨੀ ਦੇਰ ਤੱਕ ਉਹ ਪਰਸੂਤ ਦੀ ਪੀੜਾ ਨੂੰ ਜਰੇਗੀ ਨਹੀਂ ਤਾਂ ਸੰਤਾਨ ਨੂੰ ਜਨਮ ਨਹੀਂ ਦੇ ਸਕਦੀ। ਬੱਚੇ ਨੂੰ ਜਨਮ ਦੇਣ ਲਈ ਉਸ ਲਈ ਪੀੜਾ ਅੱਤ ਲਾਜ਼ਮੀ ਬਣ ਜਾਂਦੀ ਹੈ ਤੇ ਜਿਸ ਨੇ ਰੱਬ ਨੂੰ ਪਾਉਣਾ ਹੈ, ਉਸ ਲਈ ਵੀ ਬਿਰਹਾ ਇਕ ਪੀੜਾ ਬਣ ਕੇ ਆਉਂਦੀ ਹੈ। ਜਿਵੇਂ ਪਰਸੂਤ ਦੀਆਂ ਪੀੜਾਂ, ਮਾਂ ਦੀਆਂ ਚੀਕਾਂ ਇਕ ਦਮ ਖ਼ੁਸ਼ੀ ਵਿਚ ਬਦਲ ਜਾਂਦੀਆਂ ਹਨ ਤੇ ਜਦੋਂ ਬਿਰਹਾ ਦੀ ਕਾਂਗ ਵਿੱਚੋਂ ਲੰਘਦਾ ਹੈ ਤਾਂ ਪਿਆਰੇ ਦਾ ਮਿਲਾਪ ਆਨੰਦ ਵਿਚ ਬਦਲ ਜਾਂਦਾ ਹੈ।

ਬਾਬਾ ਬਕ੍ਹਾਲੇ ਦੇ ਨਜ਼ਦੀਕ ਇਕ ਨਗਰ ਹੈ ਬੂਤਾਰਾਮ। ਉਸ ਨੂੰ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ-ਛੁਹ ਪ੍ਰਾਪਤ ਹੈ। ਉਥੇ ਵੀ ਗੁਰੂ ਜੀ ਗਏ, ਇਕ ਬਿਰਹਾ ਵਿਚ ਭਿੱਜੇ ਹੋਏ ਬੱਚੇ ਦੀ ਆਵਾਜ਼ ਨੂੰ ਸੁਣ ਕੇ। ਉਸ ਦੇ ਬਾਪ ਦਾ ਚਲਾਣਾ ਹੋ ਚੁੱਕਾ ਹੈ। ਵਿਧਵਾ ਮਾਂ ਆਪਣੇ ਬੱਚੇ ਨੂੰ ਪਾਲਦੀ ਹੈ। ਖੂਹ ਉੱਤੇ ਬੈਠਾ ਹੈ ਤੇ ਪ੍ਰਮਾਤਮਾ ਦੇ ਰੰਗ ਵਿਚ ਰੱਤੀਆਂ ਹੋਈਆਂ ਰੂਹਾਂ ਲੰਘ ਰਹੀਆਂ ਹਨ। ਇਕ ਨੇ ਆਪਣੇ ਮੋਢੇ ਉੱਪਰ ਚਾਦਰ ਰੱਖੀ ਹੈ, ਦੂਸਰੇ ਉਨ੍ਹਾਂ ਦੇ ਪਿੱਛੇ-ਪਿੱਛੇ ਤੁਰਦੇ ਪਏ ਹਨ ਤੇ ਜਿਸ ਨੇ ਆਪਣੇ ਮੋਢੇ 'ਤੇ ਚਾਦਰ ਰੱਖੀ ਹੈ, ਉਹ ਆਪਣੀ ਜ਼ਬਾਨ ਤੋਂ ਸਤਿਗੁਰੂ ਦੀ ਅੰਮ੍ਰਿਤ ਬਾਣੀ ਪੜ੍ਹ ਰਿਹਾ ਸੀ। ਬਾਕੀ ਸੁਣਦੇ ਪਏ ਸਨ। ਖੂਹ ਦੇ ਕੋਲ ਆ ਗਏ ਤੇ ਇਥੇ ਰੁਕ ਕੇ ਬੱਚੇ ਨੂੰ ਆਵਾਜ਼ ਦੇ ਕੇ ਕਹਿਣ ਲੱਗੇ, ਬੇਟਾ ! ਪਿਆਸ ਲੱਗੀ ਹੈ, ਪਾਣੀ ਪਿਲਾਏਂਗਾ ? ਉਹ ਤੇਜੀ ਨਾਲ ਪਾਣੀ ਲੈਣ ਗਿਆ। ਜਿਹੜਾ ਬਾਣੀ ਪੜ੍ਹਨ ਵਾਲਾ ਗੁਰਮੁਖ ਸੀ, ਉਸ ਨੇ ਬੱਚੇ ਦੇ ਚਿਹਰੇ ਵੱਲ ਦੇਖ ਕੇ ਇੰਨੀ ਗੱਲ ਕਹੀ ਕਿ ਬੇਟਾ ! ਤੇਰੇ ਸਤਿਗੁਰੂ ਜੀ ਦਾ ਕੀ ਨਾਮ ਹੈ ? ਉਸ



Sri Satguru Jagjit Singh Ji eLibrary NamdhariElibrary@gmail.com

ਨੇ ਕਿਹਾ ਕਿ ਬਾਬਾ, ਮੈਨੂੰ ਕੁਝ ਪਤਾ ਨਹੀਂ, ਮੇਰੀ ਮਾਈ ਜ਼ਰੂਰ ਨਾਮ ਲੈਂਦੀ ਹੁੰਦੀ ਹੈ। ਉਸ ਬਾਣੀ ਪੜ੍ਹਨ ਵਾਲੇ ਨੇ ਕਿਹਾ, ਬੇਟਾ ! ਤੈਨੂੰ ਪਤਾ ਨਹੀਂ। ਜਿਹੜਾ ਤੂੰ ਸੁਆਸ ਲੈ ਰਿਹਾ ਹੈਂ, ਤੂੰ ਪ੍ਰਮਾਤਮਾ ਦਾ ਦਿੱਤਾ ਤਨ ਹੰਢਾ ਰਿਹਾ ਹੈਂ, ਇਹ ਸਰੀਰ ਮਿਲਿਆ ਹੀ ਗੁਰੂ ਭਗਤੀ ਵਾਸਤੇ ਹੈ। ਤੈਨੂੰ ਅਜੇ ਤੱਕ ਪਤਾ ਨਹੀਂ ਕਿ ਤੇਰੀ ਕਿੰਨੀ ਉਮਰ ਲੰਘ ਗਈ ਹੈ ਤੇ ਨਾਲੇ ਮੌਤ ਦਾ ਕੀ ਭਰੋਸਾ। ਗੁਰੂ ਤੋਂ ਬਿਨਾਂ ਅੱਗੇ ਕਿਸੇ ਨੇ ਸੰਭਾਲਣਾ ਨਹੀਂ। ਗੁਰੂ ਤੋਂ ਬਿਨਾਂ ਕਿਸੇ ਨੇ ਸਹਾਰਾ ਨਹੀਂ ਦੇਣਾ। ਬਸ ਇੰਨੀ ਕੁ ਗੱਲ ਕਹਿ ਕੇ ਚੱਲੇ ਗਏ।

ਬੱਚੇ ਦਾ ਅੰਦਰ ਬਿਲਕੁਲ ਨਿਰਮਲ ਹੈ। ਉਸ ਨੂੰ ਸ਼ਬਦ ਦੀ ਚੋਟ ਵੱਜੀ। ਘਰ ਗਿਆ ਤਾਂ ਮਾਈ ਨੇ ਦੇਖਿਆ ਕਿ ਬੱਚਾ ਰੋਇਆ ਲੱਗਦਾ ਹੈ। ਕਹਿਣ ਲੱਗੀ, ਬੇਟਾ ! ਤੈਨੂੰ ਕਿਸੇ ਨੇ ਕੁਝ ਕਿਹਾ ਹੈ ? ਕਹਿਣ ਲੱਗਾ, ਮਾਂ ! ਮੈਨੂੰ ਇਕ ਗੱਲ ਦੱਸ, ਆਪਣਾ ਗੁਰੂ ਕੌਣ ਹੈ ? ਮਾਂ ਨੇ ਕਿਹਾ, ਹਾਂ ਬੇਟਾ, ਧੰਨ ਗੁਰੂ ਨਾਨਕ ਸਾਹਿਬ ਦਾ ਘਰ ਸਾਡਾ ਘਰ ਹੈ। ਗੁਰੂ ਨਾਨਕ ਸਾਹਿਬ ਦੀ ਜੋਤ ਸਾਡੇ ਗੁਰੂ ਹਨ। ਕਹਿਣ ਲੱਗਾ, ਮਾਂ ! ਉਸ ਗੁਰੂ ਨੂੰ ਮਿਲਣ ਦਾ ਵਸੀਲਾ ਕੀ ਹੈ ? ਕਹਿਣ ਲੱਗੀ, ਇਸ ਸਮੇਂ ਧੰਨ ਗੁਰੂ ਹਰਿਗੋਬਿੰਦ ਸਾਹਿਬ ਉਸ ਜੋਤ ਦੇ ਮਾਲਕ ਹਨ। ਕਹਿਣ ਲੱਗਾ, ਚੱਲ ਫਿਰ ਮਾਂ ਦੀਦਾਰ ਕਰੀਏ। ਅੱਗੋਂ ਮਾਂ ਕਹਿੰਦੀ ਹੈ, ਘਰ ਵਿਚ ਗ਼ਰੀਬੀ ਹੈ। ਰੋਟੀ ਇਕ ਸਮੇਂ ਦੀ ਬੜੀ ਮੁਸ਼ਕਿਲ ਨਾਲ ਪਕਦੀ ਹੈ। ਪੁੱਤਰ ! ਇਕ ਕੰਮ ਕਰ ਜੇ ਗੁਰੂ ਨੂੰ ਮਿਲਣਾ ਚਾਹੁੰਦਾ ਹੈਂ ਤਾਂ ਤੂੰ ਪਿਆਰ ਨਾਲ ਉਨ੍ਹਾਂ ਨੂੰ ਪੁਕਾਰਨਾ ਸ਼ੁਰੂ ਕਰ ਦੇ। ਉਸ ਨੇ ਕਿਹਾ ਕਿ ਮਾਂ, ਮੈਂ ਪੁਕਾਰਦਾ ਹਾਂ। ਜੇਕਰ ਸਤਿਗੁਰੂ ਆ ਗਏ ਪੁਕਾਰ ਸੁਣ ਕੇ ਤਾਂ ਅਸੀਂ ਉਨ੍ਹਾਂ ਦੇ ਚਰਨਾਂ ਵਿਚ ਭੇਟਾ ਕੀ ਰੱਖਾਂਗੇ ? ਮਾਂ ਨੇ ਦੇਖਿਆ ਕਿ ਸੱਚੀ-ਮੁੱਚੀ ਇਸ ਦੀ ਭਾਵਨਾ ਪ੍ਰਬਲ ਹੋ ਰਹੀ ਹੈ। ਭਾਂਡੇ ਵਿਚੋਂ ਗੁੜ ਦੀ ਢੇਲੀ ਕੱਢੀ ਤੇ ਕਹਿੰਦੀ ਹੈ ਪੁੱਤਰ ! ਜਿਸ ਗੁਰੂ ਨੂੰ ਤੂੰ ਪੁਾਕਰਨਾ ਹੈਂ, ਉਹ ਗੁਰੂ ਅਮੀਰ ਨਿਵਾਜ਼ ਨਹੀਂ, ਗ਼ਰੀਬ ਨਿਵਾਜ਼ ਹੈ। ਜਦੋਂ ਤੇਰੇ ਕੋਲ ਆ ਗਿਆ ਤਾਂ ਸਭ ਤੋਂ ਪਹਿਲਾਂ ਗੁੜ ਦੀ ਢੇਲੀ ਉਸ ਦੇ ਚਰਨਾਂ ਵਿਚ ਭੇਟ ਕਰ ਦੇਈਂ। ਉਸ ਨੇ ਘੁੱਟ ਕੇ ਪੱਲੇ ਨਾਲ ਬੰਨ੍ਹ ਦਿੱਤੀ। ਬਾਹਰ ਗਿਆ ਤੇ ਡੰਗਰ ਚਾਰਨ ਲੱਗ ਪਿਆ। ਨਾਲਦਿਆਂ ਨੇ ਪੁੱਛਿਆ ਕਿ ਇਹ ਕੀ ਬੰਨ੍ਹ ਕੇ ਲਿਆਇਆ ਹੈਂ ? ਕਹਿੰਦਾ ਹੈ, ਨਹੀਂ, ਗੁੜ ਦੀ ਢੇਲੀ ਬੰਨ੍ਹੀ ਹੋਈ ਹੈ। ਮੈਂ ਸਤਿਗੁਰੂ ਨੂੰ ਪੁਕਾਰਦਾ ਹਾਂ, ਕੀ ਪਤਾ ਖੇਤਾਂ ਵਿਚ ਆ ਜਾਣ। ਸਭ ਤੋਂ ਪਹਿਲਾਂ ਉਨ੍ਹਾਂ ਦੇ ਚਰਨਾਂ ਵਿਚ ਭੇਟਾ ਕਰਨੀ ਹੈ। ਨਾਲਦਿਆਂ ਨੇ ਹੱਸ ਕੇ ਕਿਹਾ, ਮੂਰਖਾ ! ਗੁਰੂ ਸਾਡਾ ਸ਼ਹਿਨਸ਼ਾਹ ਹੈ, ਤੇਰੀ ਗੁੜ ਦੀ ਢੇਲੀ ਖ਼ਾਤਿਰ ਉਸ ਨੇ ਆਉਣਾ ਹੈ ? ਕਹਿੰਦਾ ਹੈ, ਮਾਂ ਕਹਿੰਦੀ ਹੈ ਕਿ ਜ਼ਰੂਰ ਆਉਣਗੇ।

ਬੱਚਾ ਗੁਰੂ-ਗੁਰੂ ਪੁਕਾਰਨ ਲੱਗਾ। ਅੰਦਰ ਨਿਰਮਲ ਸੀ। ਪੁਕਾਰਨ ਲੱਗਾ। ਉਹ ਪੁਕਾਰ ਕੁਝ ਦਿਨਾਂ ਤੋਂ ਬਾਅਦ ਬਿਰਹਾ ਬਣ ਗਈ। ਪੁਕਾਰਦਾ-ਪੁਕਾਰਦਾ ਰੋਣ ਲੱਗ ਪਿਆ। ਨਾਲਦਿਆਂ ਸਾਥੀਆਂ ਨੇ ਨਾਮ ਪਾ ਦਿੱਤਾ ਪੱਲਾ, ਕਿਉਂਕਿ ਉਹ ਪੱਲੇ ਨਾਲੋਂ



Sri Satguru Jagjit Singh Ji eLibrary NamdhariElibrary@gmail.com

ਗੁੜ ਨਹੀਂ ਖੋਲ੍ਹਦਾ ਸੀ। ਇਹੋ ਜਿਹੀ ਕ੍ਰਿਪਾ ਵਾਪਰੀ ਕਿ ਹੁਣ ਖੇਤ ਵਿਚ ਹੀ ਰਹਿਣ ਲੱਗ ਪਿਆ। ਉਸ ਦੀ ਪੁਕਾਰ ਬਿਰਹਾ ਦੀ ਕਾਂਗ ਬਣ ਗਈ। ਉਸ ਨੇ ਘਰ ਜਾਣਾ ਘਟਾ ਦਿੱਤਾ। ਮਾਈ ਨੂੰ ਫ਼ਿਕਰ ਪੈ ਗਈ ਕਿ ਬੱਚੇ ਨੂੰ ਹੋ ਕੀ ਗਿਆ ਹੈ, ਪਰ ਮਾਂ ਦੀ ਪ੍ਰੇਰਨਾ ਨਾਲ ਉਸ ਦੇ ਰੋਮ-ਰੋਮ ਵਿਚ ਬਿਰਹਾ ਰੱਚ ਗਈ।

ਧੰਨ ਗੁਰੂ ਹਰਿਗੋਬਿੰਦ ਸਾਹਿਬ ਬਾਬਾ ਬਕਾਲੇ ਦੀ ਧਰਤੀ 'ਤੇ ਵਿਚਰ ਰਹੇ ਸਨ। ਸਿਰਫ਼ ਇੱਕੋ ਰਾਤ ਦੀਦਾਰ ਦੀ ਸੀ। ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਤਰਸ ਦੇ ਘਰ ਵਿਚ ਆਏ। ਅੰਦਰ ਦੀ ਪੁਕਾਰ ਸੁਣੀ ਗਈ। ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਿਸੇ ਨੂੰ ਨਾਲ ਨਹੀਂ ਲਿਆ। ਹਜ਼ੂਰ ਘੋੜੇ 'ਤੇ ਸਵਾਰ ਹੋ ਕੇ ਬਟਾਲੇ ਪਿੰਡ ਦੇ ਨਜ਼ਦੀਕ ਆ ਪਹੁੰਚੇ। ਇਥੋਂ ਪਿੰਡ ਦਾ ਚੌਧਰੀ ਬੰਦਾ ਆ ਰਿਹਾ ਸੀ। ਸਾਹਿਬ ਨੇ ਇਸ ਨੂੰ ਹੀ ਪੁੱਛ ਲਿਆ ਕਿ ਭਾਈ, ਇਸ ਪਿੰਡ ਦਾ ਚੌਧਰੀ ਕੌਣ ਹੈ ? ਉਸ ਨੇ ਅੱਗੋਂ ਮਜ਼ਾਕ ਕਰ ਦਿੱਤਾ। ਉਸ ਸਮੇਂ ਭਾਈ ਪੱਲਾ ਵੱਟ 'ਤੇ ਬੈਠਾ ਸੀ। ਉਸ ਨੇ ਮਜ਼ਾਕ ਕਰਕੇ ਕਹਿ ਦਿੱਤਾ, ਬਾਬਾ ਜੀ ! ਉਹ ਜਿਹੜਾ ਨਿਆਣਾ ਬੈਠਾ ਹੈ, ਉਹ ਪਿੰਡ ਦਾ ਚੌਧਰੀ ਹੈ, ਕਿਉਂਕਿ ਉਹ ਸਭ ਤੋਂ ਗ਼ਰੀਬ ਸਨ।

ਗੁਰੂ ਸਾਹਿਬ ਨੇ ਕਿਹਾ, ਇਹ ਹੀ ਚੌਧਰੀ ਹੋਵੇਗਾ। ਸੱਚੇ ਪਾਤਿਸ਼ਾਹ ਜਦੋਂ ਉਸ ਦੇ ਕੋਲ ਗਏ ਤਾਂ ਸੱਚ ਮੁੱਚ ਇਹ ਬੱਚਾ ਗੁਰੂ-ਗੁਰੂ ਕਹਿ ਰਿਹਾ ਸੀ। ਸਿਰਫ਼ ਉਸ ਦੇ ਬੁੱਲਾਂ ਵਿਚ ਗੁਰੂ ਦੀ ਆਵਾਜ਼ ਸੀ। ਜਦੋਂ ਧੰਨ ਗੁਰੂ ਹਰਿਗੋਬਿੰਦ ਸਾਹਿਬ ਘੋੜੇ ਤੋਂ ਥੱਲੇ ਉਤਰੇ ਤੇ ਭਾਈ ਪੱਲੇ ਦੇ ਕੋਲ ਗਏ। ਆਵਾਜ਼ ਦੇ ਕੇ ਕਹਿਣ ਲੱਗੇ, ਬੇਟਾ ! ਭੁੱਖ ਲੱਗੀ ਹੈ, ਜੋ ਤੂੰ ਆਪਣੇ ਕੱਪੜੇ ਵਿਚ ਲਪੇਟਿਆ ਹੈ, ਕੀ ਤੂੰ ਮੈਨੂੰ ਛੱਕਣ ਲਈ ਦੇਵੇਂਗਾ ? ਉਹ ਸਿਰਫ਼ ਗੁਰੂ-ਗੁਰੂ ਪੁਕਾਰੀ ਜਾ ਰਿਹਾ ਸੀ। ਮਹਾਰਾਜ ਜੀ ਨੇ ਕਿਹਾ, ਬੇਟਾ ! ਛੱਕਣ ਨੂੰ ਦੇ। ਬੱਚਾ ਨੀਵੀਂ ਪਾਈ ਤੇ ਕਹਿਣ ਲੱਗਾ, ਅਸਲ ਵਿਚ ਮੈਂ ਬਹੁਤ ਗ਼ਰੀਬ ਹਾਂ। ਮੇਰੇ ਸਤਿਗੁਰੂ ਨੇ ਆਉਣਾ ਹੈ ਤੇ ਮਾਂ ਨੇ ਗੁੜ ਦਿੱਤਾ ਹੈ। ਇਹ ਭੇਟਾ ਗੁਰੂ ਲਈ ਹੈ। ਲੋਕਾਂ ਨੇ ਮੇਰਾ ਨਾਮ ਪੱਲੂ ਪਾ ਦਿੱਤਾ ਹੈ। ਖਿਮਾ ਕਰਿਉ, ਮੈਂ ਇਹ ਸਤਿਗੁਰੂ ਨੂੰ ਭੇਟਾ ਕਰਨਾ ਹੈ। ਇੰਨੇ ਸ਼ਬਦ ਕਹੇ ਕਿ ਮੇਰਾ ਗੁਰੂ ਆਵੇਗਾ ਤੇ ਮੈਂ ਭੇਟ ਕਰਨਾ ਹੈ। ਇਕੋ ਦਮ ਬਿਰਹਾ ਦੀ ਕਾਂਗ ਉੱਠੀ ਤੇ ਉੱਚੀ ਸਾਰੀ ਰੋ ਪਿਆ। ਸਾਹਿਬ ਨੇ ਗਲੇ ਨਾਲ ਲਗਾਇਆ ਤੇ ਕਿਹਾ, ਬੇਟਾ ! ਤੂੰ ਪੁਕਾਰਦਾ ਹੈਂ ਤੇ ਅਸੀਂ ਆ ਗਏ।

ਜਦੋਂ ਉਸ ਨੇ ਦੇਖਿਆ ਤਾਂ ਚਰਨਾਂ ਵਿਚ ਡਿੱਗ ਪਿਆ। ਸਾਹਿਬ ਨੇ ਗਲੇ ਨਾਲ ਲਗਾ ਕੇ ਕਿਹਾ, ਚਲ ਮੈਨੂੰ ਘਰ ਲੈ ਜਾ। ਘਰ ਲੈ ਗਿਆ ਤੇ ਗੁੜ ਅੱਗੇ ਰੱਖਿਆ। ਸਾਹਿਬ ਨੇ ਗੁੜ ਛੱਕਿਆ। ਮਾਂ ਕੋਲ ਆਈ ਤੇ ਉਸ ਨੇ ਮੱਥਾ ਟੇਕਿਆ। ਸਾਹਿਬ ਨੇ ਕਿਹਾ, ਭੈਣੇ ! ਲੰਗਰ ਤਿਆਰ ਕਰ, ਸੰਗਤ ਆ ਗਈ ਹੈ। ਉਸ ਸਮੇਂ ਭੀੜ ਇਕੱਠੀ ਹੋਈ ਹੋਈ ਸੀ। ਘਰ ਵਿਚ ਕੁਝ ਨਹੀਂ ਸੀ, ਪਰ ਸਾਹਿਬ ਦੇ ਸਾਹਮਣੇ ਕੁਝ ਨਾ ਬੋਲੀ। ਮਹਾਰਾਜ ਜੀ



Sri Satguru Jagjit Singh Ji eLibrary NamdhariElibrary@gmail.com

ਨੇ ਕਿਹਾ ਕਿ ਜੋ ਤੂੰ ਸੋਚ ਰਹੀ ਹੈਂ, ਇਸ ਘਰ ਵਿਚ ਕਦੀ ਤੋਟ ਨਹੀਂ ਆਵੇਗੀ। ਤੂੰ ਗੁਰੂ ਦੇ ਸ਼ਬਦ ਨੂੰ ਪੜ੍ਹ ਅਤੇ ਜੋ ਤੇਰੇ ਘਰ ਹੈ, ਉਹ ਰੱਖ। ਚੇਤੇ ਰੱਖੀਂ, ਇਸ ਵਿਚ ਹੀ ਬਰਕਤਾਂ ਪਈ ਜਾਣਗੀਆਂ। ਉਥੇ ਲੰਗਰ ਚਲਣ ਲੱਗ ਪਿਆ।

ਸਾਹਿਬ ਕਹਿੰਦੇ ਹਨ, ਭਾਈ ਤਾਰੂ ਸਿੰਘ ਜੀ, ਜਿਸ ਨੇ ਕਰਤਾਰਪੁਰ ਦੀ ਧਰਤੀ 'ਤੇ ਬਾਬੇ ਨਾਨਕ ਦੇ ਚਰਨਾਂ ਵਿਚੋਂ ਗੁਰਮਤਿ ਦਾ ਉਪਦੇਸ਼ ਲਿਆ। ਕਰਤਾਰਪੁਰ ਦੀ ਧਰਤੀ 'ਤੇ ਬਾਬੇ ਨਾਨਕ ਜੀ ਨੇ 18 ਸਾਲ ਆਪਣੇ ਹੱਥੀਂ ਹੱਲ ਵਾਹਿਆ। ਕਿੰਨੇ ਉਹ ਬ੍ਰਹਮ ਗਿਆਨੀ ਭਾਗਾਂ ਵਾਲੇ ਸਨ, ਜਿਹੜੇ ਕਰਤਾਰਪੁਰ ਖੇਤਾਂ ਵਿਚ ਬਾਬੇ ਨਾਨਕ ਦੇ ਨਾਲ ਕੰਮ ਕਰਦੇ ਤੇ ਜਦੋਂ ਸ਼ਾਮ ਨੂੰ ਘਰ ਆਉਣਾ ਤਾਂ ਹਜ਼ੂਰ ਮੰਜੀ 'ਤੇ ਬੈਠਦੇ ਸਨ। ਸਾਰੇ ਸਿੱਖ ਥੱਲੇ ਜ਼ਮੀਨ 'ਤੇ ਬਾਬਾ ਜੀ ਦੇ ਦਰਸ਼ਨ ਕਰਨ ਲਈ ਬੈਠਦੇ ਸਨ। ਧਰਮਸ਼ਾਲਾ ਵਿਚ ਸਾਰਿਆਂ ਨੇ ਸਵੇਰੇ ਜਲਦੀ ਹੀ ਪਹੁੰਚ ਜਾਣਾ ਤੇ ਇਸ ਲਈ ਭਾਈ ਤਾਰੂ ਪੋਪਟ ਨੇ ਆਉਣਾ। ਜਦੋਂ ਕੀਰਤਨ ਹੋਣਾ ਤੇ ਇਸ ਨੇ ਗੁਰੂ ਨਾਨਕ ਸਾਹਿਬ ਦੇ ਕੋਲ ਖੜੇ ਰਹਿਣਾ, ਬੈਠਣਾ ਨਾ। ਹੱਥ ਜੁੜੇ ਰਹਿਣੇ ਤੇ ਨੇਤਰ ਬੰਦ ਕਰਕੇ ਇਸ ਬੱਚੇ ਨੇ ਖਲੋਤੇ ਰਹਿਣਾ। ਗੁਰਦੇਵ ਨੇ ਕਿਹਾ ਕਿ ਇਸ ਨੂੰ ਪੁੱਛੋ, ਰੋਜ਼ ਆਉਂਦਾ ਹੈ। ਚਾਹੇ ਸਰਦੀ ਹੋਵੇ, ਹਨੇਰੀ ਹੋਵੇ ਜਾਂ ਮੀਂਹ ਹੋਵੇ, ਇਹ ਨੇਮ ਨਾਲ ਆਉਂਦਾ ਹੈ ਤੇ ਆ ਕੇ ਸੰਗਤ ਵਿਚ ਖੜਾ ਰਹਿੰਦਾ ਹੈ ਜਾਂ ਸੇਵਾ ਕਰਦਾ ਹੈ। ਇਸ ਨੂੰ ਪੁੱਛੋ, ਇਹ ਕੌਣ ਹੈ ?

ਜਦੋਂ ਬੱਚੇ ਨੂੰ ਹਜ਼ੂਰ ਦੇ ਕੋਲ ਬੁਲਾਇਆ ਤਾਂ ਉਸ ਨੂੰ ਕਹਿਣ ਲੱਗੇ, ਤੂੰ ਸਵੇਰੇ ਅੰਮ੍ਰਿਤ ਵੇਲੇ ਹੱਥ ਜੋੜ ਕੇ ਖਲੋ ਜਾਂਦਾ ਹੈਂ, ਨੇਤਰ ਤੇਰੇ ਬੰਦ ਰਹਿੰਦੇ ਹਨ, ਕੀ ਗੱਲ ਤੈਨੂੰ ਨੀਂਦ ਨਹੀਂ ਆਉਂਦੀ ? ਤੂੰ ਬੇਚੈਨ ਕਿਉਂ ਹੈਂ ? ਕਹਿਣ ਲੱਗਾ, ਬਾਬਾ ਜੀ ! ਜਿਸ ਨੂੰ ਮੌਤ ਸਾਹਮਣੇ ਦਿੱਸਣ ਲੱਗ ਪਵੇ, ਉਸ ਨੂੰ ਨੀਂਦ ਕਿਥੇ ਆਉਣੀ ਹੋਈ। ਹੱਸ ਕੇ ਕਹਿਣ ਲੱਗੇ, ਬੇਟਾ ! ਉਮਰ ਤੇਰੀ ਕਿੰਨੀ ਹੈ ? ਕਹਿਣ ਲੱਗਾ, ਮਹਾਰਾਜ ! ਦਸ ਕੁ ਵਰ੍ਹੇ ਦਾ ਹਾਂ। ਕਹਿਣ ਲੱਗੇ, ਦਸ ਕੁ ਵਰ੍ਹੇ ਵਿਚ ਤੈਨੂੰ ਮੌਤ ਦਿੱਸਣ ਲੱਗ ਪਈ। ਕਹਿਣ ਲੱਗਾ, ਬਾਬਾ ਜੀ ! ਬਸ, ਮਾਂ ਨੇ ਚੁਲ੍ਹੇ ਵਿਚ ਅੱਗ ਬਾਲਣ ਲਈ ਕਿਹਾ ਤਾਂ ਉਸ ਚੁਲ੍ਹੇ ਵਿਚ ਅੱਗ ਬਾਲਦੇ ਹੀ ਪਤਾ ਲੱਗ ਗਿਆ ਕਿ ਮੌਤ ਕਦੀ ਵੀ ਆ ਸਕਦੀ ਹੈ।

ਗੁਰੂ ਜੀ ਨੇ ਪੁੱਛਿਆ, ਬੇਟਾ ! ਚੁੱਲ੍ਹੇ ਵਿਚ ਅੱਗ ਬਾਲਦਾ ਕਿਉਂ ਹੈਂ ? ਕਹਿੰਦਾ ਹੈ, ਮਾਂ ਨੇ ਰੋਟੀ ਪਕਾਉਣੀ ਸੀ ਤੇ ਮੈਨੂੰ ਆਵਾਜ਼ ਦੇ ਕੇ ਕਿਹਾ ਕਿ ਤਾਰੂ, ਮੈਂ ਅੰਦਰ ਆਟਾ ਗੁੰਨ੍ਹਣ ਲੱਗੀ ਹਾਂ, ਤੂੰ ਇੰਨੀ ਦੇਰ ਤੱਕ ਚੁੱਲ੍ਹੇ ਵਿਚ ਲੱਕੜਾਂ ਪਾ ਕੇ ਅੱਗ ਬਾਲ ਦੇ। ਕਹਿਣ ਲੱਗਾ, ਬਾਬਾ ਜੀ ! ਮੈਂ ਟਾਹਣੇ ਲਿਆਂਦੇ। ਚੁੱਲ੍ਹੇ ਵਿਚ ਰੱਖ ਕੇ ਜਦੋਂ ਅੱਗ ਬਾਲਣ ਦਾ ਯਤਨ ਕਰਾਂ, ਪਰ ਅੱਗ ਬਲੇ ਨਾ। ਮਾਂ ਕਹਿਣ ਲੱਗੀ, ਪੁੱਤਰ ! ਵੱਡਿਆਂ ਟਾਹਣਿਆਂ ਨੂੰ ਪਹਿਲਾਂ ਅੱਗ ਨਹੀਂ ਲੱਗਦੀ। ਪਹਿਲਾਂ ਉੱਪਰ ਵਾਲੀਆਂ ਟਾਹਣੀਆਂ, ਸ਼ਾਖ਼ਾਵਾਂ ਤੇ ਪੱਤੇ ਤੋੜ ਕੇ ਲਿਆ। ਉਨ੍ਹਾਂ ਨੂੰ ਚੁੱਲ੍ਹੇ ਵਿਚ ਰੱਖ ਕੇ ਅੱਗ ਬਾਲ ਤੇ ਬਾਅਦ



Sri Satguru Jagjit Singh Ji eLibrary NamdhariElibrary@gmail.com

ਵਿਚ ਟਾਹਣਾਂ ਨੂੰ ਅੱਗ ਲੱਗੇਗੀ। ਕਹਿੰਦਾ ਹੈ, ਬਸ, ਚੁੱਲ੍ਹੇ ਦੀ ਅੱਗ ਕੀ ਬਾਲਣੀ ਸੀ, ਬਾਬਾ ਜੀ ! ਉਸ ਦਿਨ ਮਨ ਨੂੰ ਇਕ ਸੋਝੀ ਆ ਗਈ ਕਿ ਸ਼ਾਖ਼ਾਵਾਂ ਤਾਂ ਟਾਹਣੇ ਤੋਂ ਬਾਅਦ ਆਈਆਂ ਹਨ। ਜੇਕਰ ਪਹਿਲਾਂ ਪੈਦਾ ਹੋਏ ਟਾਹਣ ਨੂੰ ਅੱਗ ਨਹੀਂ ਲੱਗਦੀ, ਨਿੱਕੀਆਂ-ਨਿੱਕੀਆਂ ਕਰੂੰਬਲਾਂ ਨੂੰ, ਟਾਹਣੀਆਂ ਨੂੰ ਪਹਿਲਾਂ ਅੱਗ ਲੱਗਦੀ ਹੈ ਤੇ ਮਨ ਵਿਚੋਂ ਆਵਾਜ਼ ਆ ਗਈ ਮਨਾਂ ! ਜੇ ਨਿੱਕੀਆਂ ਟਾਹਣੀਆਂ, ਨਿੱਕੇ ਤੀਲੇ ਪਹਿਲਾਂ ਫੂਕੇ ਜਾਂਦੇ ਨੇ ਅਤੇ ਵੱਡਿਆਂ ਨੂੰ ਬਾਅਦ ਵਿਚ ਫੂਕਿਆ ਜਾਂਦਾ ਹੈ ਤਾਂ ਕਿਸ ਦਾ ਮਾਣ ਕਰਦਾ ਹੈਂ ? ਹੋ ਸਕਦਾ ਹੈ ਜਨਮ ਦੇਣ ਵਾਲੇ ਦੁਨੀਆਂ ਵਿਚੋਂ ਬਾਅਦ ਵਿਚ ਕੂਚ ਕਰਨ ਤੇ ਤੈਨੂੰ ਪਹਿਲਾਂ ਕੂਚ ਕਰਨਾ ਪੈ ਜਾਵੇ। ਬਸ ਇਕ ਗੱਲ ਦੀ ਸਮਝ ਪੈ ਗਈ ਕਿ ਵਾਰੀ ਦਾ ਕੁਝ ਪਤਾ ਨਹੀਂ ਕਿ ਟਾਹਣ ਬਣਨ ਤੋਂ ਪਹਿਲਾਂ-ਪਹਿਲਾਂ ਤੀਲੇ ਦੇ ਰੂਪ ਵਿਚ ਪਹਿਲਾਂ ਅੱਗ ਮੈਨੂੰ ਲੱਗ ਜਾਏ। ਕੋਈ ਪਤਾ ਨਹੀਂ ਕਿ ਕਿਸ ਵੇਲੇ ਵਾਰੀ ਆ ਜਾਵੇ। ਕਹਿੰਦੇ ਹਨ, ਉਸ ਦੇ ਅੰਦਰ ਪ੍ਰਮਾਤਮਾ ਨੂੰ ਮਿਲਣ ਦੀ ਤਾਂਘ ਪੈਦਾ ਹੋ ਗਈ। ਸਾਹਿਬ ਕਹਿੰਦੇ ਹਨ, ਇਸੇ ਤਰ੍ਹਾਂ ਹੀ ਉਸ ਬੱਚੇ ਦੇ ਅੰਦਰ ਬਿਰਹਾ ਦੀ ਕਾਂਗ ਪੈਦਾ ਹੋ ਗਈ ਤੇ ਸੱਚ ਮੁੱਚ ਉਸ ਨੇ ਗੁਰੂ ਨੂੰ ਆਪਣੇ ਘਰ ਬੁਲਾ ਲਿਆ।

ਸਾਹਿਬ ਕਹਿੰਦੇ ਹਨ, ਦੇਖੋ ਉਸ ਪ੍ਰਮਾਤਮਾ ਦੀ ਖੇਡ ਕਿ ਕਾਂ ਮਾਸ ਨੋਚਦਾ ਪਿਆ ਹੈ :

**ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥**

ਅੱਖਰੀ ਅਰਥ ਇਹ ਹਨ ਕਿ ਤਨ ਸੁੱਕ ਗਿਆ ਹੈ, ਹੱਡੀਆਂ ਦੀ ਮੁੱਠ ਹੋ ਗਿਆ ਹੈ। ਸਿਰਫ਼ ਇਕ ਪਿੰਜਰ ਬਣ ਗਿਆ ਹੈ, ਮਾਸ ਨਹੀਂ ਹੈ, ਪਰ ਫਿਰ ਵੀ ਕਾਂ ਆਉਂਦਾ ਹੈ ਤੇ ਉਸ ਦੀਆਂ ਤਲੀਆਂ ਵਿਚ ਚੁੰਜ ਨਾਲ ਮਾਸ ਖਿੱਚਦਾ ਪਿਆ ਹੈ। ਕਿਸ ਦਾ ਖਿੱਚਦਾ ਪਿਆ ਹੈ ? ਕਹਿੰਦੇ ਹਨ, ਜਿਹੜਾ ਬਿਰਹਾ ਵਿਚ ਕੁੱਠਾ ਹੋਇਆ ਪਿਆ ਹੈ। ਜ਼ਮੀਨ 'ਤੇ ਲੇਟਿਆ ਹੈ :

**ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥**

ਕਹਿੰਦੇ ਹਨ, ਅਜੇ ਰੱਬ ਨਹੀਂ ਆਇਆ। ਇਸ ਦੇ ਭਾਗ ਦੇਖੋ। ਬਾਬਾ ਫ਼ਰੀਦ ਸਾਹਿਬ ਦੀ ਤਪੱਸਿਆ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ। ਉਨ੍ਹਾਂ ਦੀ ਇੰਨੀ ਕਰੜੀ ਤਪੱਸਿਆ ਹੈ ਕਿ ਉਨ੍ਹਾਂ ਦਾ ਸਾਨੀ ਕੋਈ ਨਹੀਂ। ਕਿਹਾ ਜਾਂਦਾ ਹੈ ਕਿ ਇੰਨੇ ਕਮਜ਼ੋਰ ਹੋ ਗਏ ਤਪੱਸਿਆ ਕਰਦਿਆਂ-ਕਰਦਿਆਂ ਕਿ ਇਕ ਦਿਨ ਜ਼ਮੀਨ 'ਤੇ ਬੈਠੇ ਹੋਏ ਹਨ ਤੇ ਕਾਂ ਠੂੰਗੇ ਮਾਰਨ ਲੱਗ ਪਿਆ। ਸਰੀਰ ਕਮਜ਼ੋਰ ਹੋ ਗਿਆ ਹੈ। ਵਾਸ਼ਨਾਵਾਂ ਨੇ ਹੱਡੀਆਂ ਦਾ ਪਿੰਜਰ ਰਹਿਣ ਦਿੱਤਾ ਤੇ ਅਜੇ ਵੀ ਬੰਦਾ ਡਿੱਗਾ ਪਿਆ ਹੈ। ਉਸ ਦੇ ਹੱਥ ਨਹੀਂ ਚੱਲਦੇ, ਪੈਰ ਨਹੀਂ ਚੱਲ ਰਹੇ। ਇਸ ਦੀਆਂ ਇੰਦਰੀਆਂ ਕਮਜ਼ੋਰ ਹੋ ਗਈਆਂ ਹਨ, ਪਰ ਵਾਸ਼ਨਾਵਾਂ ਦਾ ਕਾਂ ਅਜੇ ਵੀ ਠੂੰਗੇ ਮਾਰਦਾ ਪਿਆ ਹੈ। ਵਾਸ਼ਨਾ ਨਹੀਂ ਮਰੀ। ਸਾਹਿਬ



Sri Satguru Jagjit Singh Ji eLibrary NamdhariElibrary@gmail.com

ਕਹਿੰਦੇ ਹਨ ਕਿ ਸਰੀਰ ਦੇ ਕਮਜ਼ੋਰ ਹੋਣ ਨਾਲ ਵਾਸ਼ਨਾਵਾਂ ਵੀ ਕਮਜ਼ੋਰ ਹੁੰਦੀਆਂ ਹਨ। ਸਾਹਿਬ ਕਹਿੰਦੇ ਹਨ :

**ਕਾਗਾ ਕਰੰਗ ਢੰਢੋਲਿਆ**

ਕਰੰਗ ਦਾ ਅਰਥ ਹੈ ਪਿੰਜਰ। ਤੂੰ ਸਾਰਾ ਪਿੰਜਰ ਖਿੱਚ ਲਿਆ। ਕਾਂ ਨੇ ਹਰ ਇਕ ਇੰਦਰੇ ਨੂੰ ਨੋਚ ਦਿੱਤਾ, ਖ਼ਤਮ ਕਰ ਦਿੱਤਾ :

**ਸਗਲਾ ਖਾਇਆ ਮਾਸੁ॥**

ਪਰ ਇਕ ਕੰਮ ਕਰੀਂ :

**ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥**

ਇਹਨਾਂ ਅੱਖਾਂ ਨੂੰ ਨਾ ਠੂੰਗਾ ਮਾਰੀਂ। ਇਨ੍ਹਾਂ ਅੱਖਾਂ ਨੂੰ ਨਾ ਛੇੜੀਂ, ਕਿਉਂਕਿ ਅੰਤਲੇ ਸਮੇਂ ਕੀ ਪਤਾ ਉਸ ਮਾਲਕ ਨੇ ਝਲਕ ਦੇ ਜਾਣੀ ਹੈ।

ਸਾਹਿਬ ਕਹਿੰਦੇ ਹਨ ਕਿ ਮੁਕਤਸਰ ਦੀ ਧਰਤੀ 'ਤੇ ਸਰੀਰ ਵਿਚ ਸੁਆਸ ਚੱਲਦੇ ਪਏ ਹਨ, ਸੁਰਤ ਕਾਇਮ ਹੈ ਤੇ ਜਿਸ ਦੇ ਸੁਆਸ ਚੱਲਦੇ ਹਨ, ਉਹ ਗੁਰੂ ਦਾ ਸਿੱਖ ਭਾਈ ਮਹਾਂ ਸਿੰਘ ਹੈ। ਇਕ ਪਾਸੇ ਮੌਤ ਬਿਲਕੁਲ ਨੇੜੇ ਹੈ ਤੇ ਦੂਸਰੇ ਪਾਸੇ ਅੰਦਰੋਂ ਤਾਂਘ ਹੈ ਕਿ ਕਲਗੀਆਂ ਵਾਲਾ ਆਏ। ਇਕ ਪਾਸੇ ਮੌਤ ਤੇ ਦੂਸਰੇ ਪਾਸੇ ਗੁਰੂ। ਮਨ ਕਹਿੰਦਾ ਹੈ, ਪਤਾ ਨਹੀਂ ਕੌਣ ਜਿੱਤੇਗਾ, ਪਰ ਅੰਦਰ ਦਾ ਵਿਸ਼ਵਾਸ ਕਹਿੰਦਾ ਹੈ, ਮੌਤ ਹਾਰੇਗੀ ਤੇ ਮੇਰਾ ਗੁਰੂ ਜਿੱਤੇਗਾ। ਮੌਤ ਨੇ ਮੈਨੂੰ ਆਪਣੀ ਗੋਦੀ ਵਿਚ ਖਿੱਚਣ ਦਾ ਪੂਰਾ ਤਾਣ ਲਗਾਇਆ ਹੈ, ਪਰ ਮੈਨੂੰ ਯਕੀਨ ਹੈ ਕਿ ਮੇਰੇ ਸੁਆਸ ਤਾਂ ਨਿਲਣਗੇ ਜਦੋਂ ਮੈਨੂੰ ਕਲਗੀਆਂ ਵਾਲੇ ਦੇ ਦਰਸ਼ਨ ਨਸੀਬ ਹੋਣਗੇ। ਸਾਹਿਬ ਕਹਿੰਦੇ ਹਨ :

**ਕਾਗਾ ਚੂੰਡਿ ਨ ਪਿੰਜਰਾ**

ਕਹਿੰਦੇ ਹਨ, ਹੇ ਵਾਸ਼ਨਾਉ ! ਕਿਉਂ ਇਸ ਪਿੰਜਰ ਨੂੰ ਚੂੰਡ-ਚੂੰਡ ਕੇ ਖਾਂਦੇ ਪਏ ਹੋ :

**ਬਸੈ ਤ ਉਡਰਿ ਜਾਹਿ॥**

ਜੇ ਤੇਰੇ ਵਸ ਵਿਚ ਹੈ ਤਾਂ ਮੇਰੇ ਤਨ ਦਾ ਖਹਿੜਾ ਛੱਡ ਦੇ, ਕਿਉਂ ਤੂੰ ਪਕੜ ਕੇ ਬੈਠੀ ਹੈਂ, ਵਾਸ਼ਨਾ :

**ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ॥**

ਜਿਸ ਸਰੀਰ ਵਿਚ ਮੇਰਾ ਸਹੁ ਵੱਸਦਾ ਹੈ, ਉਸ ਵਿਚੋਂ ਮਾਸ ਨਾ ਖਾਈਂ।

ਹੁਣ ਇਸ ਨੂੰ ਨਿਰਗੁਣ ਤੇ ਸਰਗੁਣ ਵਿਚ ਲੈ ਜਾਈਏ ਤੇ ਦੋਨੋਂ ਗੱਲਾਂ ਸਾਹਮਣੇ ਆਉਂਦੀਆਂ ਹਨ। ਸਰਗੁਣ ਪਾਸੇ ਕਹਿੰਦੇ ਹਨ ਕਿ ਕਾਂ ਮੇਰੀਆਂ ਅੱਖਾਂ ਨੂੰ ਛੇੜ ਨਾ, ਕਿਉਂਕਿ ਮੈਨੂੰ ਆਸ ਹੈ ਕਿ ਮੈਂ ਅੱਖਾਂ ਨਾਲ ਉਸ ਦੀ ਝਲਕ ਦੇਖ ਲੈਣੀ ਹੈ। ਅਗਲੀ



Sri Satguru Jagjit Singh Ji eLibrary NamdhariElibrary@gmail.com

ਗੱਲ ਕਹੀ ਕਿ ਕਿਉਂ ਪਿੰਜਰ ਨੂੰ ਛੇੜਦਾ ਪਿਆ ਹੈਂ। ਜਿਸ ਨੂੰ ਮੈਂ ਦੇਖਣਾ ਚਾਹੁੰਦਾ ਹਾਂ, ਉਹ ਮੇਰੇ ਪਿੰਜਰੇ ਵਿਚ ਬੈਠਾ ਹੋਇਆ ਹੈ। ਕਹਿੰਦੇ ਹਨ, ਜਿਸ ਪਿੰਜਰੇ ਵਿਚ ਮੇਰਾ ਸਾਈਂ ਬੈਠਾ ਹੈ, ਤੂੰ ਉਸ ਮਾਸ ਨੂੰ ਕਿਉਂ ਖਾ ਰਿਹਾ ਹੈਂ। ਇੰਨੀਆਂ ਕੁ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਚੁੱਕਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫ਼ਤਹਿ॥

☆☆☆



Sri Satguru Jagjit Singh Ji eLibrary NamdhariElibrary@gmail.com

# ਆਖੀਂ ਸੇਖਾ ਬੰਦਗੀ

ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ॥
ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ॥ ੯੯॥
ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ॥
ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ॥
ਆਖੀਂ ਸੇਖਾ ਬੰਦਗੀ ਚਲਣੁ ਅਜੁ ਕਿ ਕਲਿ॥ ੯੭॥

(ਅੰਗ ੧੩੮੨)

ਪਰਮ ਸਨਮਾਨਯੋਗ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਸਾਹਿਬ ਕਹਿੰਦੇ ਹਨ ਕਿ ਜਿਵੇਂ ਇਕ ਦਰਿਆ ਦੇ ਬਿਲਕੁਲ ਕਿਨਾਰੇ 'ਤੇ ਇਕ ਰੁੱਖ ਲੱਗਾ ਹੋਇਆ ਹੈ। ਦਰਿਆ ਵਿਚ ਪਾਣੀ ਦੀਆਂ ਉਠਦੀਆਂ ਛੱਲਾਂ ਉਸ ਰੁੱਖ ਦੀਆਂ ਜੜ੍ਹਾਂ ਵਿਚ ਜਦੋਂ ਵੱਜਦੀਆਂ ਹਨ ਤਾਂ ਅੰਦਰੋਂ ਉਸ ਨੂੰ ਖ਼ਾਲੀ ਕਰ ਦਿੰਦੀਆਂ ਹਨ ਤੇ ਜਿਹੜਾ ਦਰਿਆ ਦੇ ਕੰਢੇ 'ਤੇ ਰੁੱਖ ਖਲੋਤਾ ਹੈ, ਉਹ ਹਰ ਵੇਲੇ ਡਰਦਾ ਹੈ ਕਿ ਪਤਾ ਨਹੀਂ ਕਿਸ ਵੇਲੇ ਦਰਿਆ ਨੇ ਆਪਣੇ ਨਾਲ ਪੁੱਟ ਕੇ ਲੈ ਜਾਣਾ ਹੈ। ਇਸੇ ਤਰ੍ਹਾਂ ਇਨਸਾਨੀ ਜ਼ਿੰਦਗੀ ਇਕ ਰੁੱਖ ਦੀ ਤਰ੍ਹਾਂ ਹੈ।

ਮੰਨ ਲਉ, ਅਸੀਂ ਮੌਤ ਦੇ ਦਰਿਆ ਦੇ ਬਿਲਕੁਲ ਕਿਨਾਰੇ 'ਤੇ ਖਲੋਤੇ ਹਾਂ ਤੇ ਕੁਝ ਪਤਾ ਨਹੀਂ ਕਿ ਕਦੋਂ ਸੁਆਸਾਂ ਦੀਆਂ ਲਹਿਰਾਂ ਵਿਚੋਂ ਇਹੋ ਜਿਹੀ ਲਹਿਰ ਬਣੇ, ਜਿਹੜੀ ਸਦਾ ਲਈ ਸਾਨੂੰ ਆਪਣੇ ਨਾਲ ਪ੍ਰਵਾਨ ਕਰਕੇ ਲੈ ਜਾਵੇ। ਸਾਹਿਬ ਕਹਿੰਦੇ ਹਨ, ਕਿਸੇ ਨੇ ਕੱਚੇ ਭਾਂਡੇ ਵਿਚ ਪਾਣੀ ਪਾ ਦਿੱਤਾ ਹੈ। ਪਾਣੀ ਦਾ ਸੁਭਾਅ ਹੈ ਕਿ ਉਹ ਮਿੱਟੀ ਨੂੰ ਖੋਰੀ ਜਾਂਦਾ ਹੈ ਤੇ ਖੁਰਦਿਆਂ-ਖੁਰਦਿਆਂ ਇਕ ਦਿਨ ਉਹ ਭਾਂਡਾ ਬਿਲਕੁਲ ਮਿੱਟੀ ਹੋ ਜਾਂਦਾ ਹੈ। ਪਾਣੀ ਉਸ ਵਿੱਚੋਂ ਨਿਕਲ ਜਾਂਦਾ ਹੈ। ਸਰੀਰ ਵੀ ਇਕ ਮਿੱਟੀ ਦਾ ਭਾਂਡਾ ਹੈ। ਜਿਸ ਦਿਨ ਇਸ ਦਾ ਜਨਮ ਹੋਇਆ, ਉਸ ਦਿਨ ਤੋਂ ਹੀ ਖੁਰਨਾ ਸ਼ੁਰੂ ਹੋ ਗਿਆ। ਇਕ ਦਿਨ ਅਸੀਂ ਵੀ ਮਿੱਟੀ ਵਿਚ ਮਿੱਟੀ ਹੋ ਜਾਣਾ ਹੈ ਤੇ ਸੁਆਸਾਂ ਵਾਲਾ ਪਾਣੀ ਇਸ ਵਿਚੋਂ ਬਾਹਰ



Sri Satguru Jagjit Singh Ji eLibrary NamdhariElibrary@gmail.com

ਨਿਕਲ ਜਾਣਾ ਹੈ।

ਸਾਹਿਬ ਕਹਿੰਦੇ ਹਨ ਕਿ ਜਿਹੜੇ ਲੋਕ ਬਹੁਤ ਵੱਡੇ-ਵੱਡੇ ਮਹਿਲਾਂ ਵਿਚ ਰਹਿੰਦੇ ਸਨ, ਸੈਂਕੜੇ ਕਮਰੇ ਸਨ, ਹਜ਼ਾਰਾਂ ਉਨ੍ਹਾਂ ਦੇ ਨੌਕਰ-ਚਾਕਰ ਸਨ, ਪਰੰਤੂ ਪਤਾ ਨਹੀਂ ਉਹ ਮਹਿਲ ਛੱਡ ਕੇ ਕਿੱਥੇ ਚੱਲੇ ਗਏ ਸਨ। ਅੱਜ ਮਹਿਲ ਸਖਣੇ ਪਏ ਹਨ। ਦੇਖਣ ਵਾਲੇ ਲੋਕ ਵੇਖ ਕੇ ਕਹਿੰਦੇ ਹਨ ਕਿ ਇਥੇ ਫਲਾਣਾ ਬਾਦਸ਼ਾਹ ਰਹਿੰਦਾ ਸੀ। ਅੱਜ ਮਹਿਲ ਕੇਵਲ ਲੋਕਾਂ ਲਈ ਵੇਖਣ ਵਾਲਾ ਮਕਾਨ ਬਣ ਕੇ ਰਹਿ ਗਿਆ ਹੈ। ਉਨ੍ਹਾਂ ਦੇ ਸਰੀਰ ਕਬਰਾਂ ਵਿਚ ਲੇਟੇ ਪਏ ਹਨ। ਉੱਪਰ ਉਨ੍ਹਾਂ ਦੇ ਮਿੱਟੀ ਪਈ ਹੈ। ਰੂਹਾਂ ਕਿਆਮਤ ਦੀ ਇੰਤਜ਼ਾਰ ਕਰਦੀਆਂ ਪਈਆਂ ਹਨ। ਕਹਿੰਦੇ ਹਨ, ਹੇ ਫ਼ਰੀਦ ! ਤੇਰੇ ਕੋਲ ਚਾਰ ਦਿਨ ਜ਼ਿੰਦਗੀ ਦੇ ਬਚੇ ਹਨ। ਪ੍ਰਮਾਤਮਾ ਦੀ ਬੰਦਗੀ ਕਰ। ਇਕ ਦਿਨ ਅਸੀਂ ਵੀ ਉਸ ਜਗ੍ਹਾ 'ਤੇ ਜਾ ਕੇ ਲੇਟਣਾ ਹੈ।

ਇਹ ਇਕ ਸਚਾਈ ਹੈ ਕਿ ਮੌਤ ਵਾਲੇ ਪਾਸਿਉਂ ਇਨਸਾਨ ਕਦੀ ਵੀ ਆਪਣੀਆਂ ਅੱਖਾਂ ਬੰਦ ਕਰਕੇ ਅਵੇਸਲਾ ਨਹੀਂ ਹੋ ਸਕਦਾ। ਉਸ ਨੂੰ ਭਾਵੇਂ ਮੌਤ ਯਾਦ ਨਹੀਂ, ਪਰ ਜਿਸ ਪ੍ਰਮਾਤਮਾ ਨੇ ਇਹ ਜੀਵਨ ਦਿੱਤਾ ਹੈ, ਉਸ ਪ੍ਰਮਾਤਮਾ ਨੂੰ ਯਾਦ ਹੈ ਕਿ ਇਸ ਸਰੀਰ ਵਿਚੋਂ ਪ੍ਰਾਣ ਕਦੋਂ ਕੱਢਣੇ ਹਨ। ਇਸ ਦੀ ਹਾਲਤ ਇਸ ਤਰ੍ਹਾਂ ਹੈ, ਜਿਵੇਂ ਦਰਿਆ ਦੇ ਕੰਢੇ 'ਤੇ ਉਗਿਆ ਹੋਇਆ ਰੁੱਖ ਹੈ। ਉਹ ਵਿਚਾਰਾ ਇਸ ਤਰ੍ਹਾਂ ਲਹਿਰਾ ਰਿਹਾ ਹੈ, ਉਸ ਦੇ ਪੱਤੇ ਹਨ, ਫੁੱਲ ਹਨ। ਉਸ ਨੂੰ ਇੰਨਾ ਪਤਾ ਨਹੀਂ ਕਿ ਉਸ ਦੀਆਂ ਜੜ੍ਹਾਂ ਵਿਚ ਕਿਸੇ ਨੇ ਆ ਕੇ ਉਸ ਨੂੰ ਖੋਰ ਦੇਣਾ ਹੈ। ਸਾਹਿਬ ਕਹਿੰਦੇ ਹਨ ਕਿ ਮੌਤ ਕਿੰਨੀ ਕੁ ਨੇੜੇ ਹੈ ? ਅਸਲ ਵਿਚ ਜਿਸ ਦਿਨ ਸਾਡਾ ਜਨਮ ਹੋਇਆ, ਉਸ ਦਿਨ ਅਸੀਂ ਮੌਤ ਵਾਲੇ ਪਾਸੇ ਵੱਧਣਾ ਸ਼ੁਰੂ ਹੋ ਗਏ ਹਾਂ।

ਸਾਹਿਬ ਕਹਿੰਦੇ ਹਨ ਕਿ ਜਿਵੇਂ ਇਕ ਬੱਚਾ ਜਨਮ ਲੈਂਦਾ ਹੈ ਤੇ ਮਾਂ ਬਹੁਤ ਪ੍ਰਸੰਨ ਹੈ। ਉਸ ਬੱਚੇ ਨੂੰ ਵਧਾਈ ਦਿੱਤੀ ਜਾਂਦੀ ਹੈ। ਮਾਂ ਕਹਿੰਦੀ ਹੈ ਕਿ ਅੱਜ ਮੇਰਾ ਬੱਚਾ ਇੰਨੇ ਸਾਲ ਦਾ ਹੋ ਗਿਆ ਹੈ। ਮੌਤ ਵੇਖ ਕੇ ਹੱਸ ਕੇ ਕਹਿੰਦੀ ਹੈ, ਨਹੀਂ ਮਾਂ ! ਐਵੇਂ ਕਿਸ ਖ਼ੁਸ਼ੀ ਵਿਚ ਕਹਿ ਰਹੀ ਹੈਂ ਕਿ ਬੱਚਾ ਵੱਡਾ ਹੋ ਗਿਆ ਹੈ, ਇਹ ਤਾਂ ਛੋਟਾ ਹੋ ਗਿਆ ਹੈ। ਮਾਂ ਕਹਿੰਦੀ ਹੈ, ਮੈਂ ਕਹਿ ਰਹੀ ਹਾਂ ਕਿ ਇਹ ਵੱਡਾ ਹੋ ਗਿਆ ਹੈ ਤੇ ਤੁਸੀਂ ਕਹਿ ਰਹੇ ਹੋ ਕਿ ਛੋਟਾ ਹੋ ਗਿਆ ਹੈ। ਸਾਹਿਬ ਕਹਿੰਦੇ ਹਨ, ਭੈਣੇ ! ਜੇ ਬੱਚੇ ਨੂੰ 80 ਸਾਲ ਉਮਰ ਮਿਲੀ ਹੈ ਤੇ 20 ਸਾਲ ਇਸ ਦੀ ਜ਼ਿੰਦਗੀ ਵਿਚੋਂ ਲੰਘ ਗਏ ਹਨ ਤਾਂ ਲੰਘ ਗਈ ਉਮਰ ਨੂੰ ਘੱਟ ਗਈ ਕਿਹਾ ਜਾਂਦਾ ਹੈ। ਸਾਹਿਬ ਕਹਿੰਦੇ ਹਨ ਕਿ ਜਿਸ ਨੂੰ ਗੋਦੀ ਵਿਚ ਲੈ ਕੇ ਪਿਆਰ ਕਰਦੀ ਪਈ ਹੈਂ, ਮੌਤ ਕਹਿੰਦੀ ਹੈ ਕਿ ਮੈਂ ਇਕ ਦਿਨ ਤੇਰੀ ਗੋਦੀ ਵਿੱਚੋਂ ਖੋਹ ਕੇ ਆਪਣੀ ਗੋਦੀ ਵਿਚ ਸੰਵਾ ਲੈਣਾ ਹੈ। ਇਸ ਸੁਆਸ ਦਾ ਕੋਈ ਭਰੋਸਾ ਨਹੀਂ ਕਿ ਕਿਸ ਵੇਲੇ ਇਹ ਆਖ਼ਰੀ ਸੁਆਸ ਬਣ ਜਾਣਾ ਹੈ।



Sri Satguru Jagjit Singh Ji eLibrary NamdhariElibrary@gmail.com

ਸਾਹਿਬ ਕਹਿੰਦੇ ਹਨ ਕਿ ਅਸੀਂ ਬੱਚੇ ਦੀਆਂ ਉਮਰਾਂ ਨਿਰਧਾਰਿਤ ਕਰਦੇ ਹਾਂ। ਜਿਵੇਂ ਇੰਨੇ ਸਾਲ ਦਾ ਬੱਚਾ ਸਕੂਲ ਵਿਚ, ਇੰਨੇ ਸਾਲ ਦਾ ਬੱਚਾ ਕਾਲਜ ਵਿਚ, ਇੰਨੀ ਉਮਰ ਤੱਕ ਬੰਦਾ ਕੰਮ ਕਰ ਸਕਦਾ ਹੈ, ਇੰਨੇ ਸਾਲ ਬਾਅਦ ਰਿਟਾਇਰ ਹੋਣਾ ਹੈ। ਮੌਤ ਕਦੀ ਸਾਲਾਂ ਦੀ ਗਿਣਤੀ-ਮਿਣਤੀ ਨਹੀਂ ਕਰਦੀ। ਉਸ ਨੇ ਨਹੀਂ ਵੇਖਣਾ ਕਿ ਅਜੇ ਇਹ ਬੱਚਾ ਹੈ। ਮੌਤ ਨਹੀਂ ਵੇਖਦੀ ਕਿ ਇਹ ਜਵਾਨ ਹੈ। ਮੌਤ ਦੀ ਇਸ ਸ਼ਕਤੀ ਨੂੰ ਕੋਈ ਨਹੀਂ ਰੋਕ ਸਕਦਾ।

ਸਾਹਿਬ ਕਹਿੰਦੇ ਹਨ ਕਿ ਮੌਤ ਇਕ ਸਚਾਈ ਹੈ। ਬਚਪਨ ਦੀਆਂ ਕਿਲਕਾਰੀਆਂ, ਬਚਪਨ ਦਾ ਭੋਲਾਪਨ, ਜਵਾਨੀ ਦੀ ਸ਼ਕਤੀ, ਮਾਪਿਆਂ ਦਾ ਸਹਾਰਾ, ਭੈਣਾਂ ਦਾ ਭਰਾ, ਕਦੀ ਮੌਤ ਇਨ੍ਹਾਂ ਗੱਲਾਂ ਨੂੰ ਸੁਣ ਕੇ ਪ੍ਰਭਾਵਿਤ ਨਹੀਂ ਹੁੰਦੀ। ਪਤਾ ਨਹੀਂ ਕਿਸ ਘੜੀ ਮੌਤ ਨੇ ਆਪਣਾ ਫੰਦਾ ਸਾਡੇ ਗਲ ਪਾ ਦੇਣਾ ਹੈ।

ਭਾਈ ਗੁਰਦਾਸ ਜੀ ਨੇ ਭਾਈ ਤਾਰੂ ਜੀ ਦਾ ਜ਼ਿਕਰ ਧੰਨ ਗੁਰੂ ਨਾਨਕ ਦੇਵ ਜੀ ਦੇ ਸਿੱਖਾਂ ਵਿਚ ਕੀਤਾ ਹੈ। ਇਹ ਲਾਹੌਰ ਦੇ ਵਸਨੀਕ ਸਨ। ਧੰਨ ਗੁਰੂ ਨਾਨਕ ਸਾਹਿਬ ਜੀ ਦੇ ਕੋਲ ਕਰਤਾਰਪੁਰ ਵਿਚ ਧਰਮਸ਼ਾਲਾ ਵਿਚ ਆਏ ਸਨ। ਰੋਜ਼ ਇਹ ਬੱਚਾ ਅੰਮ੍ਰਿਤ ਵੇਲੇ ਆਉਂਦਾ। ਬਾਬਿਆਂ ਨਾਲ ਇਸ਼ਨਾਨ ਕਰਕੇ ਧਰਮਸ਼ਾਲਾ ਵਿਚ ਆਉਂਦਾ ਸੀ। ਧਰਮਸ਼ਾਲਾ ਵਿਚ ਆ ਕੇ ਕੀਰਤਨ ਸੁਣਦਾ, ਬਾਣੀ ਸੁਣਦਾ ਹੈ, ਪਾਠ ਸੁਣਦਾ ਹੈ। ਇਹ ਬੱਚਾ ਅੱਖਾਂ ਬੰਦ ਕਰਕੇ ਇਸ ਤਰ੍ਹਾਂ ਪਾਠ ਸੁਣਦਾ ਹੈ ਜਿਵੇਂ ਕੋਈ ਸਿੱਖ ਸਮਾਧੀ ਲਗਾ ਕੇ ਬੈਠਾ ਹੋਵੇ। ਸਾਹਿਬ ਜੀ ਨੇ ਇਕ ਦਿਨ ਗੁਰਸਿੱਖਾਂ ਨੂੰ ਕਿਹਾ, ਭਾਈ ! ਇਹ ਬੱਚਾ ਰੋਜ਼ ਆਉਂਦਾ ਹੈ। ਨਾ ਇਹ ਬੋਲਦਾ ਹੈ, ਨਾ ਇਹ ਕੋਈ ਹਰਕਤ ਕਰਦਾ ਹੈ, ਬਸ ਅੱਖਾਂ ਬੰਦ ਕਰਕੇ ਖਲੋਤਾ ਰਹਿੰਦਾ ਹੈ। ਸਤਿਗੁਰੂ ਦੇ ਕਹਿਣ 'ਤੇ ਸਿੱਖ ਉਸ ਬੱਚੇ ਨੂੰ ਉਨ੍ਹਾਂ ਦੇ ਕੋਲ ਲੈ ਕੇ ਗਏ। ਸਾਹਿਬ ਨੇ ਪੁੱਛਿਆ, ਬੇਟਾ ! ਇੰਨੀ ਠੰਡ ਪੈਂਦੀ ਪਈ ਹੈ। ਤੇਰੀ ਉਮਰ ਦੇ ਬੱਚੇ ਤਾਂ ਨਿੱਘੀਆਂ ਰਜ਼ਾਈਆਂ ਵਿਚ ਸਵੇਰੇ ਆਰਾਮ ਨਾਲ ਸੁੱਤੇ ਹੁੰਦੇ ਹਨ। ਤੂੰ ਇੰਨੀ ਰਾਤ ਨੂੰ ਇਸ਼ਨਾਨ ਕਰਕੇ ਆਉਂਦਾ ਹੈਂ ਅਤੇ ਹੱਥ ਜੋੜ ਕੇ ਕਿੰਨਾ ਸਮਾਂ ਅੰਦਰ ਟਿੱਕਿਆ ਰਹਿੰਦਾ ਹੈਂ, ਤੈਨੂੰ ਇਹ ਚਿੱਤ ਕਿਵੇਂ ਲੱਗ ਗਈ ? ਕਹਿਣ ਲੱਗਾ, ਸੱਚੇ ਪਾਤਿਸ਼ਾਹ ਜੀ ! ਆਪਾਂ ਨੂੰ ਤਾਂ ਠੋਕਰ ਲੱਗੀ ਹੈ ਕਿ ਪਤਾ ਨਹੀਂ ਮੌਤ ਨੇ ਕਿਸ ਸਮੇਂ ਆ ਜਾਣਾ ਹੈ। ਇਹ ਗੱਲ ਗੁਰੂ ਜੀ ਸੁਣ ਕੇ ਕਹਿਣ ਲੱਗੇ, ਬੇਟਾ ! ਮੌਤ ਦਾ ਕੋਈ ਪਤਾ ਨਹੀਂ, ਕੀ ਤੂੰ ਕਿਸੇ ਕੋਲੋਂ ਕੋਈ ਸਾਖੀ ਸੁਣੀ ਹੈ ? ਕਹਿਣ ਲੱਗਾ ਨਹੀਂ ਮਹਾਰਾਜ ! ਬਸ ਇਕ ਠੋਕਰ ਲੱਗੀ ਹੈ। ਇਕ ਦਿਨ ਮਾਂ ਨੇ ਅੱਗ ਬਾਲਣ ਲਈ, ਕਿਹਾ। ਅੱਗ ਬਾਲਦਿਆਂ ਹੀ ਮੈਨੂੰ ਸਮਝ ਆ ਗਈ ਕਿ ਮੌਤ ਦਾ ਪਤਾ ਨਹੀਂ ਕਿਸ ਵੇਲੇ ਆ ਜਾਵੇ। ਸਾਹਿਬ ਕਹਿੰਦੇ ਹਨ, ਅੱਗ ਬਾਲਦਿਆਂ ਕਿਵੇਂ ? ਉਸ ਨੇ ਕਿਹਾ, ਇਕ ਦਿਨ ਮਾਂ ਨੇ ਆਵਾਜ਼ ਦੇ ਕੇ ਕਿਹਾ ਕਿ ਬੇਟਾ ਤਾਰੂ ! ਮੈਂ ਭਾਂਡੇ ਮਾਂਜ ਰਹੀ ਹਾਂ ਤੂੰ ਚੁੱਲ੍ਹੇ ਵਿਚ ਅੱਗ



Sri Satguru Jagjit Singh Ji eLibrary NamdhariElibrary@gmail.com

ਬਾਲ ਦੇ। ਮੈਂ ਚੁੱਲ੍ਹੇ ਵਿਚ ਵੱਡੀਆਂ ਲੱਕੜਾਂ ਰੱਖੀਆਂ ਤੇ ਅੱਗ ਲਾਵਾਂ ਤਾਂ ਅੱਗ ਲੱਗੇ ਨਾ। ਜਦੋਂ ਮਾਂ ਨੇ ਦੇਖਿਆ ਤਾਂ ਕਿਹਾ ਕਿ ਬੇਟਾ ! ਇਸ ਤਰ੍ਹਾਂ ਵੱਡੀਆਂ ਲੱਕੜਾਂ ਨੂੰ ਅੱਗ ਨਹੀਂ ਲੱਗਦੀ। ਇਸ ਵੱਡੀ ਲੱਕੜ ਦੇ ਉਪਰ ਜਿਹੜੀਆਂ ਛੋਟੀਆਂ-ਛੋਟੀਆਂ ਟਾਹਣੀਆਂ ਹਨ, ਸ਼ਾਖ਼ਾਵਾਂ ਹਨ, ਪਹਿਲਾਂ ਇਹਨਾਂ ਨੂੰ ਤੋੜ ਕੇ ਅੱਗ ਲਗਾ। ਛੋਟੀਆਂ ਨੂੰ ਪਹਿਲਾਂ ਅੱਗ ਲੱਗਦੀ ਹੈ, ਬਾਅਦ ਵਿਚ ਵੱਡੀਆਂ ਨੂੰ ਅੱਗ ਲੱਗਦੀ ਹੈ। ਬੱਚਾ ਕਹਿੰਦਾ ਹੈ ਕਿ ਮੈਂ ਨਿੱਕੀਆਂ ਲੱਕੜਾਂ ਨੂੰ ਪਹਿਲਾਂ ਅੱਗ ਲਗਾਈ ਤੇ ਬਾਅਦ ਵਿਚ ਵੱਡੀਆਂ ਨੂੰ ਲਗਾਈ ਤੇ ਮੈਂ ਇਸ ਨੂੰ ਦੇਖ ਕੇ ਰੋ ਪਿਆ। ਮਾਂ ਨੇ ਪੁੱਛਿਆ, ਕਿਉਂ ਰੋਇਆ ? ਮੈਂ ਕਿਹਾ, ਮਾਂ ! ਇਹ ਜਿਹੜੀ ਵੱਡੀ ਲੱਕੜ ਸੀ, ਇਸ ਦਾ ਜਨਮ ਪਹਿਲਾਂ ਹੋਇਆ ਤੇ ਜਿਨ੍ਹਾਂ ਨੂੰ ਮੈਂ ਤੋੜ ਕੇ ਪਹਿਲਾਂ ਅੱਗ ਲਗਾਈ ਹੈ, ਇਸ ਦਾ ਜਨਮ ਬਾਅਦ ਵਿਚ ਹੋਇਆ ਹੈ। ਮੇਰੇ ਮਨ ਵਿਚ ਆਇਆ ਕਿ ਜਿਹੜੇ ਕੁਝ ਮਹੀਨਾ ਪਹਿਲਾਂ ਹੀ ਅਜੇ ਜਨਮੇ ਸਨ, ਉਹ ਵਿਚਾਰੇ ਪਹਿਲਾਂ ਫੂਕੇ ਗਏ ਤੇ ਜਿਹੜਾ ਟਾਹਣ ਕਈ ਸਾਲਾਂ ਤੋਂ ਪੈਦਾ ਹੋਇਆ ਹੈ, ਉਸ ਨੂੰ ਬਾਅਦ ਵਿਚ ਅੱਗ ਲੱਗੀ। ਮਾਂ ਨੇ ਕਿਹਾ, ਤੈਨੂੰ ਇਸ ਦੀ ਸਮਝ ਕਿਵੇਂ ਲੱਗੀ ? ਮੈਂ ਕਿਹਾ ਮਾਂ ! ਤੂੰ ਮੈਨੂੰ ਜਨਮ ਦਿੱਤਾ। ਤੂੰ ਟਾਹਣ ਦੀ ਤਰ੍ਹਾਂ ਹੈਂ ਤੇ ਮੈਂ ਤੇਰਾ ਬੱਚਾ ਫੁੱਲ, ਪੱਤਿਆਂ ਦੀ ਤਰ੍ਹਾਂ ਹਾਂ। ਮੌਤ ਦਾ ਕੀ ਪਤਾ ਹੈ ਕਿ ਜਨਮ ਦੇਣ ਵਾਲੇ ਘਰਾਂ ਵਿਚ ਬੈਠੇ ਹੋਣ ਤੇ ਜਿਨ੍ਹਾਂ ਨੂੰ ਗੋਦੀ ਵਿਚ ਬਿਠਾਇਆ, ਕੱਲ ਨੂੰ ਉਨ੍ਹਾਂ ਦੀ ਅਰਥੀ ਮੋਢਿਆਂ 'ਤੇ ਚੁੱਕਣੀ ਪੈ ਜਾਵੇ। ਅੰਦਰ ਨੂੰ ਠੋਕਰ ਵੱਜ ਗਈ ਹੈ। ਕਹਿੰਦਾ ਹੈ, ਫਿਰ ਮੈਂ ਆਪਣੀ ਮਾਂ ਨੂੰ ਪੁੱਛਿਆ ਕਿ ਮੌਤ ਦਾ ਕੋਈ ਪਤਾ ਨਹੀਂ, ਪਰ ਇਸ ਦਾਂ ਬਚਾਅ ਕੀ ਹੈ ? ਤਾਂ ਉਸ ਨੇ ਇਕੋ ਗੱਲ ਕਹੀ ਬੇਟਾ ! ਬਾਬੇ ਨਾਨਕ ਦੇ ਚਰਨ ਫੜ ਲੈ। ਜ਼ਿੰਦਗੀ ਨੂੰ ਬਾਣੀ ਦੇ ਸਿਮਰਨ ਨਾਲ ਜੋੜ ਲੈ, ਮੌਤ ਦਾ ਕੋਈ ਪਤਾ ਨਹੀਂ ਕਦੋਂ ਆ ਜਾਵੇ। ਜੇ ਬਾਣੀ ਨਾਲ ਜੁੜ ਜਾਵੇਂ ਤਾਂ ਜ਼ਿੰਦਗੀ ਸਫਲ ਹੋ ਜਾਵੇਗੀ। ਸਾਹਿਬ ਨੇ ਉਸ ਨੂੰ ਇਕੋ ਸ਼ਬਦ ਕਿਹਾ ਕਿ ਤੇਰਾ ਨਾਮ ਤਾਰੂ ਹੈ। ਅੱਗੋਂ ਕਹਿੰਦਾ ਹੈ, ਹਾਂ ਮੇਰਾ ਨਾਮ ਤਾਰੂ ਹੈ। ਅੱਗੋਂ ਸਾਹਿਬ ਕਹਿੰਦੇ ਹਨ, ਤੂੰ ਕੁੱਲ ਤਾਰੂ ਹੋਵੇਂਗਾ। ਬਾਬਾ ਜੀ ਨੇ ਉਸ ਨੂੰ ਤਾਰ ਦਿੱਤਾ, ਜਿਸ ਨੂੰ ਬਚਪਨ ਵਿਚ ਸਮਝ ਆ ਗਈ ਕਿ ਮੌਤ ਕਿਸੇ ਸਮੇਂ ਵੀ ਆ ਸਕਦੀ ਹੈ।

ਸਾਹਿਬ ਕਹਿੰਦੇ ਹਨ ਕਿ ਜੇ ਬੰਦੇ ਨੂੰ ਮੌਤ ਦਾ ਅਹਿਸਾਸ ਹੈ ਤਾਂ ਜਿੰਨੀ ਦੇਰ ਤੱਕ ਬੰਦੇ ਨੇ ਮੌਤ ਤੱਕ ਪਹੁੰਚਣਾ ਹੈ, ਉਸ ਸਮੇਂ ਨੂੰ ਲੇਖੇ ਕਿਉਂ ਨਹੀਂ ਲਾਉਂਦਾ ? ਸਾਹਿਬ ਕਹਿੰਦੇ ਹਨ ਕਿ ਮੌਤ ਦਾ ਸਾਹ ਸਿਰਫ਼ ਇਕੋ ਹੀ ਹੈ। ਜਦੋਂ ਬਾਹਰ ਨਿਕਲਣਾ ਹੈ ਤਾਂ ਇਕੋ ਸੁਆਸ ਬਾਹਰ ਨਿਕਲਣਾ ਹੈ। ਸਾਹਿਬ ਕਹਿੰਦੇ ਹਨ, ਜਿਹੜਾ ਉਹ ਸੁਆਸ ਇਕ ਆ ਰਿਹਾ ਹੈ, ਉਸ ਦੇ ਥੱਲਿਉਂ ਪਹਿਲਾ ਖਿਸਕਣਾ ਸ਼ੁਰੂ ਹੋ ਗਿਆ। ਉਹ ਤਾਂ ਹੀ ਨਿਕਲੇਗਾ ਜੇ ਪਹਿਲੇ ਨਿਕਲਣਗੇ। ਜਿਹੜੇ ਪਹਿਲੇ ਸੁਆਸ ਨਿਕਲਦੇ ਹਨ, ਉਹ ਦੱਸਦੇ ਪਏ ਹਨ ਕਿ ਅਸੀਂ ਉਸ ਦੇ ਵਾਸਤੇ ਮੌਤ ਨੇੜੇ ਲਿਆਉਂਦੇ ਪਏ ਹਾਂ। ਜਿਸ ਨੇ



Sri Satguru Jagjit Singh Ji eLibrary NamdhariElibrary@gmail.com

ਆਖ਼ਰੀ ਬਣਨਾ ਹੈ, ਉਹ ਸਾਡਾ ਹੀ ਭਰਾ ਹੈ। ਪਹਿਲਾਂ ਅਸੀਂ ਨਿਕਲਾਂਗੇ, ਬਾਅਦ ਵਿਚ ਉਸ ਨੇ ਪੂਰੇ ਹੋਣਾ ਹੈ। ਜਿਹੜਾ ਪਹਿਲਾਂ ਸੁਆਸ ਨਿਕਲ ਰਿਹਾ ਹੈ, ਉਹ ਆਖ਼ਰੀ ਸੁਆਸ ਵੱਲ ਲਿਜਾ ਰਿਹਾ ਹੈ।

ਸਾਹਿਬ ਕਹਿੰਦੇ ਹਨ ਕਿ ਜਿਵੇਂ ਆਪ ਜੀ ਗੁਰੂ ਦੇ ਘਰ ਆਏ ਹੋ। ਆਪਣੇ-ਆਪਣੇ ਘਰੋਂ ਗੱਡੀ ਡਰਾਇਵਿੰਗ ਕਰਕੇ ਆਏ ਹੋ। ਕੋਈ 10 ਮੀਲ ਤੋਂ, ਕੋਈ 15 ਮੀਲ ਤੋਂ ਆਏ ਹੋ। ਜਦੋਂ ਆਪਣੇ ਘਰੋਂ ਗੱਡੀ ਕੱਢ ਲਈ, ਦੂਰੀ ਤਾਂ ਉਦੋਂ ਹੀ ਮੁੱਕਣ ਲੱਗ ਪਈ ਸੀ। ਇਹ ਵੱਖਰੀ ਗੱਲ ਹੈ ਕਿ ਕਿਸੇ ਨੂੰ 5 ਮਿੰਟ ਤੇ ਕਿਸੇ ਨੂੰ 10 ਮਿੰਟ ਲੱਗੇ। ਜਦੋਂ ਗੱਡੀ ਤੁਰ ਪਈ ਤਾਂ ਉਦੋਂ ਹੀ ਸਫ਼ਰ ਮਰਨੇ ਦਾ ਸ਼ੁਰੂ ਹੋ ਗਿਆ ਤੇ ਜਿਸ ਦਿਨ ਜਨਮ ਲੈ ਕੇ ਪਹਿਲਾ ਸੁਆਸ ਲਿਆ ਤੇ ਗੱਡੀ ਉਦੋਂ ਹੀ ਤੁਰਨ ਲੱਗ ਪਈ। ਜਿੱਥੇ ਮੁਕਾਮ ਆਉਣਾ ਹੈ ਉਥੇ ਜਾ ਕੇ ਰੁੱਕ ਜਾਣੀ ਹੈ। ਇਕ ਸੁਆਸ ਹੀ ਮੌਤ ਹੈ। ਹਰ ਇਕ ਸੁਆਸ ਮਰਦਾ ਜਾ ਰਿਹਾ ਹੈ।

ਸਾਹਿਬ ਕਹਿੰਦੇ ਹਨ ਕਿ ਜਿਵੇਂ ਅਸੀਂ ਚੁੱਲ੍ਹੇ 'ਤੇ ਪਾਣੀ ਗਰਮ ਕਰਦੇ ਹਾਂ। ਅੱਗ ਉਤੇ ਪਾਣੀ ਉਬਾਲੇ ਖਾਂਦਾ ਹੈ। 99° ਤੱਕ ਪਾਣੀ ਉਬਲਦਾ ਪਿਆ ਹੈ, ਪਰ ਭਾਫ਼ ਕਦੋਂ ਬਣਦੀ ਹੈ ? 99° ਤੋਂ ਬਾਅਦ ਸਿਰਫ਼ ਇਕ ਡਿਗਰੀ ਹੈ। 99° ਤੋਂ ਬਾਅਦ ਜਦੋਂ 100° 'ਤੇ ਆਇਆ ਤਾਂ ਇਕੋ ਦਮ ਪਾਣੀ ਭਾਫ਼ ਬਣ ਕੇ ਉੱਡਣ ਲੱਗ ਪੈਣਾ ਹੈ। ਕੀ ਇਕ ਡਿਗਰੀ ਨੇ ਉਡਾ ਦਿੱਤਾ ? ਨਹੀਂ, 99° ਪਹਿਲਾਂ ਆਇਆ ਤੇ ਇਕ ਉਸ ਤੋਂ ਉੱਪਰ ਆਇਆ ਤਾਂ ਪਾਣੀ ਉੱਡਿਆ। ਜੇ 99° ਨਾ ਹੁੰਦੀ ਤਾਂ ਕੇਵਲ ਇਕ ਡਿਗਰੀ ਨਾਲ ਪਾਣੀ ਨਹੀਂ ਉੱਡਦਾ। ਪਹਿਲਾਂ 99° ਨੇ ਬੁਨਿਆਦ ਤਿਆਰ ਕੀਤੀ ਤੇ ਬਾਅਦ ਵਿਚ 100° ਹੋਇਆ ਤਾਂ ਪਾਣੀ ਉੱਡਣ ਲੱਗ ਪਿਆ। ਸਾਹਿਬ ਕਹਿੰਦੇ ਹਨ, ਜਿਹੜਾ ਆਖ਼ਰੀ ਸੁਆਸ ਉੱਡਣਾ ਹੈ ਤਾਂ ਪਹਿਲਾਂ 99 ਉਸ ਦੇ ਲਈ ਤਿਆਰ ਹੋਏ ਪਏ ਹਨ ਤੇ ਜਿਹੜੇ 99 ਤਿਆਰ ਹਨ, ਉਹ ਮਰਦੇ ਪਏ ਹਨ।

ਸਾਹਿਬ ਕਹਿੰਦੇ ਹਨ, ਭਾਈ ਗੁਰਸਿੱਖਾ ! ਯਾਦ ਰੱਖ, ਮੌਤ ਅੱਤ ਦੀ ਨਜ਼ਦੀਕ ਹੈ। ਮੌਤ ਤੋਂ ਪਹਿਲਾਂ ਤੂੰ ਆਪਣੇ ਆਪ ਨੂੰ ਟਿਕਾਣੇ 'ਤੇ ਲੈ ਜਾ ਜਿਥੇ ਤੇਰੀ ਆਖ਼ਰੀ ਮੰਜ਼ਿਲ ਹੈ। ਸਾਹਿਬ ਕਹਿੰਦੇ ਹਨ ਕਿ ਸਰੀਰ ਪੰਜਾਂ ਤੱਤਾਂ ਦਾ ਬਣਿਆ ਹੈ। ਜਦੋਂ ਇਹ ਬਿਖਰਦਾ ਹੈ ਤਾਂ ਪੰਜ ਤੱਤ ਖਿੰਡ ਜਾਂਦੇ ਹਨ। ਪਾਣੀ, ਹਵਾ, ਅੱਗ ਸਭ ਆਪਣੇ ਮੂਲ ਤੱਤਾਂ ਵਿਚ ਮਿਲ ਜਾਂਦੇ ਹਨ। ਜੇ ਤੱਤ 80 ਸਾਲ ਇਕੱਠੇ ਰਹਿ ਕੇ ਜਦੋਂ ਸਰੀਰ ਖ਼ਤਮ ਹੋਇਆ ਤਾਂ ਹਰ ਤੱਤ ਆਪਣੇ ਮੂਲ ਤੱਤ ਵਿਚ ਚਲਾ ਗਿਆ। ਕਹਿੰਦੇ ਹਨ ਕਿ ਪਾਣੀ, ਪਾਣੀ ਵਿਚ ਬਾਅਦ ਵਿਚ ਮਿਲੇ, ਅੱਗ-ਅੱਗ ਬਾਅਦ ਵਿਚ ਮਿਲੇ, ਹਵਾ ਬਾਅਦ ਵਿਚ ਮਿਲੇ, ਆਕਾਸ਼ ਬਾਅਦ ਵਿਚ ਮਿਲੇ, ਮਿੱਟੀ ਬਾਅਦ ਵਿਚ ਮਿਲੇ, ਪਰ ਕਿੰਨਾ ਚੰਗਾ ਹੋਵੇ ਜੇ ਇਨ੍ਹਾਂ ਦੇ ਮਿਲਣ ਤੋਂ ਪਹਿਲਾਂ ਮੇਰੀ ਆਤਮਾ ਪ੍ਰਮਾਤਮਾ ਨਾਲ ਮਿਲ ਜਾਵੇ। ਤੂੰ



Sri Satguru Jagjit Singh Ji eLibrary NamdhariElibrary@gmail.com

ਜਿਉਂਦੇ ਜੀਅ ਇਸ ਸਫ਼ਰ ਵੱਲ ਤੁਰ ਕਿ ਪ੍ਰਮਾਤਮਾ ਵਾਲੇ ਪਾਸੇ ਮਿਲੇਂ। ਸਰੀਰ ਤੇਰਾ ਕਬਰ ਵਿਚ ਜਾਂਦਾ ਹੋਵੇ ਤੇ ਤੇਰੀ ਆਤਮਾ ਖ਼ੁਦਾ ਦੇ ਘਰ ਪਹੁੰਚੀ ਹੋਵੇ। ਜੇ ਸਮਾਂ ਮਿਲਿਆ ਤਾਂ ਇਸ ਸਮੇਂ ਦੀ ਸੰਭਾਲ ਕਰ। ਸਾਹਿਬ ਕਹਿੰਦੇ ਹਨ :

**ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ॥**

ਕਹਿੰਦੇ ਹਨ, ਕਿੰਨੀ ਕੁ ਦੇਰ ਤੱਕ ਦਰਿਆ ਦੇ ਕਿਨਾਰੇ ਉਗਿਆ ਹੋਇਆ ਰੁੱਖ ਇਹ ਧੀਰਜ ਕਰਕੇ ਕਹੇਗਾ ਕਿ ਅੱਜ ਨਹੀਂ, ਅਜੇ ਸਾਲ ਨਹੀਂ। ਕਿੰਨੀ ਕੁ ਦੇਰ ਤੱਕ ਧੀਰਜ ਕਰੇਗਾ ਤੇ ਉਹ ਦਿਨ ਤਾਂ ਨੇੜੇ ਆ ਗਿਆ ਹੈ। ਸਾਹਿਬ ਕਹਿੰਦੇ ਹਨ ਕਿ ਹਰ ਬੰਦਾ ਚਾਹੁੰਦਾ ਹੈ ਕਿ ਚਾਰ ਦਿਨ ਹੋਰ ਲੰਘ ਜਾਣ। ਜੇ ਚਾਰ ਦਿਨ ਮਿਲ ਜਾਣ ਤਾਂ ਪ੍ਰਮਾਤਮਾ ਦੇ ਅੱਗੇ ਅਰਦਾਸ ਕਰੀਏ ਕਿ ਇਹ ਚਾਰ ਦਿਨ ਬੰਦਗੀ ਦੇ ਬਣ ਜਾਣ। ਜੇ ਬੰਦਾ ਈਮਾਨਦਾਰੀ ਨਾਲ ਹਕੀਕਤ ਨੂੰ ਪਹਿਚਾਨੇ ਤੇ ਉਹ ਆਪਣੇ ਚੌਵੀ ਘੰਟਿਆਂ ਵਿਚੋਂ ਕਿਤੇ 15 ਮਿੰਟ ਵੀ ਘਰ ਵਿਚ ਸਿਮਰਨ ਕਰਨ ਲਈ ਕੱਢ ਲਵੇ ਤਾਂ ਸਾਹਿਬ ਕਹਿੰਦੇ ਹਨ, ਤੇਰੇ 15 ਮਿੰਟ ਹੀ ਸਾਰੀ ਜ਼ਿੰਦਗੀ ਨੂੰ ਪਲਟ ਸਕਦੇ ਹਨ। ਕਿਸੇ ਨੂੰ ਪੁੱਛਿਆ ਕਿ 15 ਮਿੰਟ ਜ਼ਿੰਦਗੀ ਨੂੰ ਕਿਵੇਂ ਪਲਟ ਸਕਦੇ ਹਨ ?

ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿਚੋਂ ਤਿੰਨ ਪ੍ਰਮਾਣ ਦਿੱਤੇ। ਆਪ ਕਹਿੰਦੇ ਹਨ, ਜਦੋਂ ਅਸੀਂ ਦਰਿਆ ਪਾਰ ਕਰਦੇ ਹਾਂ ਤਾਂ ਲੱਕੜ ਦੀ ਬੇੜੀ 3 ਫੁੱਟ ਦੀ ਹੁੰਦੀ ਹੈ। ਉਸ ਵਿਚ ਬੰਦੇ ਵੀ ਬੈਠੇ ਹਨ, ਬੱਚੇ ਵੀ ਬੈਠੇ ਹਨ ਤੇ ਸਾਮਾਨ ਵੀ ਵਿਚ ਲੱਦਿਆ ਹੁੰਦਾ ਹੈ। ਅਚਾਨਕ ਸਾਰੀ ਦੀ ਸਾਰੀ ਬੇੜੀ ਪਾਣੀ ਦੇ ਥੱਲੇ ਡੁੱਬ ਜਾਂਦੀ ਹੈ। ਸਿਰਫ਼ ਉਸ ਦਾ ਕਿਨਾਰਾ ਪਾਣੀ ਦੇ ਉੱਪਰ ਰਹਿੰਦਾ ਹੈ। ਭਾਈ ਸਾਹਿਬ ਕਹਿੰਦੇ ਹਨ ਕਿ ਇਸ਼ ਵੱਲ ਝਾਤੀ ਮਾਰ ਲੈ। ਸਾਰੀ ਬੇੜੀ ਪਾਣੀ ਵਿਚ ਡੁੱਬੀ ਪਈ ਹੈ ਤੇ ਸਿਰਫ਼ ਤਿੰਨ ਉਂਗਲਾਂ ਪਾਣੀ ਤੋਂ ਬੇੜੀ ਉੱਤੇ ਹੋਵੇ ਤੇ ਪੂਰੇ ਦਾ ਪੂਰਾ ਪੂਰ ਇਕ ਕਿਨਾਰੇ ਤੋਂ ਦੂਸਰੇ ਕਿਨਾਰੇ ਲੱਗ ਜਾਂਦਾ ਹੈ। 24 ਘੰਟੇ ਤੂੰ ਦੁਨੀਆਦਾਰੀ ਕਮਾਉਂਦਾ ਹੈਂ ਤੇ ਕਿਤੇ 15 ਮਿੰਟ ਹੀ ਕਿਨਾਰੇ 'ਤੇ ਪਹੁੰਚ ਲੈ, ਤੇਰੀ ਸਾਰੀ ਜ਼ਿੰਦਗੀ ਕਿਨਾਰੇ 'ਤੇ ਲੱਗ ਜਾਵੇਗੀ।

ਸਾਹਿਬ ਕਹਿੰਦੇ ਹਨ ਕਿ ਕਈ ਸੱਜਣਾਂ ਦਾ ਸੁਭਾਅ ਹੈ ਕਿ ਉਹ ਇਕ ਵਾਰੀ ਪ੍ਰਸ਼ਾਦਾ ਛਕਦੇ ਹਨ। 24 ਘੰਟਿਆਂ ਵਿਚ ਇਕ ਵਾਰੀ ਪ੍ਰਸ਼ਾਦਾ ਛੱਕ ਕੇ ਕਹਿੰਦੇ ਹਨ ਕਿ ਹੁਣ 24 ਘੰਟੇ ਪ੍ਰਸ਼ਾਦੇ ਦੀ ਲੋੜ ਨਹੀਂ। ਹੁਣ 24 ਘੰਟੇ ਬਾਅਦ ਛੱਕਣਾ ਹੈ। ਪ੍ਰਸ਼ਾਦਾ ਛੱਕਦਿਆਂ ਸਿਰਫ਼ 15 ਮਿੰਟ ਲੱਗਦੇ ਹਨ। 15 ਮਿੰਟ ਰੋਟੀ ਤੋੜ ਕੇ ਖਾਧੀ। 15 ਮਿੰਟ ਛੱਕਿਆ ਹੋਇਆ ਪ੍ਰਸ਼ਾਦਾ 24 ਘੰਟੇ ਤਾਕਤ ਦੇਈ ਜਾਂਦਾ ਹੈ। ਜੇ 15 ਮਿੰਟ ਛੱਕੀ ਹੋਈ ਖ਼ੁਰਾਕ 24 ਘੰਟੇ ਤੱਕ ਤਾਕਤ ਦਿੰਦੀ ਹੈ ਤਾਂ ਸਾਹਿਬ ਕਹਿੰਦੇ ਹਨ, ਗੁਰਸਿੱਖੋ ! 24 ਘੰਟਿਆਂ ਵਿਚ 15 ਮਿੰਟ ਗੁਰੂ ਨੂੰ ਜੱਪਿਆ, ਉਹ 24 ਘੰਟਿਆਂ ਨੂੰ ਪਾਰ ਕਰ ਦਿੰਦਾ ਹੈ।



Sri Satguru Jagjit Singh Ji eLibrary NamdhariElibrary@gmail.com

ਸਾਹਿਬ ਕਹਿੰਦੇ ਹਨ ਕਿ ਪੁਰਾਣੇ ਸਮੇਂ ਜਦੋਂ ਕੋਈ ਬੰਦਾ ਲੋੜਵੰਦ ਹੁੰਦਾ ਸੀ। ਚਾਹੇ ਉਹ ਭੇਖਾਰੀ ਹੋਵੇ, ਚਾਹੇ ਗ਼ਰੀਬ ਹੋਵੇ, ਉਹ ਬਾਦਸ਼ਾਹ ਦੇ ਦਰਬਾਰ ਵਿਚ ਫ਼ਰਿਆਦੀ ਬਣ ਕੇ ਜਾਂਦਾ ਸੀ। ਬਾਦਸ਼ਾਹ ਦਾ ਦਰਵਾਜ਼ਾ ਖੁੱਲ੍ਹਣਾ ਤਾਂ ਫ਼ਰਿਆਦ ਕਰਨ ਵਾਲਿਆਂ ਨੇ ਬਾਦਸ਼ਾਹ ਦੇ ਪੈਰਾਂ ਵਿਚ ਜਾ ਕੇ ਮੱਥਾ ਟੇਕਣਾ। ਮੱਥਾ ਟੇਕਣ ਵਿਚ ਕਿੰਨੀ ਕੁ ਦੇਰ ਲੱਗਦੀ ਹੈ ? ਮਿੰਟ ਦੋ ਲੱਗੇ ਤੇ ਬਾਦਸ਼ਾਹ ਕਹਿੰਦਾ ਹੈ, ਇਸ ਨੂੰ ਧਨ ਦੇ ਦਿਉ, ਇਸ ਦੇ ਨਾਮ 'ਤੇ ਜਾਗੀਰਾਂ ਕਰ ਦਿਉ। ਜੇਕਰ ਇਕ ਮਿੰਟ ਦਾ ਟੇਕਿਆ ਹੋਇਆ ਮੱਥਾ, ਇਕ ਭੇਖਾਰੀ ਨੂੰ ਜਾਗੀਰਾਂ ਦੇ ਸਕਦਾ ਹੈ ਤਾਂ ਸਾਹਿਬ ਕਹਿੰਦੇ ਹਨ, ਭਲਿਆ ! 24 ਘੰਟਿਆਂ ਵਿੱਚੋਂ ਇਕ ਵਾਰੀ ਕੀਤੀ ਹੋਈ ਨਮਸਕਾਰ ਤੇਰੀ ਜ਼ਿੰਦਗੀ ਦਾ ਪਾਰ ਉਤਾਰਾ ਕਰ ਸਕਦੀ ਹੈ। ਜ਼ਿੰਦਗੀ ਵਿਚ ਕੀਤੀ ਹੋਈ ਥੋੜ੍ਹਾ ਸਮਾਂ ਵੀ ਭਗਤੀ ਬਹੁਤ ਵੱਡਾ ਫਲ ਦਿੰਦੀ ਹੈ। ਸਾਹਿਬ ਕਹਿੰਦੇ ਹਨ:

**ਕੰਧੀ ਉਤੈ ਰੁਖੜਾ**

, ਦਰਿਆ ਦੇ ਕੰਢੇ ਉੱਪਰ ਖਲੋਤਾ ਹੋਇਆ ਰੁੱਖ :

**ਕਿਚਰਕੁ ਬੰਨੈ ਧੀਰੁ॥**

ਕਿਚਰਕੁ ਦਾ ਅਰਥ ਹੈ ਕਿੰਨਾ ਸਮਾਂ। ਕਿੰਨਾ ਕੁ ਸਮਾਂ ਧੀਰਜ ਰੱਖੇਗਾ :

**ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ॥**

ਕੱਚੇ ਭਾਂਡੇ ਵਿਚ ਪਾਣੀ ਨੂੰ ਕਿੰਨੀ ਦੇਰ ਤੱਕ ਰੋਕ ਸਕਾਂਗੇ। ਕੱਚੇ ਭਾਂਡੇ ਨੇ ਇਕ ਦਿਨ ਗਲਣਾ ਹੈ। ਸਾਹਿਬ ਕਹਿੰਦੇ ਹਨ, ਇਸ ਸਰੀਰ ਨੂੰ ਪ੍ਰਮਾਤਮਾ ਨੇ ਮਿੱਟੀ ਦਾ ਭਾਂਡਾ ਕਿਹਾ ਹੈ। ਕਈ ਮਿੱਟੀ ਤੋਂ ਬੜੀ ਨਫ਼ਰਤ ਕਰਦੇ ਹਨ। ਆਪਣੇ ਆਪ ਨੂੰ ਮਿੱਟੀ ਲੱਗਣ ਤੋਂ ਬਚਾਉਂਦੇ ਹਨ।

ਬੰਦੇ ਕੋਲ ਇੰਨੇ ਕੱਪੜੇ ਹਨ, ਬਿਸਤਰ ਹਨ। ਸੋਹਣੀਆਂ ਚਾਦਰਾਂ ਹਰ ਸਮੇਂ ਬਦਲਦੀਆਂ ਰਹਿੰਦੀਆਂ ਹਨ। ਅੱਜ ਬਿਸਤਰਾ ਨੌਕਰ ਨੇ ਵਿਛਾਇਆ। ਉਸ ਕੋਲੋਂ ਕਿਤੇ ਦਰੀ ਦਾ ਵੱਟ ਰਹਿ ਗਿਆ। ਉਹ ਘੜੀ ਪਿੱਛੋਂ ਚੁਭੇ। ਇੰਨਾ ਸੋਹਲ ਸਰੀਰ ਹੈ, ਉਸ ਉੱਪਰ ਪਾਸੇ ਮਾਰੀ ਜਾਂਦਾ ਹੈ, ਤੂੰ ਉਠ ਕੇ ਵੱਟ ਕੱਢ ਲੈ। ਕਹਿੰਦਾ ਹੈ ਨੌਕਰ ਨੂੰ ਸਵੇਰੇ ਵਿਖਾਵਾਂਗਾ ਕਿ ਤੈਨੂੰ ਜਾਚ ਨਹੀਂ ਕਿ ਬਿਸਤਰਾ ਕਿਸ ਤਰ੍ਹਾਂ ਵਿਛਾਈਦਾ ਹੈ। ਸਵੇਰੇ ਸਵੇਰੇ ਨੌਕਰ ਨੂੰ ਸੱਦ ਲਿਆ। ਉਸ ਨੇ ਜੋ ਮੂੰਹ ਵਿਚ ਆਇਆ ਉਸ ਨੂੰ ਬੋਲ ਦਿੱਤਾ।

ਬਾਬਾ ਜੀ ਕਹਿੰਦੇ ਹਨ ਕਿ ਮੈਂ ਦੇਖਿਆ ਹੈ ਕਿ ਬੰਦਾ ਇੰਨਾ ਸੋਹਲ ਹੈ ਕਿ ਇਕ ਚਾਦਰ ਦਾ ਵੱਟ ਇਸ ਕੋਲੋਂ ਬਰਦਾਸ਼ਤ ਨਹੀਂ ਹੋਇਆ ਤੇ ਅੱਜ ਉਹੀ ਬੰਦਾ ਰਾਤ ਨੂੰ ਮੌਤ ਹੋਈ ਤੇ ਰਾਤ ਨੂੰ ਹੀ ਘਰ ਦੇ ਲੈ ਚੱਲੇ। ਉਨ੍ਹਾਂ ਨੇ ਕਬਰ ਪੁੱਟੀ। ਕਬਰ ਨੂੰ ਪੱਧਰੀ ਕਰਕੇ ਉਸ ਵਿਚ ਸਰੀਰ ਰੱਖ ਦਿੱਤਾ। ਸਿਰ ਦੇ ਲਾਗੇ ਇਕ ਇੱਟ ਰੱਖ ਦਿੱਤੀ। ਉੱਪਰ



Sri Satguru Jagjit Singh Ji eLibrary NamdhariElibrary@gmail.com

ਮਿੱਟੀ ਪਾ ਦਿੱਤੀ। ਬਾਬਾ ਜੀ ਕਹਿੰਦੇ ਹਨ ਕਿ ਮੈਂ ਕਬਰ ਕੋਲੋਂ ਲੰਘਿਆ ਤੇ ਉਸ ਬੰਦੇ ਨੂੰ ਪੁੱਛਿਆ ਕਿ ਤੂੰ ਉਹ ਹੀ ਹੈਂ, ਜਿਹੜਾ ਚਾਦਰ ਦਾ ਵੱਟ ਨਹੀਂ ਸਹਾਰਦਾ ਸੀ ਤੇ ਅੱਜ ਤੂੰ ਮਿੱਟੀ ਥੱਲੇ ਸੁੱਤਾ ਹੈਂ। ਤੇਰੀ ਚਮੜੀ ਨੂੰ ਕੀੜੇ ਨੋਚ-ਨੋਚ ਕੇ ਖਾਂਦੇ ਪਏ ਹਨ ਤੇ ਤੈਨੂੰ ਦਰਦ ਨਹੀਂ ਹੁੰਦੀ ਪਈ। ਸਾਹਿਬ ਕਹਿੰਦੇ ਹਨ ਕਿ ਸਾਰਿਆਂ ਨੇ ਇਕ ਦਿਨ ਇਸ ਮਿੱਟੀ ਵਿਚ ਮਿਲ ਜਾਣਾ ਹੈ।

ਵਾਹਿਗੁਰੂ ਦੇ ਰੰਗ ਵਿਚ ਰੰਗਿਆ ਹੋਇਆ ਇਕ ਫ਼ਕੀਰ ਪਿੰਡੋਂ ਬਾਹਰ ਰਹਿੰਦਾ ਹੈ। ਜੋ ਮੂੰਹ ਵਿਚ ਆਇਆ, ਉਹ ਬੋਲ ਦਿੰਦਾ ਹੈ। ਬਾਦਸ਼ਾਹ ਦੇ ਮਨ ਵਿਚ ਆਇਆ ਕਿ ਫ਼ਕੀਰ ਦੇ ਦਰਸ਼ਨ ਕਰੀਏ। ਇਸ ਨੂੰ ਕੁਝ ਨਹੀਂ ਪਤਾ ਸੀ ਕਿ ਉਸ ਦੇ ਜੋ ਮੂੰਹ ਵਿਚ ਆਇਆ, ਉਸ ਨੇ ਕਹਿ ਦੇਣਾ ਹੈ। ਬਾਦਸ਼ਾਹ ਇਕੱਲਾ ਚਲਾ ਗਿਆ। ਸੋਹਣੀ ਪੁਸ਼ਾਕ ਪਾਈ ਹੋਈ ਸੀ। ਉੱਪਰ ਸੋਨੇ ਦੀਆਂ ਤਾਰਾਂ ਦੀ ਕਢਾਈ ਕੀਤੀ ਹੋਈ ਸੀ। ਬਾਦਸ਼ਾਹ ਫ਼ਕੀਰ ਕੋਲ ਗਿਆ। ਜਿੱਥੇ ਫ਼ਕੀਰ ਬੈਠਦਾ ਸੀ, ਉਹ ਆਪਣੇ ਅੱਗੇ ਚਟਾਈ ਵਿਛਾ ਕੇ ਬੈਠਦਾ ਸੀ। ਸਵੇਰੇ ਚਟਾਈ ਵਿਛਾਈ ਤੇ ਚੇਲੇ ਨੂੰ ਆਵਾਜ਼ ਮਾਰ ਕੇ ਕਹਿੰਦਾ ਹੈ ਕਿ ਚਟਾਈ ਨੂੰ ਗੋਲ ਕਰਕੇ ਮੇਰੇ ਆਸਣ ਕੋਲ ਰੱਖ ਦੇ, ਅੱਜ ਕੋਈ ਚਟਾਈ ਨਹੀਂ ਵਿਛਾਣੀ। ਨੇਤਰ ਬੰਦ ਕਰਕੇ ਬੈਠ ਗਿਆ। ਬਾਦਸ਼ਾਹ ਆਇਆ ਅਤੇ ਉਸ ਨੇ ਆਉਂਦਿਆਂ ਸਾਰ ਕਿਹਾ ਕਿ ਫ਼ਕੀਰ ਬਾਬਾ ! ਮੈਂ ਸੱਜਦਾ ਪੇਸ਼ ਕਰਦਾ ਹਾਂ। ਫ਼ਕੀਰ ਨੇ ਹੱਥ ਹਿਲਾ ਕੇ ਕਿਹਾ, ਬੈਠ ਜਾ। ਬਾਦਸ਼ਾਹ ਦੇ ਮਨ ਵਿਚ ਆਇਆ ਕਿ ਮੈਂ ਤਖ਼ਤ ਦਾ ਮਾਲਕ ਹਾਂ। ਮੈਨੂੰ ਇਸ ਨੇ ਦੇਖਿਆ ਨਹੀਂ। ਸ਼ਾਇਦ ਇਸ ਨੂੰ ਪਤਾ ਨਹੀਂ ਕਿ ਮੈਂ ਕੌਣ ਹਾਂ ? ਅੱਗੋਂ ਕਹਿੰਦਾ ਹੈ, ਫ਼ਕੀਰ ਬਾਬਾ ! ਮੈਂ ਬਾਦਸ਼ਾਹ ਆਪ ਜੀ ਦੇ ਦਰ 'ਤੇ ਆਇਆ ਹਾਂ। ਉਸ ਨੇ ਅੱਖਾਂ ਖੋਲ੍ਹ ਕੇ ਕਿਹਾ ਕਿ ਜਦੋਂ ਤੂੰ ਤੁਰਿਆ ਸੀ, ਮੈਨੂੰ ਉਦੋਂ ਹੀ ਪਤਾ ਲੱਗ ਗਿਆ ਸੀ ਕਿ ਤੂੰ ਆ ਰਿਹਾ ਹੈਂ। ਆਇਆ ਹੈਂ ਤਾਂ ਬੈਠ ਜਾ ਥੱਲੇ। ਜੇ ਉਹ ਚੌਂਕੜੀ ਮਾਰ ਕੇ ਬੈਠਦਾ ਹੈ ਤਾਂ ਉਸ ਦੇ ਕੱਪੜੇ ਮਿੱਟੀ ਨਾਲ ਭਰ ਜਾਣੇ ਸਨ। ਉਸ ਨੇ ਆਪਣੀ ਪੂਰੀ ਦੀ ਪੂਰੀ ਪੁਸ਼ਾਕ ਪਿੱਛੋਂ ਤੇ ਅੱਗੋਂ ਇਕੱਠੀ ਕਰ ਕੇ ਝੋਲੀ ਵਿਚ ਪਾ ਲਈ ਤੇ ਪੈਰਾਂ ਦੇ ਭਾਰ ਬੈਠ ਗਿਆ। ਫ਼ਕੀਰ ਵੇਖ ਕੇ ਹੱਸ ਪਿਆ। ਨੌਕਰ ਨੂੰ ਕਹਿੰਦਾ ਹੈ, ਪੁੱਤਰ ! ਬਾਹਰ ਆ, ਮੈਂ ਤੈਨੂੰ ਤਮਾਸ਼ਾ ਦਿਖਾਉਂਦਾ ਹਾਂ। ਬਾਦਸ਼ਾਹ ਕਹਿੰਦਾ ਹੈ ਕਿ ਇਕ ਮੈਂ, ਦੂਸਰਾ ਫ਼ਕੀਰ ਤੇ ਤੀਸਰਾ ਨੌਕਰ, ਤਮਾਸ਼ਾ ਕਿਸ ਦਾ ਬਣਦਾ ਪਿਆ ਹੈ ? ਕਿਤੇ ਮੇਰਾ ਤਮਾਸ਼ਾ ਤਾਂ ਨਹੀਂ ਬਣਦਾ ਪਿਆ ? ਚੇਲਾ ਬਾਹਰ ਆਇਆ। ਫ਼ਕੀਰ ਨੇ ਬਾਦਸ਼ਾਹ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਬੇਟਾ ! ਵੇਖ ਤਮਾਸ਼ਾ। ਕਹਿੰਦਾ ਹੈ, ਮਿੱਟੀ ਦਾ ਪੁਤਲਾ ਬਣਿਆ ਤੇ ਮਿੱਟੀ ਤੋਂ ਨਫ਼ਰਤ ਕਰਦਾ ਪਿਆ ਹੈਂ।

**ਫਰੀਦਾ ਮਹਲ ਨਿਸਖਣ ਰਹਿ ਗਏ**

ਜਿਨ੍ਹਾਂ ਮਹਿਲਾਂ ਵਿਚ ਕਦੀ ਬਾਦਸ਼ਾਹ ਰਹਿੰਦੇ ਸਨ, ਅੱਜ ਉਹ ਸਖਣੇ ਪਏ ਹਨ।



Sri Satguru Jagjit Singh Ji eLibrary NamdhariElibrary@gmail.com

**ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ॥**

ਮਹਿਲਾਂ ਵਾਲੇ ਜ਼ਮੀਨਾਂ ਵਿਚ ਸੁੱਤੇ ਪਏ ਹਨ :

**ਗੋਰਾਂ ਸੇ ਨਿਮਾਣੀਆ**

ਨਿਮਾਣੀਆਂ ਕਬਰਾਂ,

**ਬਹਸਨਿ ਰੂਹਾਂ ਮਲਿ॥**

ਨਿਮਾਣੀ ਕਬਰ ਵਿਚ ਰੂਹ ਬੈਠੀ ਹੈ। ਉਹ ਬੈਠੇ ਹਨ ਜਿਹੜੇ ਮਹਿਲਾਂ ਵਾਲੇ ਹਨ। ਉਹ ਬੈਠੇ ਹਨ ਜਿਨ੍ਹਾਂ ਦੇ ਰਾਜ-ਪਾਟ ਸਨ। ਉਹ ਬੈਠੇ ਹਨ ਜਿਨ੍ਹਾਂ ਦੀ ਹਕੂਮਤ ਸੀ। ਸਾਹਿਬ ਕਹਿੰਦੇ ਹਨ, ਜਿਨ੍ਹਾਂ ਦੇ ਸਿਰ ਉੱਪਰ ਕਈ-ਕਈ ਸਾਲ ਸੋਨੇ ਦੇ ਛਤਰ ਸਨ, ਉਨ੍ਹਾਂ ਦੀ ਕਬਰ ਉੱਪਰ ਕਿਸੇ ਨੇ ਛਾਂ ਵੀ ਨਹੀਂ ਕੀਤੀ।

ਸਾਹਿਬ ਕਹਿੰਦੇ ਹਨ ਕਿ ਔਰੰਗਜ਼ੇਬ ਦੀ ਕਬਰ ਉੱਤੇ ਬੈਠਾ ਹੋਇਆ ਬੰਦਾ ਵੀ ਪੈਸੇ ਮੰਗਦਾ ਹੈ। ਸਿੱਖਾਂ ਨੇ ਪੈਸੇ ਦਿੰਦਿਆਂ ਫੋਟੋਆਂ ਖਿੱਚੀਆਂ ਹਨ ਕਿ ਘੱਟੋ-ਘੱਟ ਇਸ ਗੱਲ ਦਾ ਪਤਾ ਲੱਗੇ ਕਿ ਜਿਸ ਦੇ ਹੁਕਮ ਦਾ ਡੰਕਾ ਵੱਜਦਾ ਸੀ, ਉਸ ਦੀ ਕਬਰ ਉੱਤੇ ਦੀਵਾ ਬਾਲਣ ਲਈ ਵੀ ਤੇਲ ਦੇ ਪੈਸੇ ਮੰਗਦੇ ਸਨ, ਪਰ ਜਿਸ ਦੇ ਪੁੱਤਰਾਂ ਨੂੰ ਸ਼ਹੀਦ ਕੀਤਾ, ਉਸ ਦੇ ਦਰ 'ਤੇ ਆ ਕੇ ਦੇਖੋ, ਹਰ ਸਮੇਂ ਲੰਗਰ ਚਲਦਾ ਹੈ।

**ਆਖੀਂ ਸੇਖਾ ਬੰਦਗੀ**

ਸੇਖਾ ਦਾ ਅਰਥ ਹੈ ਸ਼ੇਖ਼। ਫ਼ਰੀਦ ਜੀ ਕਹਿ ਰਹੇ ਹਨ :

**ਚਲਣੁ ਅਜੁ ਕਿ ਕਲਿ॥**

ਬਸ, ਅੱਜ ਬੰਦਗੀ ਕਰ ਲੈ, ਅੱਜ ਜਾਂ ਕੱਲ੍ਹ, ਪਰਸੋਂ ਨਹੀਂ, ਕਿਉਂਕਿ ਮੌਤ ਨਜ਼ਦੀਕ ਆ ਰਹੀ ਹੈ। ਇੰਨੀਆਂ ਕੁ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਭੁੱਲਾਂ ਦੀ ਮਾਫ਼ੀ ਬਖ਼ਸ਼ੋ।

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫ਼ਤਹਿ॥

☆☆☆



Sri Satguru Jagjit Singh Ji eLibrary NamdhariElibrary@gmail.com

ਸੰਪਾਦਕ




ਭਾਈ ਪਰਮਜੀਤ ਸਿੰਘ ਖ਼ਾਲਸਾ

ਪ੍ਰਧਾਨ, ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ)

ਮੋਬਾਇਲ: 94170 03113


## ਭਾਈ ਸਾਹਿਬ ਜੀ ਦੀਆਂ ਛੱਪੀਆਂ ਹੋਰ ਪੁਸਤਕਾਂ





ISBN 93-82289-33-3



Sri Satguru Jagjit Singh Ji eLibrary NamdhariElibrary@gmail.com